@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 31 March 2026
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 31 ਮਾਰਚ 2026, 15 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 145, qpatrika@gmail.com ਫੋਨ : 9971359517 www.qaumipatrika.org

# ਗੁਰੂਦਵਾਰਾ ਗਿਆਨ ਗੋਦੜੀ ਬਾਰੇ, ਜਥੇਦਾਰ ਸ਼੍ਰੀ ਅਕਾਲ ਤਖਤ ਚੁੱਪ ਕਿਉਂ ਹਨ ?

## ਹਰਿਦੁਆਰ ਵਿਸਾਖੀ ਵਾਲੇ ਦਿਨ 13 ਅਪ੍ਰੈਲ 2026 ਨੂੰ ਬਾਬਾ ਜੀ ਦੇ ਗੁਰਦੁਆਰਾ ਸਾਹਿਬ ਦਾ ਜਬਰਨ ਕਬਜ਼ਾ ਵਾਪਸ ਲਿਆ ਜਾਵੇਗਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 30 ਮਾਰਚ: ਹਰਿਦੁਆਰ ਦੇ ਹਰਿ ਕੀ ਪੌੜੀ 'ਤੇ ਸਿੱਖ ਇਤਿਹਾਸਕ ਧਰੋਹਰ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ ਜੀ ਦੇ ਮਾਮਲੇ 'ਚ ਸਿੱਖ ਸੰਸਥਾਵਾਂ ਦੀ ਚੁੱਪੀ ਨੇ ਪੂਰੀ ਸਿੱਖ ਕੌਮ ਵਿੱਚ ਗੰਭੀਰ ਚਿੰਤਾ ਅਤੇ ਗੁੱਸੇ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸਿੱਖ ਜਥੇਬੰਦੀਆਂ ਅਤੇ ਧਾਰਮਿਕ ਵਰਗਾਂ ਵੱਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਸ ਸੰਵੇਦਨਸ਼ੀਲ ਮਾਮਲੇ 'ਤੇ ਚੁੱਪ ਕਿਉਂ ਹਨ ? ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਾਮਲੇ 'ਤੇ ਕੋਈ ਕੁਛ ਨਹੀਂ ਕਰ ਰਹੀ। ਸਿੱਖ ਧਾਰਮਿਕ ਆਗੂਆਂ ਦਾ ਕਹਿਣਾ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਨਾਲ ਜੁੜਿਆ ਇਹ ਸਭ ਤੋਂ ਵੱਡਾ ਅਤੇ ਇਤਿਹਾਸਕ ਗੁਰਦੁਆਰਾ ਸੀ, ਜਿਸਨੂੰ ਨਵੰਬਰ 1984 ਦੇ ਸਮੇਂ ਤਬਾਹ ਕਰ ਦਿੱਤਾ ਗਿਆ। ਦੋਸ਼ ਲਗਾਇਆ ਜਾ ਰਿਹਾ ਹੈ ਕਿ ਗੁਰਦੁਆਰੇ ਦੀ ਜਗ?ਹਾ 'ਤੇ ਕਬਜ਼ਾ ਕਰਕੇ ਉੱਥੇ ਸਰਕਾਰੀ ਦਫ਼ਤਰ—ਭਾਰਤ ਸਕਾਊਟ ਐਂਡ ਗਾਈਡ ਦਾ ਦਫ਼ਤਰ ਬਣਾਇਆ ਗਿਆ ਅਤੇ ਬਾਕੀ ਜਗ?ਹਾ 'ਤੇ ਦੁਕਾਨਾਂ ਤਿਆਰ ਕਰਕੇ ਵੇਚ ਦਿੱਤੀਆਂ ਗਈਆਂ। ਇਸ ਮਾਮਲੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਜੀ ਦੀ ਚੁੱਪੀ ਵੀ ਸਵਾਲਾਂ ਦੇ ਘੇਰੇ 'ਚ ਹੈ। ਸਿੱਖ ਕੌਮ ਪੁੱਛ ਰਹੀ ਹੈ ਕਿ ਧਰਮਕ ਅਥਾਰਟੀ ਹੋਣ ਦੇ ਬਾਵਜੂਦ ਇਸ ਗੰਭੀਰ ਮਾਮਲੇ 'ਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ ? ਇਸਦੇ ਨਾਲ ਹੀ ਹਰਿਦੁਆਰ ਵਿੱਚ ਸਥਿਤ "ਨਾਨਕ ਵਾਰਾ "ਨਾਮ ਦੀ ਲਗਭਗ 50 ਏਕੜ ਜਮੀਨ, ਜੋ ਕਿ ਬਾਬਾ ਜੀ ਨਾਲ ਸੰਬੰਧਿਤ ਦੱਸੀ ਜਾਂਦੀ ਹੈ, ਉਸ 'ਤੇ ਵੀ ਕਬਜ਼ਾ ਹੋਣ ਦੇ ਦੋਸ਼ ਲਗੇ ਹਨ। ਕਿਹਾ ਜਾ ਰਿਹਾ ਹੈ ਕਿ ਲੋਕਾਂ ਨੇ ਉੱਥੇ ਬਸਤੀਆਂ ਬਣਾ ਲਈਆਂ ਹਨ ਅਤੇ ਇਹ ਸਭ ਕੁਝ ਉੱਤਰਾਖੰਡ ਸਰਕਾਰ ਦੀ ਮਦਦ ਨਾਲ ਹੋ ਰਿਹਾ ਹੈ। ਸਿੱਖ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਆਗੂ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਚੁੱਪੀ ਵੀ ਨਿਸ਼ਾਨੇ 'ਤੇ ਹੈ। ਕੌਮ ਵਿੱਚ ਇਹ ਭਾਵਨਾ ਮਜ਼ਬੂਤ ਹੋ ਰਹੀ ਹੈ ਕਿ ਸਿੱਖ ਹਿੱਤਾਂ ਦੇ ਮਸਲਿਆਂ 'ਤੇ ਆਗੂਆਂ ਨੇ ਚੁੱਪੀ ਧਾਰ ਲਈ ਹੈ। ਇਸ ਮਾਹੌਲ ਵਿੱਚ ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਵੱਡਾ ਐਲਾਨ ਕਰਦਿਆਂ ਕਿਹਾ ਹੈ ਕਿ 13 ਅਪ੍ਰੈਲ 2026 ਨੂੰ ਹਰਿ ਕੀ ਪੌੜੀ, ਹਰਿਦੁਆਰ ਵਿੱਚ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ ਦਾ ਕਬਜ਼ਾ ਵਾਪਸ ਲੈਣ ਲਈ ਵੱਡੀ ਕਾਰਵਾਈ ਕੀਤੀ ਜਾਵੇਗੀ ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਦੇਸ਼ ਭਰ ਵਿੱਚ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਵੱਡੀ ਗਿਣਤੀ ਵਿੱਚ ਹਰਿਦੁਆਰ ਪਹੁੰਚ ਕੇ ਇਸ ਕਾਰਵਾਈ ਦਾ ਦਾ ਹਿੱਸਾ ਬਣਨ। ਖਾਸ ਤੌਰ 'ਤੇ ਪੰਜਾਬ ਅਤੇ ਉੱਤਰਾਖੰਡ ਦੇ ਸਿੱਖਾਂ ਨੂੰ ਵੱਡੀ ਸੰਖਿਆ ਵਿੱਚ ਸ਼ਮੂਲੀਅਤ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਨੇ ਉੱਤਰਾਖੰਡ ਸਰਕਾਰ ਨੂੰ ਵੀ ਚੇਤਾਵਨੀ ਦਿੱਤੀ ਹੈ ਕਿ ਬਿਨਾਂ ਦੇਰੀ ਗੁਰਦੁਆਰਾ ਸਾਹਿਬ ਦੀ ਜਗਹਾ ਸਿੱਖ ਕੌਮ ਨੂੰ ਵਾਪਸ ਸੌਂਪੀ ਜਾਵੇ। ਇਹ ਮਾਮਲਾ ਹੁਣ ਸਿਰਫ ਧਾਰਮਿਕ ਹੀ ਨਹੀਂ ਬਲਕਿ ਸਿੱਖ ਅਸਤੀਤਵ ਅਤੇ ਇਤਿਹਾਸ ਨਾਲ ਜੁੜਿਆ ਵੱਡਾ ਮਸਲਾ ਬਣਦਾ ਜਾ ਰਿਹਾ ਹੈ, ਜਿਸ 'ਤੇ ਆਉਣ ਵਾਲੇ ਦਿਨਾਂ ਵਿੱਚ ਵੱਡੀ ਐਜੀਟੇਸ਼ਨ ਚਲਣ ਦੇ ਸੰਕੇਤ ਮਿਲ ਰਹੇ ਹਨ।



## 'ਦੇਸ਼ 'ਚੋਂ ਨਕਸਲਵਾਦ ਦੇ ਖਾਤਮੇ ਦੀ ਡੈੱਡਲਾਈਨ ਨੇੜੇ', ਅਮਿਤ ਸ਼ਾਹ ਨੇ ਲੋਕ ਸਭਾ 'ਚ ਪੇਸ਼ ਕੀਤਾ ਪੂਰਾ ਖਾਕਾ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 30 ਮਾਰਚ। ਲੋਕ ਸਭਾ 'ਚ ਨਿਯਮ 193 ਦੇ ਤਹਿਤ ਨਕਸਲਵਾਦ ਦੇ ਮੁੱਦੇ 'ਤੇ ਅਹਿਮ ਚਰਚਾ ਚੱਲ ਰਹੀ ਹੈ, ਜਿੱਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੇਸ਼ ਵਿੱਚੋਂ ਨਕਸਲਵਾਦ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਰਕਾਰ ਦੀ ਰਣਨੀਤੀ ਅਤੇ ਪ੍ਰਾਪਤੀਆਂ ਦਾ ਵੇਰਵਾ ਪੇਸ਼ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਗ੍ਰਹਿ ਮੰਤਰੀ ਨੇ ਇੱਕ ਸਾਲ ਪਹਿਲਾਂ ਐਲਾਨ ਕੀਤਾ ਸੀ ਕਿ 31 ਮਾਰਚ 2026 ਤੱਕ ਦੇਸ਼ ਵਿੱਚੋਂ ਨਕਸਲਵਾਦ ਦਾ ਪੂਰੀ ਤਰ੍ਹਾਂ ਅੰਤ ਕਰ ਦਿੱਤਾ ਜਾਵੇਗਾ, ਜਿਸ ਦੀ ਡੈੱਡਲਾਈਨ ਭਲਕੇ ਪੂਰੀ ਹੋ ਰਹੀ ਹੈ। ਅਮਿਤ ਸ਼ਾਹ ਸੰਸਦ ਵਿੱਚ ਬੋਲਦਿਆਂ ਅਮਿਤ ਸ਼ਾਹ ਨੇ ਖੁਸ਼ੀ ਜ਼ਾਹਰ ਕੀਤੀ ਕਿ ਬਸਤਰ ਵਰਗੇ ਇਲਾਕਿਆਂ ਵਿੱਚੋਂ ਹੁਣ ਨਕਸਲਵਾਦ ਲਗਭਗ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਦੀ ਵਕਾਲਤ ਕਰਦੇ ਸਨ ਅਤੇ



ਦੱਸਿਆ ਕਿ ਪ੍ਰਭਾਵਿਤ ਖੇਤਰਾਂ ਦੇ ਹਰ ਪਿੰਡ ਵਿੱਚ ਸਕੂਲ ਬਣਾਉਣ, ਰਾਸ਼ਨ ਦੀਆਂ ਦੁਕਾਨਾਂ ਖੋਲ੍ਹਣ ਅਤੇ ਗੈਸ ਦੇ ਚੁੱਲ੍ਹੇ ਵੰਡਣ ਦੀ ਮੁਹਿੰਮ ਤੇਜ਼ੀ ਨਾਲ ਚੱਲ ਰਹੀ ਹੈ। ਸ਼ਾਹ ਨੇ ਉਨ੍ਹਾਂ ਲੋਕਾਂ 'ਤੇ ਸਵਾਲ ਚੁੱਕੇ ਜੋ ਪਹਿਲਾਂ ਨਕਸਲਵਾਦ ਪੁੱਛਿਆ ਕਿ ਇਨ੍ਹਾਂ ਇਲਾਕਿਆਂ ਵਿੱਚ ਪਹਿਲਾਂ ਵਿਕਾਸ ਕਾਰਜ ਕਿਉਂ ਨਹੀਂ ਹੋਏ। ਸੁਰੱਖਿਆ ਬਲਾਂ ਦਾ ਅਹਿਮ ਯੋਗਦਾਨ ਗ੍ਰਹਿ ਮੰਤਰੀ ਨੇ ਛੱਤੀਸਗੜ੍ਹ, ਝਾਰਖੰਡ, ਤੇਲੰਗਾਨਾ, ਗੜ੍ਹਚਿਰੌਲੀ ਅਤੇ ਬਾਲਾਘਾਟ ਵਰਗੇ ਨਕਸਲ ਪ੍ਰਭਾਵਿਤ ਇਲਾਕਿਆਂ ਵਿੱਚ ਸੁਰੱਖਿਆ ਬਲਾਂ ਦੇ ਸਾਹਸ ਅਤੇ ਬਹਾਦਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਦੀ ਸਖ਼ਤੀ ਕਾਰਨ ਹੀ ਵੱਡੀ ਗਿਣਤੀ ਵਿੱਚ ਖ਼ਤਰਨਾਕ ਨਕਸਲੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਰਹੇ ਹਨ। ਚੰਦਰਸ਼ੇਖਰ ਆਜ਼ਾਦ ਨੇ ਚੁੱਕਿਆ ਆਦਿਵਾਸੀਆਂ ਦਾ ਮੁੱਦਾ ਦੂਜੇ ਪਾਸੇ, ਸੰਸਦ ਮੈਂਬਰ ਚੰਦਰਸ਼ੇਖਰ ਆਜ਼ਾਦ ਨੇ ਇਸ ਚਰਚਾ ਦੌਰਾਨ ਆਦਿਵਾਸੀਆਂ ਦੀ ਸੁਰੱਖਿਆ ਦਾ ਮੁੱਦਾ ਉਠਾਇਆ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਕਸਲਵਾਦ ਦੇ ਨਾਂ 'ਤੇ ਬੇਗੁਨਾਹ ਆਦਿਵਾਸੀਆਂ ਦੀ ਹੱਤਿਆ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਨਿਤੀਸ਼ ਕੁਮਾਰ ਨੇ ਬਿਹਾਰ ਵਿਧਾਨ ਪ੍ਰੀਸ਼ਦ ਤੋਂ ਦਿੱਤਾ ਅਸਤੀਫ਼ਾ

ਪਟਨਾ 30 ਮਾਰਚ। ਬਿਹਾਰ ਦੀ ਸਿਆਸਤ ਵਿੱਚ ਅੱਜ ਇੱਕ ਯੁੱਗ ਦਾ ਅੰਤ ਹੋਣ ਜਾ ਰਿਹਾ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸੋਮਵਾਰ (30 ਮਾਰਚ) ਨੂੰ ਬਿਹਾਰ ਵਿਧਾਨ ਪ੍ਰੀਸ਼ਦ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਰਾਜਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਸੰਵਿਧਾਨਕ ਨਿਯਮਾਂ ਤਹਿਤ ਉਨ੍ਹਾਂ ਲਈ ਇਹ ਅਸਤੀਫ਼ਾ ਦੇਣਾ ਲਾਜ਼ਮੀ ਸੀ। ਨਿਤੀਸ਼ ਕੁਮਾਰ ਨੇ ਆਪਣਾ ਅਸਤੀਫ਼ਾ ਕੌਂਸਲ ਦੇ ਚੇਅਰਮੈਨ ਅਵਧੇਸ਼ ਨਾਰਾਇਣ ਸਿੰਘ ਨੂੰ ਸੌਂਪ ਦਿੱਤਾ ਹੈ। ਨਿਤੀਸ਼ ਕੁਮਾਰ 16 ਮਾਰਚ ਨੂੰ ਰਾਜਸਭਾ ਲਈ ਨਿਰਵਿਰੋਧ ਚੁਣੇ ਗਏ ਸਨ।



'ਇਕੱਠੀ ਮੈਂਬਰਸ਼ਿਪ ਮਨਾਹੀ ਨਿਯਮ, 1950' ਅਨੁਸਾਰ, ਜੇਕਰ ਕੋਈ ਵਿਧਾਇਕ ਜਾਂ ਸੰਸਦ ਲਈ ਚੁਣਿਆ ਜਾਂਦਾ ਹੈ, ਤਾਂ ਉਸ ਨੂੰ 14 ਦਿਨਾਂ ਦੇ ਅੰਦਰ ਆਪਣੀ ਪੁਰਾਣੀ ਮੈਂਬਰਸ਼ਿਪ ਛੱਡਣੀ ਪੈਂਦੀ ਹੈ। ਅੱਜ 30 ਮਾਰਚ ਨੂੰ ਇਹ ਡੈੱਡਲਾਈਨ ਖ਼ਤਮ ਹੋ ਰਹੀ ਸੀ, ਜਿਸ ਕਾਰਨ ਨਿਤੀਸ਼ ਕੁਮਾਰ ਦੇ ਨਾਲ-ਨਾਲ ਭਾਜਪਾ ਦੇ ਸੀਨੀਅਰ ਆਗੂ ਨਿਤਿਨ ਨਬੀਨ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ। ਨਿਤੀਸ਼ ਕੁਮਾਰ ਦੇ ਅਸਤੀਫ਼ੇ ਤੋਂ ਬਾਅਦ ਹੁਣ ਸਭ ਦੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਬਿਹਾਰ ਦੀ ਕਮਾਨ ਕਿਸ ਦੇ ਹੱਥ ਆਵੇਗੀ। ਸੂਤਰਾਂ ਮੁਤਾਬਕ ਮੌਜੂਦਾ ਉਪ-ਮੁੱਖ ਮੰਤਰੀ ਅਤੇ ਭਾਜਪਾ ਆਗੂ ਸਮਰਾਟ ਚੌਧਰੀ ਦਾ ਨਾਂ ਮੁੱਖ ਮੰਤਰੀ ਦੀ ਰੇਸ ਵਿੱਚ ਸਭ ਤੋਂ ਅੱਗੇ ਹੈ। ਕੁਸ਼ਵਾਹਾ ਭਾਈਚਾਰੇ ਦਾ ਵੱਡਾ ਚਿਹਰਾ ਹੋਣ ਕਾਰਨ ਭਾਜਪਾ ਉਨ੍ਹਾਂ 'ਤੇ ਦਾਅ ਖੇਡ ਸਕਦੀ ਹੈ। ਨਿਤੀਸ਼ ਕੁਮਾਰ ਦੇ ਬੇਟੇ ਨਿਸ਼ਾਂਤ ਕੁਮਾਰ ਨੂੰ ਨਵੇਂ ਉਪ-ਮੁੱਖ ਮੰਤਰੀ ਵਜੋਂ ਦੇਖਿਆ ਜਾ ਰਿਹਾ ਹੈ, ਹਾਲਾਂਕਿ ਇਸ ਅਹੁਦੇ ਲਈ ਇੱਕ ਤੋਂ ਵੱਧ ਦਾਅਵੇਦਾਰ ਹੋ ਸਕਦੇ ਹਨ। ਸਾਲ 2005 ਤੋਂ ਨਿਤੀਸ਼ ਕੁਮਾਰ ਦੇ ਪਿੱਛੇ ਰਹਿ ਕੇ ਰਾਜਨੀਤੀ ਕਰਨ ਵਾਲੀ ਭਾਜਪਾ ਹੁਣ ਪਹਿਲੀ ਵਾਰ ਬਿਹਾਰ ਦੀ ਸੱਤਾ ਵਿੱਚ 'ਡਰਾਈਵਰ ਸੀਟ' ਸੰਭਾਲਣ ਦੀ ਤਿਆਰੀ ਵਿੱਚ ਹੈ। ਮੰਨਿਆ ਜਾ ਰਿਹਾ ਹੈ ਕਿ ਨਿਤੀਸ਼ ਕੁਮਾਰ 10 ਅਪ੍ਰੈਲ ਨੂੰ ਰਾਜਸਭਾ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਬਾਅਦ ਮੁੱਖ ਮੰਤਰੀ ਦਾ ਅਹੁਦਾ ਛੱਡ ਸਕਦੇ ਹਨ।

## ਨਵੇਂ ਪ੍ਰਾਜੈਕਟ ਨਾਲ 83 ਪਿੰਡਾਂ ਦੀ 40,066 ਏਕੜ ਜ਼ਮੀਨ ਨੂੰ ਮਿਲੇਗਾ ਨਹਿਰੀ ਪਾਣੀ ਦਾ ਤੋਹਫਾ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ

ਸਨੌਰ (ਪਟਿਆਲਾ), 30 ਮਾਰਚ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਟਿਆਲਾ ਦੇ ਸਨੌਰ ਹਲਕੇ ਵਿੱਚ ਵਿਆਪਕ ਬੁਨਿਆਦੀ ਢਾਂਚੇ ਅਤੇ ਸਿੰਚਾਈ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਕੇ ਪੰਜਾਬ ਦੇ ਵਿਕਾਸ ਵਿੱਚ ਜ਼ਮੀਨੀ ਪੱਧਰ 'ਤੇ ਤੇਜ਼ੀ ਲਿਆਂਦੀ। ਇਸ ਮੌਕੇ ਉਨ੍ਹਾਂ ਨੇ 87 ਕਰੋੜ ਰੁਪਏ ਦੇ ਸੜਕ ਨਵੀਨੀਕਰਨ ਕਾਰਜਾਂ ਦੇ ਨਾਲ-ਨਾਲ 27 ਕਰੋੜ ਰੁਪਏ ਦੇ ਨਹਿਰੀ ਲਾਈਨਿੰਗ ਪ੍ਰਾਜੈਕਟਾਂ ਦਾ ਐਲਾਨ ਕੀਤਾ ਜਿਸ ਨਾਲ 83 ਪਿੰਡਾਂ ਵਿੱਚ 40,066 ਏਕੜ ਰਕਬੇ ਨੂੰ ਸਿੰਚਾਈ ਲਈ ਪਾਣੀ ਮਿਲੇਗਾ। ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਮੌਜੂਦਾ ਸਮੇਂ ਦੇ ਮਿਸਾਲੀ ਬਦਲਾਅ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਭ੍ਰਿਸ਼ਟਾਚਾਰ ਕਾਰਨ ਥੋੜ੍ਹੇ ਹੀ ਦਿਨਾਂ ਵਿੱਚ ਸੜਕਾਂ ਦੀ ਹਾਲਤ ਖਸਤਾ ਹੋ ਜਾਂਦੀ ਸੀ ਪਰ ਪੰਜਾਬ ਸਰਕਾਰ ਵੱਲੋਂ ਠੇਕੇਦਾਰਾਂ ਲਈ ਸੜਕਾਂ ਦੇ ਪੰਜ ਸਾਲਾਂ ਦੇ ਲਾਜ਼ਮੀ ਰੱਖ-ਰਖਾਅ ਸਬੰਧੀ ਧਾਰਾ ਲਾਗੂ ਕੀਤੀ ਗਈ ਹੈ ਜਿਸ ਨਾਲ ਜਵਾਬਦੇਹੀ ਵਿੱਚ ਵਾਧਾ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ 'ਆਪ' ਸਰਕਾਰ ਨੇ ਨਾ ਸਿਰਫ਼ ਸਿੰਚਾਈ ਅਧੀਨ ਰਕਬਾ ਪਹਿਲਾਂ 21,050 ਏਕੜ ਤੋਂ ਵਧਾ ਦਿੱਤਾ ਹੈ, ਸਗੋਂ ਕਾਨੂੰਨੀ ਲੜਾਈ ਰਾਹੀਂ ਹਰਿਆਣਾ ਨੂੰ ਦਿੱਤੇ ਜਾਂਦੇ ਭਾਖੜਾ ਨਹਿਰ ਦੇ ਪਾਣੀ ਦਾ ਪੰਜਾਬ ਦਾ 25 ਫੀਸਦ ਹਿੱਸਾ ਵੀ ਪ੍ਰਾਪਤ ਕੀਤਾ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦਾ ਹੱਕ ਮਿਲ ਸਕੇ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੀ ਬੇਮਿਸਾਲ ਤਰੱਕੀ ਨੂੰ ਦੇਖ ਕੇ ਰਵਾਇਤੀ ਪਾਰਟੀਆਂ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੀਆਂ ਹਨ। ਅੱਜ, ਪੰਜਾਬ ਦੇ ਵਿਕਾਸ ਦੀ ਗੱਡੀ ਮੁੜ ਲੀਹਾਂ 'ਤੇ ਆ ਗਈ ਹੈ ਅਤੇ ਹਰ ਗੁਜ਼ਰਦੇ ਦਿਨ ਨਾਲ ਇਹ ਗਤੀ ਹੋਰ ਤੇਜ਼ ਹੋ ਰਹੀ ਹੈ। ਵਿਰੋਧੀ ਪਾਰਟੀਆਂ ਨੂੰ ਇਹ ਗੱਲ ਹਜ਼ਮ ਨਹੀਂ ਆ ਰਹੀ, ਜਿਸ ਕਾਰਨ ਉਹ ਰੋਜ਼ਾਨਾ ਬੇਬੁਨਿਆਦ ਅਤੇ ਤਰਕਹੀਣ ਬਿਆਨ ਜਾਰੀ ਕਰ ਰਹੀਆਂ ਹਨ। ਇਹ ਵਿਰੋਧੀ ਪਾਰਟੀਆਂ ਵਿੱਚ ਨਿਰਾਸ਼ਾ ਨੂੰ ਦਰਸਾਉਂਦਾ ਹੈ ਜੋ ਸੂਬੇ ਦੇ ਵਿਕਾਸ ਅਤੇ ਇਸਦੇ ਲੋਕਾਂ ਦੀ ਖੁਸ਼ਹਾਲੀ ਤੋਂ ਈਰਖਾ ਕਰਦੀਆਂ ਹਨ। ਸਨੌਰ ਹਲਕੇ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਅੱਜ ਸਨੌਰ ਹਲਕੇ ਵਿੱਚ 49.60 ਕਰੋੜ ਰੁਪਏ ਦੀ ਲਾਗਤ ਨਾਲ ਕਈ ਨਵੀਆਂ ਲਿੰਕ ਸੜਕਾਂ ਬਣਾਈਆਂ ਜਾਣਗੀਆਂ ਅਤੇ ਕੁਝ ਮੌਜੂਦਾ ਸੜਕਾਂ ਨੂੰ ਨਵਾਂ ਰੂਪ ਦਿੱਤਾ ਜਾਵੇਗਾ। ਲੋਕ ਜਲਦ ਹੀ ਆਪਣੇ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਵਿੱਚ ਪ੍ਰਤੱਖ ਬਦਲਾਅ ਦੇਖਣਗੇ। ਮੁੱਖ ਪਟਿਆਲਾ-ਪਿਹੋਵਾ ਸੜਕ ਨੂੰ ਨਵਾਂ ਰੂਪ ਦਿੱਤਾ ਜਾਵੇਗਾ ਅਤੇ ਦਿੱਲੀ ਜਾਣ ਵਾਲੀ ਆਵਾਜਾਈ ਨੂੰ ਆਸਾਨ ਬਣਾਉਣ ਲਈ ਜਲਦ ਹੀ ਇਸ ਨੂੰ ਚਾਰ-ਮਾਰਗੀ ਕੀਤਾ ਜਾਵੇਗਾ। Contd..............page-3

## ਦੇਸ਼ ਦੀਆਂ ਸਭ ਤੋਂ ਵੱਧ ਮਹਿਲਾ ਪੱਖੀ ਡੀ.ਬੀ.ਟੀ. ਸਕੀਮਾਂ ਵਿੱਚ ਸ਼ਾਮਲ ਇਹ ਯੋਜਨਾ ਵਿੱਤੀ ਆਜ਼ਾਦੀ ਅਤੇ ਮਾਣ-ਸਨਮਾਨ ਵਿੱਚ ਵਾਧਾ ਕਰੇਗੀ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 30 ਮਾਰਚ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਅੱਜ ਪੰਜਾਬ ਭਰ ਵਿੱਚ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਨੂੰ ਮਨਜ਼ੂਰੀ ਦੇ ਕੇ ਇਸ ਯੋਜਨਾ ਨੂੰ ਸ਼ੁਰੂ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਹੈ। ਇਸ ਯੋਜਨਾ ਤਹਿਤ ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਨੂੰ ਹਰੇਕ ਮਹੀਨੇ 1500 ਰੁਪਏ ਅਤੇ ਬਾਕੀ ਸਾਰੀਆਂ ਔਰਤਾਂ ਨੂੰ 1000 ਰੁਪਏ ਸਨਮਾਨ ਰਾਸ਼ੀ ਮਿਲੇਗੀ। ਇਸ ਯੋਜਨਾ ਨਾਲ ਪੰਜਾਬ ਦੀਆਂ 97 ਫੀਸਦ ਤੋਂ ਵੱਧ ਔਰਤਾਂ ਨੂੰ ਲਾਭ ਹੋਵੇਗਾ। ਇਹ ਫੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਕਿਹਾ, "ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਸੂਬਾ ਭਰ ਵਿੱਚ ਸ਼ੁਰੂ ਕੀਤੀ ਜਾਵੇਗੀ। ਇਸ ਯੋਜਨਾ ਤਹਿਤ ਅਨੁਸੂਚਿਤ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਬਾਕੀ ਸਾਰੀਆਂ ਔਰਤਾਂ ਨੂੰ 1000 ਰੁਪਏ ਮਹੀਨਾਵਾਰ ਸਨਮਾਨ ਰਾਸ਼ੀ ਦਿੱਤੀ ਜਾਵੇਗੀ। ਇਹ ਯੋਜਨਾ ਔਰਤਾਂ ਨੂੰ ਸੁਤੰਤਰ ਅਤੇ ਸਸ਼ਕਤ ਬਣਾ ਕੇ ਉਨ੍ਹਾਂ ਦੀ ਪ੍ਰਗਤੀ ਵਿੱਚ ਅਹਿਮ ਯੋਗਦਾਨ ਪਾਵੇਗੀ। ਇਹ ਸਕੀਮ ਔਰਤਾਂ ਨੂੰ ਵਿੱਤੀ ਪੱਖੋਂ ਮਜ਼ਬੂਤ ਕਰੇਗੀ, ਜਿਸ ਨਾਲ ਉਹ ਬੱਚਤ ਅਤੇ ਨਿਵੇਸ਼ ਕਰ ਸਕਣਗੀਆਂ ਅਤੇ ਇਹ ਔਰਤਾਂ ਨੂੰ ਉਨ੍ਹਾਂ ਦੀਆਂ ਘਰ-ਪਰਿਵਾਰ ਲਈ



ਲੋੜੀਂਦੀਆਂ ਇੱਛਾਵਾਂ ਨੂੰ ਪੂਰਾ ਕਰਨ ਦੇ ਸਮਰੱਥ ਬਣਾਏਗੀ। ਉਨ੍ਹਾਂ ਅੱਗੇ ਕਿਹਾ, "ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸਮਾਜਿਕ ਭਲਾਈ ਅਤੇ ਮਨੁੱਖੀ ਵਿਕਾਸ ਦੇ ਖੇਤਰ ਵਿੱਚ ਬੇਮਿਸਾਲ ਪ੍ਰਗਤੀ ਕੀਤੀ ਗਈ ਹੈ; ਹਾਲਾਂਕਿ, ਸੂਬੇ ਭਰ ਵਿੱਚ ਵੱਡੀ ਗਿਣਤੀ ਔਰਤਾਂ, ਖਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਔਰਤਾਂ, ਨੂੰ ਵਿੱਤੀ ਸੁਰੱਖਿਆ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰਕ ਭਲਾਈ ਵਿੱਚ ਸੁਧਾਰ ਕਰਨ, ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ ਅਤੇ ਆਰਥਿਕ ਫੈਸਲਾ ਲੈਣ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਔਰਤਾਂ ਨੂੰ ਵਿੱਤੀ ਪੱਖੋਂ ਮਜ਼ਬੂਤ ਕਰਨਾ ਬੇਹੱਦ ਜ਼ਰੂਰੀ ਹੈ। ਇਸ ਪਹਿਲਕਦਮੀ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਅੱਗੇ ਕਿਹਾ, "ਇਸ ਯੋਜਨਾ ਨਾਲ 97 ਫੀਸਦ ਤੋਂ ਵੱਧ ਔਰਤਾਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ, ਜੋ ਇਸ ਨੂੰ ਦੇਸ਼ ਦੀ ਸਭ ਤੋਂ ਮਹਿਲਾ ਪੱਖੀ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਵਿੱਚ ਸ਼ੁਮਾਰ ਕਰਦਾ ਹੈ। ਇਹ ਯੋਜਨਾ ਸੂਬਾ ਭਰ ਵਿੱਚ ਔਰਤਾਂ ਨੂੰ ਸਿੱਧੀ ਆਰਥਿਕ ਇਮਦਾਦ ਯਕੀਨੀ ਬਣਾਉਣ ਵੱਲ ਅਹਿਮ ਕਦਮ ਹੈ ਅਤੇ ਔਰਤਾਂ ਦੇ ਸਸ਼ਕਤੀਕਰਨ ਤਹਿਤ ਉਨ੍ਹਾਂ ਲਈ ਵਿੱਤੀ ਆਜ਼ਾਦੀ ਨੂੰ ਯਕੀਨੀ ਬਣਾਉਣ ਪ੍ਰਤੀ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਇਹ ਯੋਜਨਾ ਸਿੱਧਾ ਲਾਭ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਹੈ, ਜਿਸ ਤਹਿਤ ਵਿੱਤੀ ਸਹਾਇਤਾ ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾਵੇਗੀ। Contd..........page-3

# ਭਾਰਤ ਪਹੁੰਚਿਆ ਈਰਾਨ ਜੰਗ ਦਾ ਸੇਕ, ਭਾਰੀ ਸੰਕਟ ਹੇਠ ਆਏ ਦੇਸ਼ ਦੇ ਇਹ ਸੈਕਟਰ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 30 ਮਾਰਚ। ਮੱਧ ਪੂਰਬ (ਪੱਛਮੀ ਏਸ਼ੀਆ) ਵਿੱਚ ਵਧਦਾ ਤਣਾਅ ਹੁਣ ਸਿਰਫ਼ ਇੱਕ ਖੇਤਰੀ ਮੁੱਦਾ ਨਹੀਂ ਰਿਹਾ, ਸਗੋਂ ਵਿਸ਼ਵ ਅਰਥਵਿਵਸਥਾ ਦੀਆਂ ਨੀਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਨਾ ਤਾਂ ਈਰਾਨ, ਨਾ ਹੀ ਅਮਰੀਕਾ ਅਤੇ ਨਾ ਹੀ ਇਜ਼ਰਾਈਲ ਪਿਛਲੇ ਦੋ ਹਫ਼ਤਿਆਂ ਤੋਂ ਚੱਲ ਰਹੇ ਸੰਘਰਸ਼ ਤੋਂ ਪਿੱਛੇ ਹਟਣ ਦੇ ਕੋਈ ਸੰਕੇਤ ਦਿਖਾ ਰਹੇ ਹਨ। ਇਸ ਅਨਿਸ਼ਚਿਤਤਾ ਨੇ ਕੱਚੇ ਤੇਲ ਦੀਆਂ ਕੀਮਤਾਂ ਨੂੰ ਸਭ ਤੋਂ ਵੱਡਾ ਝਟਕਾ ਦਿੱਤਾ ਹੈ, ਜੋ ਇੱਕ ਵਾਰ ਫਿਰ £100 ਪ੍ਰਤੀ ਬੈਰਲ ਦੇ ਮਨੋਵਿਗਿਆਨਕ ਅੰਕੜੇ ਨੂੰ ਪਾਰ ਕਰ ਗਈਆਂ ਹਨ। ਇਹ ਸਥਿਤੀ ਭਾਰਤ ਲਈ ਖਾਸ ਤੌਰ ’ਤੇ ਚਿੰਤਾਜਨਕ ਹੈ, ਕਿਉਂਕਿ ਭਾਰਤ ਆਪਣੀਆਂ ਊਰਜਾ ਜ਼ਰੂਰਤਾਂ ਦਾ ਇੱਕ ਮਹੱਤਵਪੂਰਨ ਹਿੱਸਾ ਆਯਾਤ ਕਰਦਾ ਹੈ। ਵਿਸ਼ਵ ਤੇਲ ਅਤੇ ਗੈਸ ਵਪਾਰ ਦੀ ਜੀਵਨ ਰੇਖਾ, ਹੋਰਮੁਜ਼ ਜਲਡਮਰੂ ਵਿੱਚ ਤਣਾਅ ਨੇ ਸਪਲਾਈ ਲੜੀ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਭਾਰਤ ਆਪਣੀਆਂ ਤੇਲ ਅਤੇ ਗੈਸ ਜ਼ਰੂਰਤਾਂ ਦਾ ਲਗਭਗ 80% ਆਯਾਤ ਕਰਦਾ ਹੈ। ਨਤੀਜੇ ਵਜੋਂ, ਖਾਦ ਪਲਾਂਟਾਂ ਤੋਂ ਲੈ ਕੇ ਟਾਈਲ ਫੈਕਟਰੀਆਂ ਤੱਕ, ਹਰ ਜਗ?ਹਾ ਗੈਸ ਦੀ ਕਮੀ ਦੇਖਣ ਨੂੰ ਮਿਲੀ ਹੈ। ਇੱਥੋਂ ਤੱਕ ਕਿ ਰੈਸਟੋਰੈਂਟ ਉਦਯੋਗ ਵੀ ਪ੍ਰਭਾਵਿਤ ਹੋਇਆ ਹੈ; ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ ਆਫ ਇੰਡੀਆ ਨੇ ਆਪਣੇ ਮੈਂਬਰਾਂ ਨੂੰ ਮੇਨੂ ਘਟਾਉਣ ਅਤੇ ਕੰਮਕਾਜ ਨੂੰ ਬਣਾਈ ਰੱਖਣ ਲਈ ਬਿਜਲੀ ਉਪਕਰਣਾਂ ’ਤੇ ਆਪਣੀ ਨਿਰਭਰਤਾ ਵਧਾਉਣ ਦੀ ਸਲਾਹ ਵੀ ਦਿੱਤੀ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਗੈਸ ਦੀ ਘਾਟ ਨੇ ਸ਼ਮਸ਼ਾਨਘਾਟਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਈ ਸ਼ਹਿਰਾਂ ਵਿੱਚ ਗੈਸ-ਅਧਾਰਤ ਸ਼ਮਸ਼ਾਨਘਾਟ ਨੂੰ LPG ਦੀ ਗੰਭੀਰ ਘਾਟ ਕਾਰਨ ਬੰਦ ਕਰਨਾ ਪਿਆ ਹੈ। ਇੱਕ ਵਿਕਲਪ ਵਜੋਂ, ਲੋਕ ਹੁਣ ਰਵਾਇਤੀ ਲੱਕੜ ਦੀ ਵਰਤੋਂ ਕਰਨ ਲਈ ਵਾਪਸ ਜਾਣ ਲਈ ਮਜਬੂਰ ਹਨ, ਜੋ ਕਿ ਨਾ ਸਿਰਫ਼ ਅਸੁਵਿਧਾਜਨਕ ਹੈ ਬਲਕਿ ਵਾਤਾਵਰਣ ਲਈ ਵੀ ਚੁਣੌਤੀਪੂਰਨ ਹੈ। ਮੱਧ ਪੂਰਬ ਤੋਂ ਉਡਾਨਾਂ ਲਈ ਜੋਖਮ ਵਧ ਗਿਆ ਹੈ, ਜਿਸ ਨਾਲ ਏਅਰਲਾਈਨ ਬੀਮਾ ਪ੍ਰੀਮੀਅਮ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਜੈੱਟ ਫਿਊਲ (1“6) ਦੀਆਂ ਅਸਮਾਨ ਛੂਹਦੀਆਂ ਕੀਮਤਾਂ ਨੇ ਹਵਾਈ ਕਿਰਾਏ ਨੂੰ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ। ਜੰਗ ਕਾਰਨ ਵਿਸ਼ਵ ਪੱਧਰ ’ਤੇ ਲਗਭਗ 46,000 ਉਡਾਨਾਂ ਰੱਦ ਹੋ ਗਈਆਂ ਹਨ, ਜਿਸ ਨਾਲ ਅੰਤਰਰਾਸ਼ਟਰੀ ਯਾਤਰਾ ਅਤੇ ਸੈਰ-ਸਪਾਟਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਆਮ ਤੌਰ ’ਤੇ, ਯੁੱਧ ਦੇ ਸਮੇਂ, ਲੋਕ ਸੋਨੇ ਨੂੰ ਸਭ ਤੋਂ ਸੁਰੱਖਿਅਤ ਨਿਵੇਸ਼ ਮੰਨਦੇ ਹਨ, ਜਿਸ ਨਾਲ ਕੀਮਤਾਂ ਵੱਧ ਜਾਂਦੀਆਂ ਹਨ। ਹਾਲਾਂਕਿ, ਇਸ ਵਾਰ ਕਹਾਣੀ ਥੋੜ੍ਹੀ ਵੱਖਰੀ ਹੈ। ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨੇ ਵਿਸ਼ਵਵਿਆਪੀ ਮਹਿੰਗਾਈ ਵਧਣ ਦਾ ਡਰ ਪੈਦਾ ਕੀਤਾ ਹੈ। ਨਤੀਜੇ ਵਜੋਂ, ਅਮਰੀਕੀ ਫੈਡਰਲ ਰਿਜ਼ਰਵ ਦੁਆਰਾ ਵਿਆਜ ਦਰ ਵਿੱਚ ਕਟੌਤੀ ਦੀ ਸੰਭਾਵਨਾ ਘੱਟ ਗਈ ਹੈ, ਜਿਸ ਨਾਲ ਡਾਲਰ ਮਜ਼ਬੂਤ ??ਹੋਇਆ ਹੈ। ਗੋਲਡਮੈਨ ਸਾਕਸ ਵਰਗੀਆਂ ਸੰਸਥਾਵਾਂ ਦਾ ਮੰਨਣਾ ਹੈ ਕਿ ਸਤੰਬਰ ਤੋਂ ਪਹਿਲਾਂ ਦਰਾਂ ਵਿੱਚ ਕਟੌਤੀ ਅਸੰਭਵ ਹੈ। ਡਾਲਰ ਦਾ ਇਹ ਮਜ਼ਬੂਤ ??ਦਬਾਅ ਇਸ ਸਮੇਂ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਨੂੰ ਹੇਠਾਂ ਲਿਆ ਰਿਹਾ ਹੈ। 2047 ਤੱਕ ਵਿਕਸਤ ਅਰਥਵਿਵਸਥਾ ਬਣਨ ਦੇ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਭਾਰਤ ਨੂੰ 8 ਤੋਂ 11 ਪ੍ਰਤੀਸ਼ਤ ਦੀ ਸਾਲਾਨਾ GDP ਵਿਕਾਸ ਦਰ ਦੀ ਲੋੜ ਹੈ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਜੇਕਰ ਕੱਚੇ ਤੇਲ ਦੀਆਂ ਕੀਮਤਾਂ £100 ਦੇ ਆਸ-ਪਾਸ ਰਹਿੰਦੀਆਂ ਹਨ, ਤਾਂ ਭਾਰਤ ਦੀ GDP ਵਿਕਾਸ ਦਰ ਲਗਭਗ 0.60% (60 ਆਧਾਰ ਅੰਕ) ਘਟ ਸਕਦੀ ਹੈ। ਇਹ ਗਿਰਾਵਟ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦੀ ਹੈ, ਜਿਸ ਨਾਲ ਰੁਜ਼ਗਾਰ ਅਤੇ ਨਿਵੇਸ਼ ਦੋਵਾਂ ’ਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ।

## ਨਸ਼ੇ ਵਾਲੇ ਪਦਾਰਥਾਂ ਸਣੇ 4 ਵਿਅਕਤੀ ਗ੍ਰਿ਼ਫਤਾਰ

ਮਾਨਸਾ 30 ਮਾਰਚ। ਮਾਨਸਾ ਪੁਲਸ ਵੱਲੋਂ ਵੱਖ-ਵੱਖ ਥਾਣਿਆ ’ਚ 5 ਮੁਕੱਦਮੇ ਦਰਜ ਕਰ ਕੇ 4 ਵਿਅਕਤੀਆਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ 22.50 ਗ੍ਰਾਮ ਹੈਰੋਇਨ, 12 ਬੋਤਲਾਂ ਸ਼ਰਾਬ ਠੇਕਾ ਦੇਸੀ ਪੰਜਾਬ ਅਤੇ 30 ਲੀਟਰ ਲਾਹਣ ਬਰਾਮਦ ਕਰਨ ’ਚ ਸਫ਼ਲਤਾ ਹਾਸਲ ਕੀਤੀ ਗਈ ਹੈ। ਸੀਨੀਅਰ ਕਪਤਾਨ ਪੁਲਸ ਮਾਨਸਾ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਹੈ ਕਿ ਥਾਣਾ ਝੁਨੀਰ ਦੀ ਪੁਲਸ ਟੀਮ ਨੇ ਸਤਨਾਮ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਨੰਗਲ ਕਲਾਂ ਕੋਲੋਂ 10 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਝੁਨੀਰ ਤਹਿਤ ਦਰਜ ਕਰ ਕੇ ਜਾਂਚ ਅਮਲ ’ਚ ਲਿਆਂਦੀ ਹੈ। ਥਾਣਾ ਬੋਹਾ ਦੀ ਪੁਲਸ ਟੀਮ ਨੇ ਕਰਮਜੀਤ ਸਿੰਘ ਉਰਫ਼ ਕੰਮਾ ਪੁੱਤਰ ਉੱਤਮ ਸਿੰਘ ਪੁੱਤਰ ਜੱਗਰ ਸਿੰਘ ਵਾਸੀ ਵਾਰਡ ਨੰਬਰ 07, ਬੋਹਾ ਕੋਲੋਂ 5.50 ਗ੍ਰਾਮ ਹੈਰੋਇਨ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਬੋਹਾ ਦਰਜ ਕੀਤਾ ਹੈ। ਥਾਣਾ ਭੀਖੀ ਦੀ ਪੁਲਸ ਟੀਮ ਨੇ ਸੁਖਚੈਨ ਸਿੰਘ ਉਰਫ਼ ਸੁੱਖਾ ਪੁੱਤਰ ਹਰਨੇਕ ਸਿੰਘ ਵਾਸੀ ਮੱਤੀ ਕੋਲੋਂ 12 ਬੋਤਲਾਂ ਸ਼ਰਾਬ ਠੇਕਾ ਦੇਸੀ ਪੰਜਾਬ ਰਾਂਝਾ ਸੌਫੀ ਬਰਾਮਦ ਹੋਣ ’ਤੇ ਮੁਕੱਦਮਾ ਆਬਕਾਰੀ ਐਕਟ ਥਾਣਾ ਭੀਖੀ ਤਹਿਤ ਦਰਜ ਕਰ ਲਿਆ ਹੈ। ਥਾਣਾ ਸਦਰ ਮਾਨਸਾ ਦੀ ਪੁਲਸ ਟੀਮ ਨੇ ਰਾਜ ਸਿੰਘ ਉਰਫ਼ ਲਾਲੀ ਪੁੱਤਰ ਸਰਵਣ ਸਿੰਘ ਵਾਸੀ ਤਾਮਕੋਟ ਦੇ ਘਰੋਂ 30 ਲੀਟਰ ਲਾਹਣ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਸਦਰ ਮਾਨਸਾ ਦਰਜ ਕੀਤਾ ਹੈ। ਥਾਣਾ ਸਰਦੂਲਗੜ੍ਹ ਦੀ ਪੁਲਸ ਟੀਮ ਨੇ ਸਤਵੀਰ ਪੁੱਤਰ ਜਗਦੀਸ਼ ਪੁੱਤਰ ਸੱਦਤ ਵਾਸੀ ਵਾਰਡ ਨੰਬਰ 09 ਝੰਡਾ ਖੁਰਦ ਕੋਲੋਂ 07 ਗ੍ਰਾਮ ਹੈਰੋਇਨ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਸਰਦੂਲਗੜ੍ਹ ਤਹਿਤ ਦਰਜ ਕਰ ਲਿਆ ਹੈ।

## ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਨੇ ਚਲਾਈ ਵਿਸ਼ੇਸ਼ ਸੈਂਪਲਿੰਗ ਮੁਹਿੰਮ, 11 ਫੂਡ ਸੈਂਪਲ ਲੈ ਕੇ ਜਾਂਚ ਲਈ ਭੇਜੇ

**ਕੌਮੀ ਪਤ੍ਰਿਕਾ**

ਲੁਧਿਆਣਾ 30 ਮਾਰਚ। ਜਨਤਾ ਨੂੰ ਸੁਰੱਖਿਅਤ ਅਤੇ ਮਾਣਕ ਪਦਾਰਥ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਫੂਡ ਸੇਫਟੀ ਟੀਮ ਲੁਧਿਆਣਾ ਵੱਲੋਂ ਜ਼ਿਲਾ ਸਿਹਤ ਅਧਿਕਾਰੀ ਡਾ. ਸੰਦੀਪ ਸਿੰਘ ਦੀ ਅਗਵਾਈ ਵਿਚ ਵਿਸ਼ੇਸ਼ ਸੈਂਪਲਿੰਗ ਮੁਹਿੰਮ ਚਲਾਈ ਗਈ। ਜਾਣਕਾਰੀ ਦਿੰਦੇ ਹੋਏ ਡਾ. ਸੰਦੀਪ ਸਿੰਘ ਨੇ ਦੱਸਿਆ ਕਿ ਟੀਮ ਵੱਲੋਂ ਬੀ.ਆਰ.ਐੱਸ. ਨਗਰ, ਸੁਨੇਤ ਅਤੇ ਪੱਖੋਵਾਲ ਰੋਡ ਇਲਾਕਿਆਂ ਤੋਂ ਕੁਲ ਪੰਜ ਸੈਂਪਲ ਲਏ ਗਏ ਜਿਨ੍ਹਾਂ ਵਿਚ ਸ਼ੱਕਰ, ਦੁੱਧ, ਪਨੀਰ, ਮੋਜਰੇਲਾ ਚੀਜ਼ ਅਤੇ ਆਇਸਕ੍ਰੀਮ ਸ਼ਾਮਲ ਹਨ। ਇਹ ਪਦਾਰਥ ਆਮ ਵਰਤੋਂ ਵਿਚ ਹੋਣ ਕਾਰਨ ਨਿਯਮਤ ਰੂਪ ਨਾਲ ਜਾਂਚ ਦੇ ਅਧੀਨ ਰੱਖੇ ਜਾਂਦੇ ਹਨ। ਉਨ੍ਹਾਂ ਨੇ ਅੱਗੇ ਦੱਸਿਆ ਕਿ ਮਾਛੀਵਾੜਾ ਸਾਹਿਬ ਅਤੇ ਕੋਹਾੜਾ ਰੋਡ ਇਲਾਕਿਆਂ ਵਿਚ ਕੀਤੀ ਗਈ ਵੱਖਰੀ ਕਾਰਵਾਈ ਦੌਰਾਨ ਟੀਮ ਵੱਲੋਂ ਛੇ ਹੋਰ ਸੈਂਪਲ ਵੀ ਇਕੱਤਰ ਕੀਤੇ ਗਏ। ਇਨ੍ਹਾਂ ਵਿਚ ਮਸਰ ਦਾਲ, ਵੈਜੀਟੇਬਲ ਆਇਲ, ਪਨੀਰ, ਸ਼ੁਗਰ ਬੁਆਇਲਡ ਕਨਫੈਕਸ਼ਨਰੀ, ਗੁੜ ਅਤੇ ਸਰੋਂ ਦਾ ਤੇਲ ਸ਼ਾਮਲ ਹਨ। ਕੁਲ 11 ਸੈਂਪਲ ਇਕੱਤਰ ਕਰਕੇ ਪ੍ਰਮਾਣਿਤ ਵਰਕਸ਼ਾਪ ਵਿਚ ਵਿਸ਼ਲੇਸ਼ਣ ਦੇ ਲਈ ਭੇਜੇ ਗਏ ਹਨ। ਡਾ.ਸੰਦੀਪ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਸਬੰਧਤ ਨਿਰਦੇਸ਼ਾਂ ਦੇ ਮੁਤਾਬਕ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਐੱਫ.ਐੱਸ.ਐੱਸ.ਏ. ਵੱਲੋਂ ਪਦਾਰਥਾਂ ਦੀ ਕੁਆਲਟੀ, ਸਵੱਛਤਾ ਅਤੇ ਲੇਵਲਿੰਗ ਲਈ



ਸਖਤ ਮਾਣਕ ਨਿਰਧਾਰਤ ਕੀਤੇ ਗਏ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਜਾਂ ਘਟੀਆ ਕੁਆਲਟੀ ਪਾਏ ਜਾਣ ’ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖਾਦ ਪਦਾਰਥ ਖਰੀਦਦੇ ਸਮੇਂ ਲੇਬਲਿੰਗ ਅਤੇ ਕੁਆਲਟੀ ਦੀ ਜਾਂਚ ਕਰਨ ਅਤੇ ਕਿਸੇ ਵੀ ਸ਼ੱਕੀ ਮਾਮਲੇ ਦੀ ਸੂਚਨਾ ਸਬੰਧਤ ਅਧਿਕਾਰੀਆਂ ਨੂੰ ਦੇਣ।

## ਘਰ ’ਚ ਇਕੱਲੀ ਕੁੜੀ ਨਾਲ ਚਾਕੂ ਦੀ ਨੋਕ ’ਤੇ ਦਰਿੰਦਗੀ ਦੀ ਕੋਸ਼ਿਸ਼

ਲੁਧਿਆਣਾ 30 ਮਾਰਚ। ਪੱਖੋਵਾਲ ਰੋਡ ’ਤੇ ਸਥਿਤ ਕਰਨੈਲ ਸਿੰਘ ਨਗਰ ਵਿੱਚ ਇੱਕ ਬੇਹੱਦ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਨੇ ਘਰ ਵਿੱਚ ਜਬਰਨ ਵੜ ਕੇ ਇੱਕ ਨਾਬਾਲਗ ਬੱਚੀ ਨਾਲ ਚਾਕੂ ਦੀ ਨੋਕ ’ਤੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵਿਰੋਧ ਕਰਨ ’ਤੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਹਾਲਾਂਕਿ, ਬੱਚੀ ਨੇ ਬਹਾਦਰੀ ਅਤੇ ਹੁਸ਼ਿਆਰੀ ਦਿਖਾਉਂਦੇ ਹੋਏ ਰੌਲਾ ਪਾਇਆ, ਜਿਸ ਕਾਰਨ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲਸ ਨੂੰ ਦਿੱਤੇ ਬਿਆਨ ਵਿੱਚ ਬੱਚੀ



ਦੇ ਪਿਤਾ ਨੇ ਦੱਸਿਆ ਕਿ 10 ਮਾਰਚ ਨੂੰ ਉਸਦੀ 13 ਸਾਲਾ ਧੀ ਅਤੇ 3 ਸਾਲਾ ਪੁੱਤਰ ਘਰ ਵਿੱਚ ਇਕੱਲੇ ਸਨ। ਸ਼ਾਮ ਨੂੰ ਜਦੋਂ ਮੁਲਜ਼ਮ ਜਬਰਨ ਘਰ ਵਿੱਚ ਦਾਖਲ ਹੋਇਆ, ਤਾਂ ਉਸਨੇ ਬੱਚੀ ਨੂੰ ਚਾਕੂ ਦਿਖਾ ਕੇ ਡਰਾਇਆ ਅਤੇ ਉਸਨੂੰ ਕੱਪੜੇ ਉਤਾਰਨ ਲਈ ਕਿਹਾ। ਜਦੋਂ ਬੱਚੀ ਨੇ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ, ਤਾਂ ਮੁਲਜ਼ਮ ਨੇ ਉਸ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਬੱਚੀ ਨੇ ਆਪਣਾ ਬਚਾਅ ਕਰਨ ਲਈ ਰੌਲਾ ਪਾਇਆ ਅਤੇ ਮੁਲਜ਼ਮ ਨੂੰ ਧਮਕਾਇਆ ਕਿ ਉਸਦੇ ਪਿਤਾ ਆਉਣ ਵਾਲੇ ਹਨ, ਜਿਸ ਤੋਂ ਡਰ ਕੇ ਮੁਲਜ਼ਮ ਉੱਥੋਂ ਭੱਜ ਨਿਕਲਿਆ। ਪੀੜਤ ਬੱਚੀ ਦੇ ਪਿਤਾ ਨੇ ਦੱਸਿਆ ਕਿ ਜਦੋਂ ਉਹ ਸ਼ਾਮ ਨੂੰ ਘਰ ਆਇਆ ਤਾਂ ਘਰ ਨੂੰ ਬਾਹਰੋਂ ਕੁੰਡੀ ਲੱਗੀ ਹੋਈ ਸੀ। ਅੰਦਰ ਜਾ ਕੇ ਦੇਖਿਆ ਤਾਂ ਬੱਚੇ ਬੇਹੱਦ ਘਬਰਾਏ ਹੋਏ ਸਨ ਅਤੇ ਬੱਚੀ ਦੇ ਮੂੰਹ ਵਿੱਚੋਂ ਖੂਨ ਨਿਕਲ ਰਿਹਾ ਸੀ। ਮੁਲਜ਼ਮ ਭੱਜਦੇ ਸਮੇਂ ਦੋਵਾਂ ਬੱਚਿਆਂ ਨੂੰ ਅੰਦਰ ਬੰਦ ਕਰਕੇ ਬਾਹਰੋਂ ਕੁੰਡੀ ਲਗਾ ਗਿਆ ਸੀ। ਥਾਣਾ ਦੁਗਰੀ ਦੀ ਪੁਲਸ ਨੇ ਬੱਚੀ ਦੇ ਪਿਤਾ ਦੇ ਬਿਆਨਾਂ ਦੇ ਆਧਾਰ ’ਤੇ ਪੰਜਾਬੀ ਬਾਗ ਦੇ ਰਹਿਣ ਵਾਲੇ ਮੁਹੰਮਦ ਕਲਾਮ ਵਿਰੁੱਧ ਪੋਕਸੋ ਐਕਟ ਅਤੇ ਹੋਰ ਸੰਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਮੁਲਜ਼ਮ ਨੂੰ ਕਾਬੂ ਕਰ ਲਿਆ ਹੈ। ਜਾਂਚ ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਜੋ ਮਾਮਲੇ ਦੀ ਹੋਰ ਪੁੱਛਗਿੱਛ ਕੀਤੀ ਜਾ ਸਕੇ।

## ਕੈਨੇਡਾ ਗਈ ਵਹੁਟੀ ਨੂੰ ਭੁੱਲੇ ਰਿਸ਼ਤੇ ! ਪੰਜਾਬ ’ਚ ਵੱਡੀ ਮੁਸੀਬਤ ’ਚ ਫਸਿਆ ਪਰਿਵਾਰ

ਬਰਨਾਲਾ 30 ਮਾਰਚ। ਬਰਨਾਲਾ ਦੇ ਇਕ ਪਰਿਵਾਰ ਨਾਲ ਵਿਦੇਸ਼ ਭੇਜਣ ਦੇ ਨਾਂ ’ਤੇ 30 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਬਰਨਾਲਾ ਪੁਲਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਲੜਕੀ ਦੇ ਮਾਪਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੂੰ ਦਿੱਤੀ ਗਈ ਸ਼ਿਕਾਇਤ ਮੁਤਾਬਕ, ਬਰਨਾਲਾ ਦੇ ਰਹਿਣ ਵਾਲੇ ਸੰਦੀਪ ਕੁਮਾਰ ਦੇ ਪਰਿਵਾਰ ਨੇ ਆਪਣੇ ਪੁੱਤਰ ਦਾ ਵਿਆਹ ਦਸੰਬਰ 2023 ਵਿਚ ਇਕ IELTS ਪਾਸ ਲੜਕੀ ਨਾਲ ਕੀਤਾ ਸੀ। ਲੜਕੀ ਦੇ ਪਰਿਵਾਰ ਨੇ ਭਰੋਸਾ ਦਿੱਤਾ ਸੀ ਕਿ ਵਿਆਹ ਤੋਂ ਬਾਅਦ ਉਹ ਕੈਨੇਡਾ ਜਾ ਕੇ ਪੜ੍ਹਾਈ ਕਰੇਗੀ ਅਤੇ ਫਿਰ ਸੰਦੀਪ ਨੂੰ ਵੀ ਉੱਥੇ ਬੁਲਾ ਕੇ PR ਕਰਵਾ ਲਵੇਗੀ। ਸੰਦੀਪ ਦੇ ਮਾਪਿਆਂ ਨੇ ਆਪਣੀ ਜਮ?ਹਾਂ ਪੂੰਜੀ, ਗਹਿਣੇ ਗਿਰਵੀ ਰੱਖ ਕੇ ਅਤੇ ਰਿਸ਼ਤੇਦਾਰਾਂ ਤੋਂ ਕਰਜ਼ਾ ਲੈ ਕੇ ਲੜਕੀ ਨੂੰ ਕੈਨੇਡਾ ਭੇਜਣ ਲਈ ਲਗਭਗ 30 ਲੱਖ ਰੁਪਏ ਖਰਚ ਕੀਤੇ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਕੈਨੇਡਾ ਪਹੁੰਚਣ ਤੋਂ ਕੁਝ ਸਮੇਂ ਬਾਅਦ ਹੀ ਲੜਕੀ ਦੇ ਤੇਵਰ ਬਦਲ ਗਏ। ਉਸ ਨੇ ਸੰਦੀਪ ਅਤੇ ਉਸ ਦੇ ਪਰਿਵਾਰ ਦੇ ਨੰਬਰ ਬਲਾਕ ਕਰ ਦਿੱਤੇ ਅਤੇ ਰਿਸ਼ਤਾ ਰੱਖਣ ਤੋਂ ਇਨਕਾਰ ਕਰ ਦਿੱਤਾ। ਇਸ ਧੋਖੇ ਕਾਰਨ ਸੰਦੀਪ ਦਾ ਪਰਿਵਾਰ ਗਹਿਰੇ ਸਦਮੇ ਅਤੇ ਭਾਰੀ ਕਰਜ਼ੇ ਹੇਠ ਹੈ। ਡੀ.ਐੱਸ.ਪੀ. ਬਰਨਾਲਾ ਸਤਬੀਰ ਸਿੰਘ ਨੇ ਦੱਸਿਆ ਕਿ ਸੰਦੀਪ ਦੇ ਪਿਤਾ ਰਾਜਕੁਮਾਰ ਦੀ ਸ਼ਿਕਾਇਤ ’ਤੇ ਸਹੁਰੇ ਪਰਿਵਾਰ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## 7 ਸਾਲ ਬਾਅਦ ਇਨਕਮ ਟੈਕਸ ਵਿਭਾਗ ਵੱਲੋਂ ਜਿਊਲਰ ’ਤੇ ਸਰਵੇ; ਕਰੋੜਾਂ ਦੀ ਅਣ-ਐਲਾਨੀ ਆਮਦਨ ਦਾ ਖ਼ੁਲਾਸਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਮਾਰਚ। ਆਮਦਨ ਕਰ ਕਮਿਸ਼ਨਰੇਟ ਅੰਮ੍ਰਿਤਸਰ ਦੀ ਰੇਂਜ-1 ਵੱਲੋਂ ਸੱਤ ਸਾਲਾਂ ਬਾਅਦ ਕਿਸੇ ਜਿਊਲਰ ’ਤੇ ਆਮਦਨ ਟੈਕਸ ਸਰਵੇਖਣ ਕੀਤਾ ਗਿਆ ਹੈ, ਜਿਸ ਵਿਚ ਕਰੋੜਾਂ ਰੁਪਏ ਦੀ ਅਣ-ਐਲਾਨੀ ਆਮਦਨ ਦਾ ਖ਼ੁਲਾਸਾ ਹੋਇਆ ਹੈ। ਜਾਣਕਾਰੀ ਅਨੁਸਾਰ ਅੰਤਰਰਾਸ਼ਟਰੀ ਮਾਰਕੀਟ ਵਿਚ ਸੋਨੇ ਦੀਆਂ ਕੀਮਤਾਂ ਵਿਚ ਤਿੰਨ ਗੁਣਾ ਵਾਧੇ ਦੇ ਬਾਵਜੂਦ ਆਮਦਨ ਕਰ ਵਿਭਾਗ ਨੂੰ ਉਮੀਦ ਅਨੁਸਾਰ ਟੈਕਸ ਸੰਗ੍ਰਹਿ ਨਹੀਂ ਮਿਲ ਰਿਹਾ ਸੀ। ਇਸ ਤੋਂ ਬਾਅਦ ਮੁੱਖ ਕਮਿਸ਼ਨਰ ਜੀ. ਐੱਸ. ਫਨੀ ਕਿਸ਼ੋਰ (ਆਈ. ਆਰ. ਐੱਸ.), ਪ੍ਰਿੰਸੀਪਲ ਕਮਿਸ਼ਨਰ ਕੰਵਲਜੀਤ ਸਿੰਘ (ਆਈ. ਆਰ. ਐੱਸ.), ਵਧੀਕ ਕਮਿਸ਼ਨਰ ਯਸ਼ੇਂਦਰ ਗਰਗ (ਆਈ. ਆਰ. ਐੱਸ.) ਅਤੇ ਸਹਾਇਕ ਕਮਿਸ਼ਨਰ ਪਵਿੰਦਰ ਸਿੰਘ (ਆਈ. ਆਰ. ਐੱਸ.) ਦੀ ਅਗਵਾਈ ਵਾਲੀ ਇਕ ਟੀਮ ਵੱਲੋਂ ਬਟਾਲਾ ਦੇ ਲੂਥਰਾ ਜਿਊਲਰੀ ਹਾਊਸ ਵਿਖੇ ਸਰਵੇਖਣ ਕੀਤਾ ਗਿਆ, ਜਿਸ ਵਿਚ ਲਗਭਗ ਤਿੰਨ ਦਰਜਨ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ




ਵਿਭਾਗ ਨੇ ਇਸ ਕਾਰਵਾਈ ਵਿਚ ਮਹੱਤਵਪੂਰਨ ਸਫ਼ਲਤਾ ਪ੍ਰਾਪਤ ਕੀਤੀ ਹੈ ਅਤੇ ਕਈ ਅਹਿਮ ਦਸਤਾਵੇਜ਼ ਜ਼ਬਤ ਕੀਤੇ ਹਨ। ਆਮਦਨ ਕਰ ਕਮਿਸ਼ਨਰੇਟ ਰੇਂਜ-1 ਵਿਚ ਤਰਨਤਾਰਨ, ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਸ਼ਾਮਲ ਹਨ। ਵਿਭਾਗ ਦੀ ਇਸ ਕਾਰਵਾਈ ਨੇ ਉਨ੍ਹਾਂ ਜਿਊਲਰਾਂ ਵਿਚ ਡਰ ਪੈਦਾ ਕਰ ਦਿੱਤਾ ਹੈ ਜੋ ਆਪਣਾ ਆਮਦਨ ਟੈਕਸ ਅਦਾ ਨਹੀਂ ਕਰਦੇ। ਆਮਦਨ ਕਰ ਵਿਭਾਗ ਵੱਲੋਂ ਜਿਊਲਰਾਂ ਦੇ ਕਾਰੋਬਾਰ ਦਾ ਸਰਵੇਖਣ ਤਿੰਨ ਦਿਨਾਂ ਤੱਕ ਜਾਰੀ ਰਿਹਾ, ਜਿਸ ਦੌਰਾਨ ਸਟਾਕ ਵਿਚ ਮਿਸਮੈਚ ਅਤੇ ਰਿਟਰਨ ਸਬੰਧੀ ਮਹੱਤਵਪੂਰਨ ਸਬੂਤ ਮਿਲੇ। ਸਖ਼ਤ ਕੋਸ਼ਿਸ਼ਾਂ ਤੋਂ ਬਾਅਦ ਵਿਭਾਗ ਨੇ ਜਵੈਲਰਾਂ ਨੂੰ ਅਣ-ਐਲਾਨੀ ਆਮਦਨ ਦਾ ਖ਼ੁਲਾਸਾ ਕਰਨ ਲਈ ਮਨਾ ਲਿਆ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਗੁਰੂ ਬਾਜ਼ਾਰ ਵਿਚ ਕੀਤੇ ਗਏ ਸਰਵੇਖਣ ਕਾਫ਼ੀ ਵਿਵਾਦਪੂਰਨ ਰਹੇ ਸਨ, ਕਿਉਂਕਿ ਇਕ ਵਾਰ ਛਾਪੇਮਾਰੀ ਦੌਰਾਨ ਇਕ ਪ੍ਰਮੁੱਖ ਜਵੈਲਰ ਨੇ ਸੋਨੇ ਦੀ ਖੇਪ ਨਾਲ ਛੱਤ ਤੋਂ ਛਾਲ ਮਾਰ ਦਿੱਤੀ ਸੀ। ਹੁਣ ਆਮਦਨ ਕਰ ਵਿਭਾਗ ਨੇ ਇਕ ਵਾਰ ਫਿਰ ਟੈਕਸ ਚੋਰੀ ਕਰਨ ਵਾਲੀਆਂ ਸੰਸਥਾਵਾਂ ਖ਼?ਲਾਫ਼ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕੁੜੀ ਨੂੰ ਕੋਲਡ ਡ੍ਰਿੰਕ ’ਚ ਨਸ਼ੀਲਾ ਪਦਾਰਥ ਪਿਲਾ ਕੇ ਕੀਤਾ ਅਗਵਾ

ਲੁਧਿਆਣਾ, 30 ਮਾਰਚ। ਮਹਾਨਗਰ ਵਿੱਚ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਅਤੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਇੱਕ ਬਹੁਤ ਹੀ ਖੌਫਨਾਕ ਘਟਨਾ ਸਾਹਮਣੇ ਆਈ ਹੈ। ਇੱਕ ਮੁਟਿਆਰ ਨੇ ਆਪਣੇ ਹੀ ਇੱਕ ਜਾਣਕਾਰ ’ਤੇ ਉਸ ਨੂੰ ਨਸ਼ੀਲਾ ਪਦਾਰਥ ਪਿਲਾ ਕੇ ਅਗਵਾ ਕਰਨ ਅਤੇ ਬਾਅਦ ਵਿੱਚ ਜਾਨੋਂ ਮਾਰਨ ਦੀ ਨੀਅਤ ਨਾਲ ਨਹਿਰ ਵਿੱਚ ਸੁੱਟਣ ਦੀ ਕੋਸ਼ਿਸ਼ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਪੀੜਤਾ ਦੀ ਆਪਬੀਤੀ ਸੁਣ ਕੇ ਪੁਲਸ ਦੇ ਵੀ ਹੋਸ਼ ਉੱਡ ਗਏ ਹਨ। ਥਾਣਾ ਕੁਮਕਲਾਂ ਦੀ ਪੁਲਸ ਨੇ ਪੀੜਤਾ ਦੀ ਸ਼ਿਕਾਇਤ ’ਤੇ ਮੁੱਖ ਮੁਲਜ਼ਮ ਗਗਨਪ੍ਰੀਤ ਸਿੰਘ, ਪਰਮਜੀਤ ਕੌਰ, ਸਨੀ ਅਤੇ ਉਸ ਦੇ ਸਾਥੀਆਂ ਖਿਲਾਫ ਅਗਵਾ, ਨਸ਼ੀਲਾ ਪਦਾਰਥ ਪਿਲਾਉਣ ਅਤੇ ਛੇੜਛਾੜ ਦੀਆਂ



ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੀੜਤਾ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨ ਵਿੱਚ ਦੱਸਿਆ ਕਿ ਉਹ ਆਪਣੇ ਨਾਨਕੇ ਪਿੰਡ ਗੱਦੋਵਾਲ ਗਈ ਹੋਈ ਸੀ। ਇਸੇ ਦੌਰਾਨ 9 ਮਾਰਚ ਨੂੰ ਮੁਲਜ਼ਮ ਗਗਨਪ੍ਰੀਤ ਸਿੰਘ ਨੇ ਉਸ ਨੂੰ ਫੋਨ ਕਰਕੇ ਮਿਲਣ ਦੇ ਬਹਾਨੇ ਬੁਲਾਇਆ। ਜਦੋਂ ਉਹ ਉਸ ਨੂੰ ਮਿਲਣ ਪਹੁੰਚੀ ਤਾਂ ਉੱਥੇ ਪਹਿਲਾਂ ਤੋਂ ਮੌਜੂਦ ਮੁਲਜ਼ਮਾਂ ਨੇ ਉਸ ਨੂੰ ਜ਼ਬਰਦਸਤੀ ਆਪਣੀ ਗੱਡੀ ਵਿੱਚ ਬਿਠਾ ਲਿਆ ਅਤੇ ਅਗਵਾ ਕਰ ਲਿਆ। ਪੀੜਤਾ ਦਾ ਦੋਸ਼ ਹੈ ਕਿ ਮੁਲਜ਼ਮਾਂ ਨੇ ਉਸ ਨੂੰ ਕੋਲਡ ਡ੍ਰਿੰਕ ਵਿੱਚ ਕੋਈ ਨਸ਼ੀਲੀ ਚੀਜ਼ ਮਿਲਾ ਕੇ ਪਿਲਾ ਦਿੱਤੀ, ਜਿਸ ਨਾਲ ਉਹ ਬੇਹੋਸ਼ ਹੋ ਗਈ। ਪੀੜਤਾ ਨੇ ਦੱਸਿਆ ਕਿ ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਮੁਲਜ਼ਮ ਉਸ ਨੂੰ ਗੱਡੀ ਵਿੱਚੋਂ ਕੱਢ ਕੇ ਨਹਿਰ ਵਿੱਚ ਸੁੱਟਣ ਦੀ ਤਿਆਰੀ ਕਰ ਰਹੇ ਸਨ। ਮੌਤ ਨੂੰ ਸਾਹਮਣੇ ਦੇਖ ਕੇ ਮੁਟਿਆਰ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਬਾਅਦ ਘਬਰਾਏ ਹੋਏ ਮੁਲਜ਼ਮ ਉਸ ਨੂੰ ਦੁਬਾਰਾ ਗੱਡੀ ਵਿੱਚ ਪਾ ਕੇ ਲੈ ਗਏ। ਪੀੜਤਾ ਦਾ ਦੋਸ਼ ਹੈ ਕਿ ਇਸ ਦੌਰਾਨ ਗਗਨਪ੍ਰੀਤ ਸਿੰਘ ਨੇ ਉਸ ਨਾਲ ਬੇਹੱਦ ਸ਼ਰਮਨਾਕ ਤਰੀਕੇ ਨਾਲ ਛੇੜਛਾੜ ਕੀਤੀ ਅਤੇ ਗਲਤ ਨੀਅਤ ਨਾਲ ਉਸ ਨੂੰ ਛੂਹਿਆ। ਬਾਅਦ ਵਿੱਚ ਮੁਲਜ਼ਮ ਉਸ ਨੂੰ ਨਸ਼ੇ ਦੀ ਹਾਲਤ ਵਿੱਚ ਹੀ ਲਾਵਾਰਿਸ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ।

## ਜੂਨੀਅਰ ਇੰਜੀਨੀਅਰ 14,000 ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਬਠਿੰਡਾ/ਜਲੰਧਰ 30 ਮਾਰਚ। ਵਿਜੀਲੈਂਸ ਬਿਊਰੋ ਨੇ ਪੀ. ਐੱਸ. ਪੀ. ਸੀ. ਐੱਲ. ਦਫ਼ਤਰ ਤਲਵੰਡੀ ਸਾਬੋ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ ਲਖਵੀਰ ਸਿੰਘ ਨੂੰ 14,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਉਸ ਨੂੰ ਤਲਵੰਡੀ ਸਾਬੋ ਦੇ ਇਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਦੇ ਪੁੱਤਰ ਨੇ ਆਪਣੀ ਗੱਡੀ ਪਾਰਕ ਕਰਦੇ ਸਮੇਂ ਗਲੀ ’ਚ ਬਿਜਲੀ ਦੇ ਖੰਭੇ ਨਾਲ ਟੱਕਰ ਮਾਰ ਦਿੱਤੀ। ਗੱਡੀ ਖ਼ਰਾਬ ਹੋ ਗਈ ਅਤੇ ਖੰਭਾ ਵੀ ਟੁੱਟ ਗਿਆ। ਰੇਸ਼ਮ ਸਿੰਘ ਏ. ਐੱਲ. ਐੱਮ. ਤੇ ਲਖਬੀਰ ਸਿੰਘ ਜੇ. ਈ. ਮੌਕੇ ’ਤੇ ਪਹੁੰਚੇ ਤੇ ਕਿਹਾ ਕਿ ਤੁਹਾਡੀ ਗੱਡੀ ਜ਼ਬਤ ਕਰ ਲਈ ਜਾਵੇਗੀ। ਦੋਵਾਂ ਨੇ ਮਾਮਲੇ ਨੂੰ ਸੁਲਝਾਉਣ ਲਈ 25000 ਰੁਪਏ ਰਿਸ਼ਵਤ ਮੰਗੀ। ਉਹ




ਸ਼ਿਕਾਇਤਕਰਤਾ ਦੇ ਕਹਿਣ ’ਤੇ 25000 ਰੁਪਏ ਦੀ ਥਾਂ 15000 ਰੁਪਏ ਦੀ ਰਿਸ਼ਵਤ ਲੈਣ ਲਈ ਰਾਜ਼ੀ ਹੋ ਗਏ। ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਸਬੰਧੀ ਪੂਰੀ ਗੱਲਬਾਤ ਰਿਕਾਰਡ ਕਰ ਲਈ ਸੀ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਨਾਲ ਸੰਪਰਕ ਕੀਤਾ। ਉਸ ਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇਕ ਜਾਲ ਵਿਛਾਇਆ, ਜਿਸ ਦੌਰਾਨ ਜੂਨੀਅਰ ਇੰਜੀਨੀਅਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ’ਚ ਸ਼ਿਕਾਇਤਕਰਤਾ ਤੋਂ 14,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਮੁਲਜ਼ਮ ਖ਼?ਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਸ ਦੇ ਸਹਿ-ਮੁਲਜ਼ਮ ਰੇਸ਼ਮ ਸਿੰਘ ਏ. ਐੱਲ. ਐੱਮ. ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਮਹਿਲਾ ਏਜੰਟ ਨੇ ਵਿਦੇਸ਼ ’ਚ ਨੌਕਰੀ ਦਾ ਫ਼ਰਜ਼ੀ ਲੈਟਰ ਦਿਖਾ ਕੇ ਮਾਰੀ ਠੱਗੀ

ਲੁਧਿਆਣਾ 30 ਮਾਰਚ। ਮਹਿਲਾ ਏਜੰਟ ਵਲੋਂ ਇੱਕ ਨੌਜਵਾਨ ਨੂੰ ਵਿਦੇਸ਼ ਵਿਚ ਨੌਕਰੀ ਦਾ ਵਾਅਦਾ ਕਰ ਕੇ ਇਕ ਜਾਅਲੀ ਪੱਤਰ ਦੇ ਕੇ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਤਾ ਲੱਗਣ ਤੇ ਜਦੋਂ ਨੌਜਵਾਨ ਨੇ ਉਸ ਦਾ ਵਿਰੋਧ ਕੀਤਾ ਤਾਂ ਉਸ ਨੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸ਼ਿਕਾਇਤ ਤੋਂ ਬਾਅਦ, ਸਦਰ ਪੁਲਸ ਨੇ ਜਾਂਚ ਕੀਤੀ ਅਤੇ ਔਰਤ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਫਿਲਹਾਲ ਫ਼ਰਾਰ ਚੱਲ ਰਹੀ ਮਹਿਲਾ ਏਜੰਟ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ। ਜਾਣਕਾਰੀ ਮੁਤਾਬਕ, ਭਾਟੀਆ ਕਾਲੋਨੀ 3 ਰੋਡ ਦੇ ਵਸਨੀਕ ਗੁਰਚਰਨ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਪੁਲਸ ਨੇ ਚੰਡੀਗੜ੍ਹ ਸਥਿਤ ਏਜੰਟ ਨਵਨੀਤ ਕੌਰ ਵਿਰੁੱਧ ਕਾਰਵਾਈ ਕੀਤੀ। ਆਪਣੇ ਬਿਆਨਾਂ ਵਿਚ ਗੁਰਚਰਨ ਸਿੰਘ ਨੇ ਕਿਹਾ ਕਿ ਔਰਤ ਨੇ ਵਿਦੇਸ਼ ਵਿਚ ਨੌਕਰੀ ਲਈ ਉਸ ਤੋਂ 88 ਹਜ਼ਾਰ 572 ਰੁਪਏ ਲਏ ਸਨ। ਉਸ ਨੇ ਕਾਫ਼ੀ ਸਮੇਂ ਤੱਕ ਕੋਈ ਕੰਮ ਨਹੀਂ ਕੀਤਾ ਅਤੇ ਬਾਅਦ ਵਿਚ ਉਸ ਨੂੰ ਇਕ ਕੈਨੇਡੀਅਨ ਕੰਪਨੀ ਤੋਂ ਨੌਕਰੀ ਪੱਤਰ




ਦਿੱਤਾ। ਹੋਰ ਜਾਂਚ ਕਰਨ ’ਤੇ ਇਹ ਪੱਤਰ ਧੋਖਾਧੜੀ ਵਾਲਾ ਪਾਇਆ ਗਿਆ, ਜਿਸ ਕਾਰਨ ਉਸ ਨੇ ਪੁਲਸ ਸ਼ਿਕਾਇਤ ਦਰਜ ਕਰਵਾਈ। ਜਾਂਚ ਅਧਿਕਾਰੀ ਅਨੁਸਾਰ ਮਾਮਲੇ ਨੂੰ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ।

## ਕੋਲੇ ਦਾ ਭਾਅ ਵਧਣ ਕਾਰਨ ਇੱਟਾਂ ਦੀਆਂ ਕੀਮਤਾਂ ਆਸਮਾਨੀ ਚੜ੍ਹੀਆਂ

ਨਡਾਲਾ 30 ਮਾਰਚ। ਕੋਲੇ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਸਬ-ਡਿਵੀਜ਼ਨ ਭੁਲੱਥ ਇਲਾਕੇ ਦੇ ਇੱਟਾਂ ਦੇ ਭੱਠਾ ਮਾਲਕਾਂ ਨੂੰ ਗੰਭੀਰ ਚਿੰਤਾ ਵਿਚ ਪਾ ਦਿੱਤਾ ਹੈ। ਹਾਲਾਤ ਇਹ ਹਨ ਕਿ ਕੋਲਾ ਮਹਿੰਗਾ ਹੋਣ ਕਾਰਨ ਭੱਠਿਆਂ ਦਾ ਖ਼ਰਚਾ ਬਹੁਤ ਵਧ ਗਿਆ ਹੈ ਅਤੇ ਕਈ ਭੱਠੇ ਬੰਦ ਹੋਣ ਦੇ ਕੰਢੇ ’ਤੇ ਪਹੁੰਚ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਬੀ. ਕੇ. ਓ. ਐਸੋਸੀਏਸ਼ਨ ਦੇ ਪ੍ਰਧਾਨ ਸੁਖਪਾਲ ਸਿੰਘ ਪੰਨੂ ਅਤੇ ਹੋਰ ਭੱਠਾ ਮਾਲਕਾਂ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਦੌਰਾਨ ਕੋਲੇ ਦੀ ਕੀਮਤ ਵਿਚ ਵੱਡਾ ਉਛਾਲ ਆਇਆ ਹੈ, ਜਿਸ ਨਾਲ ਉਤਪਾਦਨ ਲਾਗਤ ਵਿਚ ਬੇਹੱਦ ਵਾਧਾ ਹੋ ਗਿਆ ਹੈ। ਇਸ ਦੇ ਨਾਲ ਹੀ ਇੱਟਾਂ ਦੀਆਂ ਕੀਮਤਾਂ ਵਧਾਉਣ ’ਤੇ ਮਾਰਕੀਟ ਵਿਚ ਮੰਗ ਘਟ ਰਹੀ ਹੈ, ਜਿਸ ਕਾਰਨ ਉਨ੍ਹਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ। ਮਾਲਕਾਂ ਨੇ ਦੱਸਿਆ ਕਿ ਜੇ ਇਹੀ ਹਾਲਾਤ ਰਹੇ ਤਾਂ ਕਈ ਛੋਟੇ ਭੱਠੇ ਮਾਲਕ ਆਪਣੇ ਭੱਠੇ ਬੰਦ ਕਰਨ ਲਈ ਮਜਬੂਰ ਹੋ ਜਾਣਗੇ, ਜਿਸ ਨਾਲ ਸੈਂਕੜਿਆਂ ਮਜ਼ਦੂਰਾਂ ਦੀ ਰੋਜ਼ੀ-ਰੋਟੀ ’ਤੇ ਵੀ ਅਸਰ ਪਵੇਗਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਲੇ ਦੀਆਂ ਕੀਮਤਾਂ ’ਤੇ ਕੰਟਰੋਲ ਕੀਤਾ ਜਾਵੇ ਜਾਂ ਭੱਠਾ ਉਦਯੋਗ ਨੂੰ ਰਾਹਤ ਦਿੱਤੀ ਜਾਵੇ ਤਾਂ ਜੋ ਇਹ ਉਦਯੋਗ ਬਚ ਸਕੇ। ਇਸ ਮਾਮਲੇ ’ਚ ਸਥਾਨਕ ਵਪਾਰੀਆਂ ਅਤੇ ਮਜ਼ਦੂਰ ਵਰਗ ਨੇ ਵੀ ਚਿੰਤਾ ਪ੍ਰਗਟਾਈ ਹੈ ਅਤੇ ਸਰਕਾਰ ਨੂੰ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ, ਤਾਂ ਜੋ ਇੱਟਾਂ ਦੇ ਭੱਠਿਆਂ ਨੂੰ ਬੰਦ ਹੋਣ ਤੋਂ ਬਚਾਇਆ ਜਾ ਸਕੇ।

## ਬੰਦੇ ਨੇ ਧੀ ਅਤੇ ਪਤਨੀ ’ਤੇ ਕਹੀ ਨਾਲ ਕੀਤਾ ਹਮਲਾ !

ਸਿੱਧਵਾਂ ਬੇਟ 30 ਮਾਰਚ। ਘਰੇਲੂ ਵਿਵਾਦ ਦੇ ਇਕ ਮਾਮਲੇ ਵਿਚ ਪਤੀ ਖ਼?ਲਾਫ਼ ਹਮਲੇ ਦੇ ਦੋਸ਼ਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨ ਵਿਚ ਸ਼ਿਕਾਇਤਕਰਤਾ ਮਹਿਲਾ ਨੇ ਦੱਸਿਆ ਕਿ ਉਸ ਦਾ ਵਿਆਹ ਕਰੀਬ 25 ਸਾਲ ਪਹਿਲਾਂ ਸੁਖਪ੍ਰੀਤ ਸਿੰਘ ਵਾਸੀ ਭਰੋਵਾਲ ਕਲਾਂ ਨਾਲ ਹੋਇਆ ਸੀ ਅਤੇ ਉਨ੍ਹਾਂ ਦੇ ਦੋ ਬੱਚੇ ਹਨ। ਉਸ ਨੇ ਦੋਸ਼ ਲਗਾਇਆ ਕਿ ਉਸ ਦਾ ਪਤੀ ਅਕਸਰ ਉਸ ਨਾਲ ਕੁੱਟਮਾਰ ਕਰਦਾ ਰਹਿੰਦਾ ਸੀ। ਸ਼ਿਕਾਇਤਕਰਤਾ ਅਨੁਸਾਰ, 18 ਮਾਰਚ 2026 ਨੂੰ ਸ਼ਾਮ ਕਰੀਬ 8:30 ਵਜੇ ਉਸ ਦਾ ਪਤੀ ਘਰ ਆਇਆ ਅਤੇ ਧੀ ਪ੍ਰਭਜੋਤ ਕੌਰ ਨਾਲ ਗਾਲੀ-ਗਲੋਚ ਕਰਨ ਲੱਗ ਪਿਆ। ਜਦੋਂ ਉਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਕਥਿਤ ਤੌਰ ’ਤੇ ਉਹ ਘਰੋਂ ਬਾਹਰ ਚਲਾ ਗਿਆ ਅਤੇ ਕੁਝ ਸਮੇਂ ਬਾਅਦ ਕਹੀ ਲੈ ਕੇ ਵਾਪਸ ਆ ਗਿਆ। ਮਹਿਲਾ ਨੇ ਦੋਸ਼ ਲਗਾਇਆ ਕਿ ਉਸ ਦੇ ਪਤੀ ਨੇ ਪਹਿਲਾਂ ਧੀ ’ਤੇ ਵਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਉਸ ਨੇ ਰੋਕਿਆ ਤਾਂ ਉਸ ਵੱਲ ਕਹੀ ਨਾਲ ਵਾਰ ਕੀਤਾ। ਵਾਰ ਤੋਂ ਬਚਣ ਦੀ ਕੋਸ਼ਿਸ਼ ਦੌਰਾਨ ਉਸ ਦੇ ਨੱਕ ਦਾ ਅਗਲਾ ਹਿੱਸਾ ਕੱਟਿਆ ਗਿਆ ਅਤੇ ਚਿਹਰੇ ’ਤੇ ਗੰਭੀਰ ਚੋਟਾਂ ਲੱਗੀਆਂ। ਪੁਲਸ ਮੁਤਾਬਕ, ਸ਼ਿਕਾਇਤ ਦੇ ਆਧਾਰ ’ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਤਫ਼ਤੀਸ਼ ਜਾਰੀ ਹੈ ਅਤੇ ਤੱਥਾਂ ਦੇ ਆਧਾਰ ’ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਕਿਸਾਨ ਦਾ ਸਿਰ ’ਚ ਕੁਹਾੜੀ ਮਾਰ ਕੇ ਬੇਰਹਿਮੀ ਨਾਲ ਕਤਲ

**ਕੌਮੀ ਪਤ੍ਰਿਕਾ**

ਸਿੱਧਵਾਂ ਬੇਟ 30 ਮਾਰਚ। ਨੇੜਲੇ ਪਿੰਡ ਜੰਡੀ ਵਿਖੇ ਬੀਤੀ ਰਾਤ ਇਕ ਕਿਸਾਨ ਦਾ ਉਸ ਦੇ ਘਰ ਵਿਚ ਹੀ ਸਿਰ ਵਿਚ ਕੁਹਾੜੀ ਮਾਰਕੇ ਕਤਲ ਕਰ ਦਿੱਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਹਰਜਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਜੋਂ ਹੋਈ ਹੈ, ਜੋ ਵਾਰਦਾਤ ਸਮੇਂ ਆਪਣੇ ਘਰ ਵਿਚ ਇਕੱਲਾ ਸੁੱਤਾ ਪਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ, ਅਣਪਛਾਤਾ ਕਾਤਲ ਘਰ ਦੇ ਪਿਛਲੇ ਪਾਸੇ ਸਥਿਤ ਖਾਲੀ ਪਲਾਟ ਦੀ ਕੰਧ ਟੱਪ ਕੇ ਅੰਦਰ ਦਾਖਲ ਹੋਇਆ ਅਤੇ ਸੁੱਤੇ ਪਏ ਹਰਜਿੰਦਰ ਸਿੰਘ ਦੇ ਸਿਰ ’ਤੇ ਕੁਹਾੜੀ ਨਾਲ ਵਾਰ ਕਰਕੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਿਲ-ਕੰਬਾਊ ਵਾਰਦਾਤ ਦਾ ਪਤਾ ਉਸ ਸਮੇਂ ਲੱਗਾ ਜਦੋਂ ਮਿ?ਤਕ ਦੀ ਪਹਿਲੀ (ਸਵਰਗਵਾਸੀ) ਪਤਨੀ ਦੇ ਕੈਨੇਡਾ ਰਹਿੰਦੇ ਲੜਕੇ, ਹਰਕਮਲ ਸਿੰਘ ਨੇ ਆਪਣੇ ਪਿਤਾ ਦੀ ਸੁੱਖ-ਸਾਂਦ ਜਾਣਨ ਲਈ ਫੋਨ ਕੀਤਾ। ਵਾਰ-ਵਾਰ ਫੋਨ ਨਾ ਚੁੱਕੇ ਜਾਣ ’ਤੇ ਹਰਕਮਲ ਨੇ ਚਿੰਤਾ ਜ਼ਾਹਰ ਕਰਦਿਆਂ ਆਪਣੇ ਤਾਏ (ਮ੍ਰਿਤਕ ਦੇ ਭਰਾ) ਜਗਰਾਜ ਸਿੰਘ ਨੂੰ ਸੂਚਿਤ ਕੀਤਾ। ਜਦੋਂ ਜਗਰਾਜ ਸਿੰਘ ਨੇ ਕੰਧ ਟੱਪ ਕੇ ਘਰ ਅੰਦਰ ਜਾ ਕੇ ਦੇਖਿਆ ਤਾਂ ਹਰਜਿੰਦਰ ਸਿੰਘ ਦੀ ਲਾਸ਼ ਬੈੱਡ ’ਤੇ ਪਈ ਸੀ ਅਤੇ ਕੋਲ ਹੀ ਅਲਮਾਰੀ ਦਾ ਸਾਮਾਨ ਅਤੇ ਕਾਗਜ਼ਾਤ ਖਿੱਲਰੇ ਹੋਏ ਸਨ, ਜੋ ਕਿ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰ ਰਹੇ ਸਨ। ਇਸ ਮਗਰੋਂ ਤੁਰੰਤ ਥਾਣਾ ਸਿੱਧਵਾਂ ਬੇਟ



ਦੀ ਪੁਲਸ ਨੂੰ ਸੂਚਿਤ ਕੀਤਾ ਗਿਆ। ਘਟਨਾ ਬਾਰੇ ਸੂਚਨਾ ਮਿਲਣ ਤੇ ਡੀ.ਐੱਸ.ਪੀ. ਜਸਵਿੰਦਰ ਸਿੰਘ ਢੀਂਡਸਾ ਤੇ ਥਾਣਾ ਮੁਖੀ ਇੰਸਪੈਕਟਰ ਹਮਰਾਜ ਸਿੰਘ ਚੀਮਾ ਨੇ ਤਰੁੰਤ ਪੁਲਸ ਪਾਰਟੀ ਸਮੇਤ ਘਟਨਾ ਸਥਾਨ ’ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਸਬੂਤਾਂ ਨੂੰ ਸੁਰੱਖਿਅਤ ਰੱਖਣ ਲਈ ਮੀਡੀਆ ਸਮੇਤ ਆਮ ਲੋਕਾਂ ਨੂੰ ਘਟਨਾ ਸਥਾਨ ਤੋਂ ਦੂਰ ਰੱਖਿਆ। ਇਸ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਪੁਲਸ ਵੱਲੋਂ ਹਰ ਪੱਖ ਤੋਂ ਪੂਰੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਸ ਦੀਆਂ ਟੀਮਾਂ ਮੌਕੇ ਤੋਂ ਬਾਰੀਕੀ ਨਾਲ ਅਹਿਮ ਸੁਰਾਗ ਇਕੱਠੇ ਕਰ ਰਹੀਆਂ ਹਨ ਤਾਂ ਜੋ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਤੱਕ ਜਲਦ ਤੋਂ ਜਲਦ ਪਹੁੰਚਿਆ ਜਾ ਸਕੇ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਪੁਲਸ ਨੇ ਸ਼ੱਕ ਦੇ ਆਧਾਰ ’ਤੇ ਮ੍ਰਿਤਕ ਦੀ ਦੂਜੀ ਪਤਨੀ ਅਤੇ ਉਸ ਦੇ ਲੜਕੇ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਹੈ, ਪਰ ਪੁਲਸ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਮੌਕੇ ’ਤੇ ਪਹੁੰਚੇ ਪੁਲਸ ਡਿਵੀਜ਼ਨ ਜਗਰਾਉਂ ਦੇ ਡੀ.ਐੱਸ.ਪੀ. ਜਸਵਿੰਦਰ ਸਿੰਘ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਪੁਲਸ ਵਲੋਂ ਇਸ ਅੰਨ੍ਹੇ ਕਤਲ ਦੀ ਬਹੁਤ ਹੀ ਬਾਰੀਕੀ ਅਤੇ ਵਿਗਿਆਨਕ ਢੰਗ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਦੇ ਹੱਥ ਅਹਿਮ ਸੁਰਾਗ ਲੱਗੇ ਹਨ ਅਤੇ ਜਲਦ ਹੀ ਇਸ ਵਾਰਦਾਤ ਦੇ ਅਸਲ ਕਾਰਨਾਂ ਅਤੇ ਦੋਸ਼ੀ ਦਾ ਪਰਦਾਫਾਸ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਕਾਨੂੰਨੀ ਪ੍ਰਕਿਰਿਆ ਤਹਿਤ ਨਜ਼ਦੀਕੀ ਰਿਸ਼ਤੇਦਾਰਾਂ ਦੇ ਬਿਆਨ ਕਲਮਬੱਧ ਕੀਤੇ ਜਾ ਰਹੇ ਹਨ। ਉਨਾ ਨੇ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਸਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈੱਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਦੇਸ਼ ਦੀਆਂ ਸਭ ਤੋਂ ਵੱਧ ਮਹਿਲਾ ਪੱਖੀ ਡੀ.ਬੀ.ਟੀ. ਸਕੀਮਾਂ ਵਿੱਚ ਸ਼ਾਮਲ ਇਹ ਯੋਜਨਾ ਵਿੱਤੀ ਆਜ਼ਾਦੀ ਅਤੇ ਮਾਣ-ਸਨਮਾਨ ਵਿੱਚ ਵਾਧਾ ਕਰੇਗੀ

Contd..........Front page

ਇਸ ਸਕੀਮ ਤਹਿਤ ਇੱਕ ਪਰਿਵਾਰ ਵਿੱਚ ਯੋਗ ਔਰਤਾਂ ਦੀ ਗਿਣਤੀ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ ਅਤੇ ਇਕੋ ਪਰਿਵਾਰ ਦੀਆਂ ਕਈ ਔਰਤਾਂ ਇਸ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਦੀਆਂ ਹਨ। ਮੌਜੂਦਾ ਸਮਾਜਿਕ ਸੁਰੱਖਿਆ ਪੈਨਸ਼ਨਰਾਂ ਨੂੰ ਵੀ ਇਸ ਯੋਜਨਾ ਦੇ ਤਹਿਤ ਆਪਣੀਆਂ ਪੈਨਸ਼ਨਾਂ ਤੋਂ ਇਲਾਵਾ ਪੂਰੇ ਵਿੱਤੀ ਲਾਭ ਪ੍ਰਾਪਤ ਹੋਣਗੇ ਜਿਸ ਨਾਲ ਇਸ ਦੀ ਪਹੁੰਚ ਅਤੇ ਪ੍ਰਭਾਵਸ਼ੀਲਤਾ ਵਿੱਚ ਵਾਧਾ ਹੋਵੇਗਾ। ਪੰਜਾਬ ਵਿੱਚ 18 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ, ਜੋ ਵੋਟਰ ਵਜੋਂ ਰਜਿਸਟਰਡ ਹਨ, ਜਿਨ੍ਹਾਂ ਕੋਲ ਪੰਜਾਬ ਦੀ ਰਿਹਾਇਸ਼ ਵਾਲਾ ਆਧਾਰ ਕਾਰਡ ਹੈ ਅਤੇ ਭਾਰਤ ਚੋਣ ਕਮਿਸ਼ਨ ਦੁਆਰਾ ਜਾਰੀ ਵੋਟਰ ਕਾਰਡ ਹੈ, ਇਸ ਯੋਜਨਾ ਤਹਿਤ ਲਾਭਪਾਤਰੀ ਵਜੋਂ ਰਜਿਸਟਰ ਹੋਣ ਦੇ ਯੋਗ ਹੋਣਗੀਆਂ। ਹਰੇਕ ਮਹਿਲਾ ਤੱਕ ਇਸ ਯੋਜਨਾ ਦਾ ਲਾਭ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਭਗਵੰਤ ਮਾਨ ਸਰਕਾਰ ਵਿਆਪਕ ਪਹੁੰਚ ਅਤੇ ਰਜਿਸਟਰ ਕਰਨ ਸਬੰਧੀ ਹਰ ਸੰਭਵ ਯਤਨ ਕਰੇਗੀ, ਜਿਸ ਵਿੱਚ ਮਹਿਲਾਵਾਂ, ਖਾਸ ਕਰਕੇ ਪੇਂਡੂ ਅਤੇ ਪਛੜੇ ਖੇਤਰਾਂ ਦੀਆਂ ਮਹਿਲਾਵਾਂ, ਲਈ ਦਸਤਾਵੇਜ਼ਾਂ ਨੂੰ ਪੂਰਾ ਕਰਨਾ, ਬੈਂਕ ਖਾਤਿਆਂ ਨੂੰ ਕਾਰਜਸ਼ੀਲ ਕਰਨਾ ਅਤੇ ਨਿਰਵਿਘਨ ਰਜਿਸਟ?ਰੇਸ਼ਨ ਨੂੰ ਯਕੀਨੀ ਬਣਾਉਣ ਵਿੱਚ ਔਰਤਾਂ ਦੀ ਸਹਾਇਤਾ ਕਰਨਾ ਸ਼ਾਮਲ ਹੈ। ਇਸ ਪਹਿਲ ਨੂੰ ਹੋਰ ਮਜ਼ਬੂਤ ਕਰਦਿਆਂ ਵਿੱਤੀ ਸਾਲ 2026-27 ਦੇ ਬਜਟ ਵਿੱਚ 9,300 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਮਨਜ਼ੂਰ ਕੀਤੀ ਜਾ ਚੁੱਕੀ ਹੈ ਅਤੇ ਯੋਜਨਾ ਦੇ ਪੈਮਾਨੇ ਅਤੇ ਪਹੁੰਚ ਨੂੰ ਦੇਖਦਿਆਂ ਇਹ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਗਈਆਂ ਸਭ ਤੋਂ ਵੱਡੀਆਂ ਮਹਿਲਾ-ਪੱਖੀ ਸਮਾਜ ਭਲਾਈ ਪਹਿਲਕਦਮੀਆਂ ਵਿੱਚੋਂ ਇੱਕ ਹੋਣ ਦੀ ਉਮੀਦ ਹੈ। ਮੰਤਰੀ ਮੰਡਲ ਨੇ ਯੋਜਨਾਬੰਦੀ ਵਿਭਾਗ ਵਿੱਚ ਸਿੱਧੀ ਭਰਤੀ ਤਹਿਤ 70 ਅਸਾਮੀਆਂ ਭਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਆਰਥਿਕ ਨੀਤੀ ਤੇ ਯੋਜਨਾ ਬੋਰਡ ਅਤੇ ਅੰਕੜਾ ਵਿਭਾਗ, ਪੰਜਾਬ ਦੇ ਰਲੇਵੇਂ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਇਸ ਅਭਿਆਸ ਦੇ ਮੱਦੇਨਜ਼ਰ ਭਰੀਆਂ ਜਾਣ ਵਾਲੀਆਂ ਖਾਲੀ ਅਸਾਮੀਆਂ ਦੀ ਜ਼ਰੂਰਤ ਨੂੰ ਸੋਧਿਆ ਗਿਆ ਹੈ। ਇਸ ਲਈ ਅਧਿਕਾਰੀਆਂ ਦੀ ਕਮੇਟੀ ਦੁਆਰਾ ਸਿੱਧੀ ਭਰਤੀ ਦੀਆਂ 70 ਅਸਾਮੀਆਂ ਭਰਨ ਦੀ ਪ੍ਰਵਾਨਗੀ ਦਿੱਤੀ ਗਈ। ਮੰਤਰੀ ਮੰਡਲ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਅਤੇ ਪੰਜਾਬ ਸਟੇਟ ਟ?ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਟ?ਰਾਂਸਕੋ) ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰਾਂ (ਸੀ.ਐਮ.ਡੀ.) ਅਤੇ ਡਾਇਰੈਕਟਰਾਂ ਦੀ ਨਿਯੁਕਤੀ ਲਈ ਲੋੜੀਂਦੀਆਂ ਯੋਗਤਾਵਾਂ ਅਤੇ ਤਜਰਬੇ ਸਬੰਧੀ ਸ਼ਰਤਾਂ÷ ਵਿੱਚ ਸੋਧ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਝਾਰਖੰਡ ਦੇ ਜ਼ਿਲ੍ਹਾ ਪਾਕੁੜ ਵਿਖੇ ਪਛਵਾੜਾ ਕੇਂਦਰੀ ਕੋਲਾ ਖਾਣ (ਪੀਸੀਸੀਐਮ) ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਪੀ.ਐਸ.ਪੀ.ਸੀ.ਐਲ. ਦੁਆਰਾ ਠੇਕੇ ਦੇ ਆਧਾਰ 'ਤੇ ਮਨੁੱਖੀ ਸ਼ਕਤੀ ਅਤੇ ਸਹਾਇਕ ਸਟਾਫ ਨਿਯੁਕਤ ਕਰਨ ਨੂੰ ਵੀ ਹਰੀ ਝੰਡੀ ਦੇ ਦਿੱਤੀ। ਇਸ ਲਈ ਅਧਿਕਾਰਤ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਪ੍ਰਬੰਧਕੀ ਸਕੱਤਰ ਚੇਅਰਮੈਨ ਅਤੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਅਤੇ ਡਾਇਰੈਕਟਰ/ਜਨਰੇਸ਼ਨ, ਪੀ.ਐਸ.ਪੀ.ਸੀ.ਐਲ. ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇਗਾ। ਇਸ ਕਮੇਟੀ ਨੂੰ ਪਛਵਾੜਾ ਕੇਂਦਰੀ ਕੋਲਾ ਖਾਣ, ਪਾਕੁੜ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਸਮਰੱਥ ਮਨੁੱਖੀ ਸ਼ਕਤੀ/ਸਹਾਇਕ ਸਟਾਫ ਦੀ ਠੇਕੇ ਦੀ ਭਰਤੀ ਅਤੇ ਵਿਸਥਾਰ ਨਾਲ ਸਬੰਧਤ ਸਾਰੀਆਂ ਪ੍ਰਵਾਨਗੀਆਂ ਦੇਣ ਲਈ ਅਧਿਕਾਰਤ ਕੀਤਾ ਗਿਆ ਸੀ। ਮੰਤਰੀ ਮੰਡਲ ਵੱਲੋਂ ਲੀਜ਼ਹੋਲਡ ਉਦਯੋਗਿਕ ਪਲਾਟਾਂ/ਸ਼ੈੱਡਾਂ ਨੂੰ ਫ?ਰੀਹੋਲਡ ਵਿੱਚ ਬਦਲਣ ਲਈ ਨੀਤੀ ਵਿੱਚ ਸੋਧਾਂ ਨੂੰ ਵੀ ਸਹਿਮਤੀ ਦੇ ਦਿੱਤੀ ਗਈ ਹੈ। ਇਹਨਾਂ ਸੋਧਾਂ ਮੁਤਾਬਕ ਬੈਂਕਾਂ ਜਾਂ ਵਿੱਤੀ ਸੰਸਥਾਵਾਂ ਕੋਲ ਗਿਰਵੀ ਰੱਖੇ ਗਏ ਉਦਯੋਗਿਕ ਪਲਾਟ ਫ?ਰੀਹੋਲਡ ਵਿੱਚ ਬਦਲੇ ਜਾ ਸਕਦੇ ਹਨ, ਬਸ਼ਰਤੇ ਸਬੰਧਤ ਬੈਂਕ ਵੱਲੋਂ ਪ੍ਰਾਪਤ 'ਨੋ ਓਬਜੈਕਸ਼ਨ ਸਰਟੀਫਿਕੇਟ' ਜਮ?ਹਾਂ ਕਰਵਾਇਆ ਗਿਆ ਹੋਵੇ ਅਤੇ ਨਿਰਧਾਰਤ ਸੁਰੱਖਿਆ ਉਪਾਵਾਂ ਦੀ ਪਾਲਣਾ ਕੀਤੀ ਗਈ ਹੋਵੇ। ਇਸ ਸਬੰਧੀ ਉਨ੍ਹਾਂ ਮਾਮਲਿਆਂ ਵਿੱਚ 5 ਫੀਸਦ ਦੀ ਕੰਵਰਜ਼ਨ ਫੀਸ ਲਾਗੂ ਹੋਵੇਗੀ ਜਿੱਥੇ ਮੌਜੂਦਾ ਟਾਈਟਲ ਦਸਤਾਵੇਜ਼ਾਂ ਵਿੱਚ ਅਣ-ਅਰਜਿਤ ਵਾਧੇ ਨਾਲ ਸਬੰਧਤ ਕੋਈ ਧਾਰਾ ਨਹੀਂ ਹੈ, ਭਾਵੇਂ ਇਹ ਪਹਿਲਾਂ ਦੇ ਟਾਈਟਲ ਦਸਤਾਵੇਜ਼ਾਂ ਵਿੱਚ ਮੌਜੂਦ ਹੋਵੇ। ਮੰਤਰੀ ਮੰਡਲ ਨੇ ਪੰਜਾਬ ਕਾਮਨ ਇਨਫਰਾਸਟ?ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) (ਸੋਧ) ਬਿੱਲ, 2026 ਨੂੰ ਪੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਸੂਬੇ ਭਰ ਵਿੱਚ ਉਦਯੋਗਿਕ ਖੇਤਰਾਂ ਦੇ ਬਿਹਤਰ ਪ੍ਰਬੰਧਨ ਲਈ ਸਪੈਸ਼ਲ ਪਰਪਜ਼ ਵਹੀਕਲ (ਐਸ.ਪੀ.ਵੀ.) ਦੀ ਪ੍ਰਭਾਵਸ਼ੀਲਤਾ, ਪਾਰਦਰਸ਼ਤਾ ਅਤੇ ਵਿੱਤੀ ਸਥਿਰਤਾ ਨੂੰ ਮਜ਼ਬੂਤ ਕੀਤਾ ਜਾ ਸਕੇ। ਪ੍ਰਸਤਾਵਿਤ ਸੋਧਾਂ ਉਦਯੋਗਿਕ ਪਾਰਕਾਂ ਦੇ ਵਿਸਥਾਰ ਅਤੇ ਉਦਯੋਗਿਕ ਅਸਟੇਟਾਂ ਤੋਂ ਬਾਹਰ ਨਵੇਂ ਉਦਯੋਗਿਕ ਕਲੱਸਟਰਾਂ ਦੇ ਵਿਸਥਾਰ ਕਾਰਨ ਸਾਲਾਂ ਦੌਰਾਨ ਉਭਰੀਆਂ ਪ੍ਰਸ਼ਾਸਕੀ ਅਤੇ ਅਮਲ ਸਬੰਧੀ ਚੁਣੌਤੀਆਂ ਨੂੰ ਹੱਲ ਕਰਨਗੀਆਂ। ਇਸ ਤਹਿਤ ਉਦਯੋਗਿਕ ਖੇਤਰਾਂ ਵਿੱਚ ਸੜਕਾਂ, ਸਟਰੀਟ ਲਾਈਟਾਂ, ਪਾਰਕਾਂ, ਸੁਰੱਖਿਆ, ਡਰੇਨੇਜ ਪ੍ਰਣਾਲੀਆਂ ਅਤੇ ਹੋਰ ਸਾਂਝੀਆਂ ਸਹੂਲਤਾਂ ਵਰਗੇ ਸਾਂਝੇ ਬੁਨਿਆਦੀ ਢਾਂਚੇ ਦੇ ਰੱਖ-ਰਖਾਅ ਲਈ ਸੇਵਾ ਖਰਚੇ ਵਸੂਲਣ ਅਤੇ ਇਹਨਾਂ ਦੀ ਵਰਤੋਂ ਲਈ ਸੁਚਾਰੂ ਪ੍ਰਣਾਲੀ ਵੀ ਵਿਕਸਿਤ ਕੀਤੀ ਜਾਵੇਗੀ। ਸਾਰੇ ਉਦਯੋਗਿਕ ਖੇਤਰਾਂ ਵਿੱਚ ਐਸ.ਪੀ.ਵੀ. ਤਿਆਰ ਕੀਤੇ ਜਾਣਗੇ ਜੋ ਕਿ ਸੋਸਾਇਟੀਜ਼ ਰਜਿਸਟ?ਰੇਸ਼ਨ ਐਕਟ, 1860 ਤਹਿਤ ਰਜਿਸਟਰਡ ਹੋਣਗੇ। ਇਹ ਐਸ.ਪੀ.ਵੀ. ਉਦਯੋਗਿਕ ਖੇਤਰਾਂ ਵਿੱਚ ਸਾਂਝੇ ਬੁਨਿਆਦੀ ਢਾਂਚੇ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਬਿਨਾਂ ਲਾਭ, ਬਿਨਾਂ ਨੁਕਸਾਨ ਆਧਾਰ 'ਤੇ ਕੰਮ ਕਰਨਗੇ। ਇਸ ਦੇ ਨਾਲ ਹੀ ਐਸ.ਪੀ.ਵੀ. ਦੇ ਕੰਮਕਾਜ ਦੀ ਨਿਗਰਾਨੀ ਕਰਨ ਅਤੇ ਵਿਵਾਦਾਂ ਦੇ ਹੱਲ ਲਈ ਸੰਸਥਾਗਤ ਵਿਧੀ ਪ੍ਰਦਾਨ ਕਰਨ ਵਾਸਤੇ ਜ਼ਿਲ੍ਹਾ ਨਿਗਰਾਨ ਅਥਾਰਟੀ ਸਥਾਪਤ ਕੀਤੀ ਜਾਵੇਗੀ। ਮੰਤਰੀ ਮੰਡਲ ਨੇ ਸੂਬੇ ਵਿੱਚ ਵੱਖ-ਵੱਖ ਹਾਈਵੇ ਪ੍ਰਾਜੈਕਟਾਂ ਦੇ ਨਿਰਮਾਣ ਲਈ ਕੌਮੀ ਮਾਰਗ ਅਥਾਰਟੀ (ਐਨ.ਐਚ.ਏ.ਆਈ.) ਨੂੰ ਸਧਾਰਨ ਮਿੱਟੀ ਦੇਣ ਲਈ ਸਤਲੁਜ ਦਰਿਆ ਵਿੱਚੋਂ ਗਾਰ ਕੱਢਣ ਦੀਆਂ ਸ਼ਰਤਾਂ ਵਿੱਚ ਢਿੱਲ ਦੇਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਜਲ ਸਰੋਤ ਵਿਭਾਗ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਪਹਿਲਕਦਮੀਆਂ ਦਾ ਹਿੱਸਾ ਹੈ ਜਿਸ ਵਿੱਚ ਦਰਿਆਵਾਂ ਦੇ ਪ੍ਰਬੰਧਨ ਅਤੇ ਹੜ੍ਹਾਂ ਦੇ ਖ਼ਤਰੇ ਨੂੰ ਘਟਾਉਣ ਦੇ ਯਤਨਾਂ ਵਜੋਂ ਸੂਬੇ ਭਰ ਦੇ ਪ੍ਰਮੁੱਖ ਦਰਿਆਵਾਂ ਵਿੱਚ ਲੰਬੇ ਚੈਨਲਾਂ ਦੀ ਖ਼ੁਦਾਈ ਸ਼ਾਮਲ ਹੈ।

# ਨਵੇਂ ਪ੍ਰਾਜੈਕਟ ਨਾਲ 83 ਪਿੰਡਾਂ ਦੀ 40,066 ਏਕੜ ਜ਼ਮੀਨ ਨੂੰ ਮਿਲੇਗਾ ਨਹਿਰੀ ਪਾਣੀ ਦਾ ਤੋਹਫਾ: ਮੁੱਖ ਮੰਤਰੀ ਮਾਨ

Contd....Front page

ਜਵਾਬਦੇਹੀ ਵਿੱਚ ਵਾਧਾ ਕਰਨ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸੜਕਾਂ ਹੁਣ ਘਟੀਆ ਦਰਜੇ ਦੀਆਂ ਨਹੀਂ ਹੋਣਗੀਆਂ ਕਿਉਂਕਿ ਹੁਣ ਸੜਕਾਂ ਦੇ ਰੱਖ-ਰਖਾਅ ਸਬੰਧੀ ਪੰਜ ਸਾਲ ਦੀ ਜ਼ਿੰਮੇਵਾਰੀ ਠੇਕੇਦਾਰਾਂ ਕੋਲ ਹੈ ਅਤੇ ਕਿਸੇ ਵੀ ਨੁਕਸਾਨ ਦੇ ਨਤੀਜੇ ਵਜੋਂ ਭੁਗਤਾਨ ਰੋਕਿਆ ਜਾ ਸਕਦਾ ਹੈ, ਬਲੈਕਲਿਸਟ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਕੋਈ ਵੀ ਠੇਕਾ ਨਾ ਦੇਣ ਦੇ ਨਾਲ ਨਾਲ ਹੋਰ ਨਤੀਜੇ ਭੁਗਤਣੇ ਪੈ ਸਕਦੇ ਹਨ। ਸੜਕੀ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਪੱਧਰ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਇਤਿਹਾਸ ਦਾ ਸਭ ਤੋਂ ਵੱਡਾ ਸੜਕ ਨਿਰਮਾਣ ਕਾਰਜ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਕੁੱਲ 16,209 ਕਰੋੜ ਰੁਪਏ ਦੀ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਕਿਹਾ, "ਇਹ ਸਾਰੀਆਂ ਸੜਕਾਂ ਪੰਜ ਸਾਲਾਂ ਦੇ ਰੱਖ-ਰਖਾਅ ਦੀ ਧਾਰਾ ਅਧੀਨ ਬਣਾਈਆਂ ਜਾਣਗੀਆਂ ਜਿਸ ਨਾਲ ਵਿਸ਼ਵ ਪੱਧਰੀ ਸੜਕ ਸੁਰੱਖਿਆ ਦੇ ਨਾਲ-ਨਾਲ ਉੱਚ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਕਦਮ ਦਾ ਉਦੇਸ਼ ਸੂਬੇ ਵਿੱਚ ਬਿਹਤਰ ਆਵਾਜਾਈ ਸਹੂਲਤਾਂ ਪ੍ਰਦਾਨ ਕਰਨਾ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣਾ ਹੈ ਜਿਸ ਨਾਲ ਆਮ ਲੋਕਾਂ ਨੂੰ ਵੱਡਾ ਲਾਭ ਹੋਵੇਗਾ। ਪਾਣੀ ਦੀ ਸੰਭਾਲ ਅਤੇ ਸਿੰਚਾਈ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ, "ਪਾਣੀ ਦੇ ਰਾਖੇ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਕਦੇ ਵੀ ਪਾਣੀ ਦੀ ਸੰਭਾਲ ਵੱਲ ਧਿਆਨ ਨਹੀਂ ਦਿੱਤਾ ਜਦੋਂ ਕਿ ਪੰਜਾਬ ਸਰਕਾਰ ਵੱਲੋਂ ਪਾਣੀ ਦੀ ਹਰ ਬੂੰਦ ਦੀ ਬੱਚਤ ਵੱਲ ਵਿਸ਼ੇਸ਼ ਧਿਆਨ ਦਿੱਤਾ ਰਿਹਾ ਹੈ। ਉਨ੍ਹਾਂ ਕਿਹਾ, "ਸੂਬੇ ਵਿੱਚ 6900 ਕਿਲੋਮੀਟਰ ਲੰਬੇ 18349 ਖਾਲਿਆਂ ਨੂੰ ਬਹਾਲ ਕੀਤਾ ਗਿਆ ਹੈ ਤਾਂ ਜੋ ਸੂਬੇ ਦੇ ਦੂਰ-ਦਰਾਡੇ ਦੇ ਹਿੱਸਿਆਂ ਵਿੱਚ ਪਾਣੀ ਮੁਹੱਈਆ ਕਰਵਾਇਆ ਜਾ ਸਕੇ ਜਿਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਹੋਇਆ ਹੈ। ਸਾਡੀ ਸਰਕਾਰ ਨੇ ਨਹਿਰੀ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਲਈ 6500 ਕਰੋੜ ਰੁਪਏ ਖਰਚ ਕੀਤੇ ਹਨ ਤਾਂ ਜੋ ਸੂਬੇ ਦੇ ਹਰ ਖੇਤਰ ਤੱਕ ਪਾਣੀ ਪਹੁੰਚ ਸਕੇ, ਅਤੇ ਪਹਿਲੀ ਵਾਰ ਸੂਬੇ ਦੇ 1444 ਪਿੰਡਾਂ ਨੂੰ ਨਹਿਰੀ ਪਾਣੀ ਮਿਲਿਆ ਹੈ। ਸਿੱਖਿਆ ਖੇਤਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਪੰਜਾਬ ਨੇ ਨੈਸ਼ਨਲ ਐਚੀਵਮੈਂਟ ਸਰਵੇ-2024 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਇਹ ਸਾਰੇ ਪੰਜਾਬੀਆਂ ਲਈ ਬੇਹੱਦ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਇਸ ਸਰਵੇਖਣ ਵਿੱਚ ਸੂਬੇ ਨੇ ਕੇਰਲਾ ਨੂੰ ਵੀ ਪਛਾੜ ਦਿੱਤਾ ਹੈ। ਉਨ੍ਹਾਂ ਕਿਹਾ, "ਪਿਛਲੇ ਕੁਝ ਸਾਲਾਂ ਦੌਰਾਨ 740 ਵਿਦਿਆਰਥੀਆਂ ਨੇ ਜੇਈਈ ਪ੍ਰੀਖਿਆ ਅਤੇ 1,284 ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ ਅਤੇ 118 ਸਕੂਲ ਆਫ਼ ਐਮੀਨੈਂਸ ਖੋਲ੍ਹੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ 60 ਪਹਿਲਾਂ ਹੀ ਕਾਰਜਸ਼ੀਲ ਹੋ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਸਕੂਲ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਰੁਚੀਆਂ ਦੇ ਅਨੁਸਾਰ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ।"ਉਨ੍ਹਾਂ ਅੱਗੇ ਕਿਹਾ, "ਪਹਿਲੀ ਵਾਰ, 24 ਲੱਖ ਮਾਪਿਆਂ ਨੇ ਮੈਗਾ ਪੀਟੀਐਮ ਵਿੱਚ ਹਿੱਸਾ ਲਿਆ ਹੈ। ਸਿੱਖਿਆ ਸੁਧਾਰਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੈਡੀਕਲ ਅਤੇ ਨਾਨ-ਮੈਡੀਕਲ ਸਮੇਤ ਸਾਰੀਆਂ ਸਟ?ਰੀਮ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।"ਉਨ੍ਹਾਂ ਅੱਗੇ ਕਿਹਾ, "ਵਿਦਿਆਰਥੀਆਂ ਨੂੰ ਆਰਮਡ ਫੋਰਸਿਜ਼ ਪ੍ਰੈਪਰੇਟਰੀ, ਨੀਟ, ਜੇਈਈ ਅਤੇ ਸੀਐਲਏਟੀ ਵਰਗੀਆਂ ਵੱਕਾਰੀ ਪ੍ਰੀਖਿਆਵਾਂ ਲਈ ਕੋਚਿੰਗ ਵੀ ਪ੍ਰਦਾਨ ਕੀਤੀ ਜਾਂਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਿਰਫ ਸਿੱਖਿਆ ਨਾਲ ਹੀ ਸਾਰੀਆਂ ਸਮਾਜਿਕ ਬੁਰਾਈਆਂ ਦਾ ਹੱਲ ਕੀਤਾ ਜਾ ਸਕਦਾ ਹੈ ਇਸ ਲਈ ਪੰਜਾਬ ਸਰਕਾਰ ਨੇ ਸਿੱਖਿਆ ਨੂੰ ਤਰਜੀਹ ਦਿੱਤੀ ਹੈ ਅਤੇ ਲੋਕਾਂ ਦੇ ਜੀਵਨ ਨੂੰ ਬਦਲਣ ਲਈ ਸਿੱਖਿਆ ਖੇਤਰ ਵਿੱਚ ਬੇਮਿਸਾਲ ਪਹਿਲਕਦਮੀਆਂ ਕੀਤੀਆਂ ਹਨ। ਸਮਾਜਿਕ ਪਰਿਵਰਤਨ ਵਿੱਚ ਸਿੱਖਿਆ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ, ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਸੂਬੇ ਵਿੱਚ ਗਰੀਬੀ ਜਾਂ ਹੋਰ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ ਪਰ ਸਿੱਖਿਆ ਹੀ ਉਹ ਕੁੰਜੀ ਹੈ ਜੋ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਉਨ੍ਹਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢ ਸਕਦੀ ਹੈ। ਉਨ੍ਹਾਂ ਕਿਹਾ, ਸਿੱਖਿਆ ਉਹ ਰੌਸ਼ਨੀ ਹੈ ਜੋ ਹਨੇਰੇ ਨੂੰ ਦੂਰ ਕਰਕੇ ਦੁਨੀਆ ਵਿੱਚ ਚਾਨਣ ਬਿਖੇਰਦੀ ਹੈ ਜਿਸ ਕਾਰਨ ਪੰਜਾਬ ਸਰਕਾਰ ਇਸ 'ਤੇ ਵਿਸ਼ੇਸ਼ ਜ਼ੋਰ ਦੇ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਬਿਹਤਰ ਸਿਹਤ ਸੰਭਾਲ ਪ੍ਰਦਾਨ ਕਰਨ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ (ਐਮਐਮਐਸਵਾਈ) ਅਧੀਨ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਦਾਨ ਕੀਤਾ ਜਾ ਰਿਹਾ ਹੈ ਅਤੇ 30 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਪਹਿਲਾਂ ਹੀ ਸਿਹਤ ਕਾਰਡ ਮਿਲ ਚੁੱਕੇ ਹਨ। ਇਸ ਯੋਜਨਾ ਤਹਿਤ 1.65 ਲੱਖ ਲੋਕਾਂ ਨੂੰ ਮੁਫ਼ਤ ਇਲਾਜ ਮਿਲ ਚੁੱਕਾ ਹੈ ਅਤੇ ਲੋਕਾਂ ਨੂੰ ਇਨ੍ਹਾਂ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹ ਕਿ ਰਾਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਖੇਤਾਂ ਦੀਆਂ ਮੋਟਰਾਂ ਲਈ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਗਈ ਹੈ। ਬਿਜਲੀ ਸੁਧਾਰਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਹੁਣ ਪਹਿਲੀ ਵਾਰ ਸਿੰਚਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਵਰਤੋਂ ਪੂਰੀ ਸੂਝ-ਬੂਝ ਨਾਲ ਕਰ ਰਹੀ ਹੈ। ਮਾਵਾਂ ਧੀਆਂ ਸਤਿਕਾਰ ਯੋਜਨਾ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪ ਸਰਕਾਰ ਦੀ ਇਹ ਯੋਜਨਾ 18 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਅਤੇ ਹੋਰ ਸਾਰੇ ਵਰਗਾਂ ਨਾਲ ਸਬੰਧਤ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਪ੍ਰਦਾਨ ਕਰੇਗੀ। ਵਿੱਤੀ ਜ਼ਿੰਮੇਵਾਰੀ ਦੀ ਪੁਸ਼ਟੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੇ ਟੈਕਸ ਦਾ ਪੈਸਾ ਸੂਬੇ ਦਾ ਹੈ ਅਤੇ ਇਸਨੂੰ ਲੋਕਾਂ ਦੀ ਭਲਾਈ ਲਈ ਹੀ ਖਰਚ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਰਦਾਤਾਵਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਪੰਜਾਬ ਸਰਕਾਰ ਨੇ ਆਪਣੀਆਂ ਸਾਰੀਆਂ ਗਰੰਟੀਆਂ ਪੂਰੀਆਂ ਕਰ ਲਈਆਂ ਹਨ, ਪਰ ਪੰਜਾਬ ਦੀ ਤਰੱਕੀ ਲਈ ਯਤਨ ਜਾਰੀ ਰਹਿਣਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਸੀਂ ਮੰਚ 'ਤੇ ਖੜ੍ਹ ਕੇ ਸਿੱਖਿਆ, ਸਿਹਤ, ਬਿਜਲੀ ਅਤੇ ਖੇਤੀਬਾੜੀ ਬਾਰੇ ਗੱਲ ਕਰਦੇ ਹਾਂ, ਜਦੋਂ ਕਿ ਦੂਜੀਆਂ ਪਾਰਟੀਆਂ ਸਿਰਫ ਸੱਤਾ ਹਥਿਆਉਣ 'ਤੇ ਆਪਣਾ ਧਿਆਨ ਕੇਂਦਰਤ ਕਰ ਕੇ ਚੱਲ ਰਹੀਆਂ ਹਨ। ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਇਹ ਮੌਕਾਪ੍ਰਸਤ ਆਗੂ ਨਿਰਾਸ਼ਾ ਦੇ ਆਲਮ ਵਿੱਚ ਲੰਘ ਰਹੇ ਹਨ ਅਤੇ ਲੋਕ ਉਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਦੇ ਰਹੇ ਕਿਉਂਕਿ ਉਨ੍ਹਾਂ ਦਾ ਏਜੰਡਾ ਲੋਕਾਂ ਦੀ ਬਜਾਏ ਸਿਰਫ਼ ਆਪਣੇ ਪਰਿਵਾਰਾਂ ਦੀ ਭਲਾਈ ਤੱਕ ਸੀਮਤ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਆਗੂਆਂ ਦਾ ਇੱਕੋ ਇੱਕ ਏਜੰਡਾ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਵਿੱਚ ਵੰਡੀਆਂ ਪਾਉਣ ਤੋਂ ਸਿਵਾਏ ਹੋਰ ਕੁਝ ਨਹੀਂ ਹੁੰਦਾ।


**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH
EX.MALL, SECTOR-9,
ROHINI, NEW DELHI

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**ਉੱਤਰ ਰੇਲਵੇ**

**ਨਿਵਿਦਾ ਮੰਗ ਸੂਚਨਾ**

| | |
|---|---|
| ਕੰਮ ਦਾ ਨਾਮ ਅਤੇ ਇਸ ਦੀ ਸਥਿਤੀ | 73-SRDEE-G-DLI-2025-26 ਦਿੱਲੀ ਡਵੀਜਨ ਦੇ ਡੀਯੂਕੇ, ਐਮਟੀਸੀ ਅਤੇ ਐਸਐਮਕਯੂਐਲ ਖੇਤਰਾਂ ਵਿਚ ਸਟੇਸ਼ਨਾਂ, ਸੇਵਾ ਭਵਨਾਂ, ਅਵਾਸੀ ਭਵਨਾਂ ਅਤੇ ਐਲਸੀ ਗੇਟ ਤੇ ਰੂਫਟਾਪ ਪ੍ਰਕਾਰ ਦੇ ਸੌਰ ਸੰਯੰਤਰਾਂ ਦੇ ਡਿਜਾਈਨ, ਸਪਲਾਈ, ਸਥਾਪਨਾ, ਪ੍ਰੀਖਸ਼ਣ ਅਤੇ ਕਮਿਸ਼ਨਿੰਗ ਦੇ ਨਾਲ-ਨਾਲ ਹੋਰ ਸਬੰਧਤ ਕੰਮਾਂ ਦਾ ਕੰਮ ਸੀਏਐਮਸੀ ਦੇ ਨਾਲ ਪੰਜ ਸਾਲਾਂ ਦੇ ਲਈ ਕੀਤਾ ਜਾਵੇਗਾ। |
| ਨਿਵਿਦਾ ਦੀ ਅੰਦਾਜਨ ਲਾਗਤ | ₹ 4,81,02,962.00/- |
| ਦਫਤਰ ਦਾ ਪਤਾ | ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਜੀ, ਸਟੇਟ ਐਂਟ੍ਰੀ ਰੋਡ, ਨਵੀਂ ਦਿੱਲੀ |
| ਬਿਆਨਾ ਰਾਸ਼ੀ | ₹ 9,62,100.00/- |
| ਨਿਵਿਦਾ ਨਿਵੇਦਨ ਦੀ ਮਿਤੀ ਤੇ ਸਮਾਂ | 21.04.2026, 16:00 ਵਜੇ |
| ਨਿਵਿਦਾ ਖੋਹਲਣ ਦੀ ਮਿਤੀ ਤੇ ਸਮਾਂ | 21.04.2026, 16:00 ਵਜੇ |
| ਵੈਬਸਾਈਟ ਤੇ ਨੋਟਿਸ ਬੋਰਡ | www.ireps.gov.in ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਜੀ, ਨਵੀਂ ਦਿੱਲੀ |

1076/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਕੌਮੀ ਪੱਤ੍ਰਿਕਾ

# ਤਨਖਾਹਾਂ ਦਾ ਬਜਟ ਵਾਪਸ ਲੈਣ ਤੋਂ ਭੜਕੇ ਜੰਗਲਾਤ ਕਾਮਿਆਂ ਵੱਲੋਂ ਪੰਜਾਬ ਸਰਕਾਰ ਦਾ ਕੀਤਾ ਪਿੱਟ ਸਿਆਪਾ



**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜੰਗਲਾਤ ਵਿਭਾਗ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਦੀਆ ਤਨਖਾਹਾਂ ਅਤੇ ਬਕਾਇਆ ਦਾ ਬਜਟ ਵਿਭਾਗ ਵੱਲੋਂ ਵਾਪਸ ਲੈਣ ਕਾਰਨ ਕਾਮਿਆਂ ਵਿੱਚ ਬੇਚੈਨੀ ਅਤੇ ਰੋਸ ਪਾਇਆ ਜਾ ਰਿਹਾ ਹੈ। ਕਾਮਿਆਂ ਨੂੰ ਬੱਚਿਆਂ ਦੇ ਦਾਖਲੇ ਕਰਵਾਉਣ ਅਤੇ ਘਰ ਦਾ ਗੁਜ਼ਾਰਾ ਚਲਾਉਣ ਲਈ ਚਿੰਤਾ ਵੱਡ ਵੱਡ ਖਾ ਰਹੀ ਹੈ ਜਿਸ ਕਾਰਨ ਅੱਜ ਜੰਗਲਾਤ ਕਾਮਿਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਜ਼ਿਲ੍ਹਾ ਜੰਗਲਾਤ ਅਫਸਰ ਦੇ ਦਫਤਰ ਅੱਗੇ ਜ਼ਿਲਾ ਪ੍ਰਧਾਨ ਜਸਵਿੰਦਰ ਸਿੰਘ ਸੌਜਾ, ਜਰਨਲ ਸਕੱਤਰ ਜਗਤਾਰ ਸਿੰਘ ਦੀ ਅਗਵਾਈ ਵਿੱਚ ਰੋਸ ਧਰਨਾ ਦੇਣ ਤੋਂ ਬਾਅਦ ਰੋਸ ਮਾਰਚ ਕਰਕੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਮੰਗ ਕੀਤੀ ਗਈ ਕਿ ਜੰਗਲਾਤ ਵਿਭਾਗ ਅਤੇ ਜੰਗਲੀ ਜੀਵ ਵਿਭਾਗ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਦੀਆਂ ਤਨਖਾਹਾਂ ਦਾ ਅਤੇ ਬਕਾਏ ਦਾ ਬਜਟ ਵਾਪਸ ਲਿਆ ਉਹ ਤੁਰੰਤ ਜਾਰੀ ਕੀਤਾ ਜਾਵੇ ਅਤੇ ਕਮਿਆਂ ਦੀਆਂ ਰਹਿਦੀਆਂ ਤਨਖਾਹਾਂ ਤੇ ਬਕਾਏ ਤੁਰੰਤ ਦਿੱਤੇ ਜਾਣ ਕੱਚੇ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਜਾਣ ਕੱਚੇ ਕਾਮਿਆਂ ਦੀ ਸੀਨੀਆਰਤਾ ਸੂਚੀ ਬਣਾਈ ਜਾਵੇ ਅਤੇ ਕੱਚੇ ਕਾਮਿਆਂ ਨੂੰ ਨਿਯਮਾਂ ਅਨੁਸਾਰ ਬਣਦੀਆਂ ਸਹੂਲਤਾਂ ਜਿਹੜੀਆਂ ਉਹ ਦਿੱਤੀਆਂ ਜਾਣ ਅੱਜ ਜਥੇਬੰਦੀ ਨੂੰ ਉਸ ਸਮੇਂ ਭਾਰੀ ਵਲ ਮਿਲਿਆ ਜਦੋਂ ਦੂਸਰੀਆਂ ਜਥੇਬੰਦੀਆਂ ਛੱਡ ਕੇ ਵੱਡੀ ਗਿਣਤੀ ਵਿੱਚ ਕਾਮੇ ਚਲਦੇ ਧਰਨੇ ਦੌਰਾਨ ਜੰਗਲਾਤ ਵਰਕਰ ਯੂਨੀਅਨ ਪੰਜਾਬ ਵਿੱਚ ਸ਼ਾਮਿਲ ਹੋਏ ਜਥੇਬੰਦੀ ਵੱਲੋਂ ਸ਼ਾਮਿਲ ਹੋਏ ਕਾਮਿਆਂ ਦਾ ਸਵਾਗਤ ਕੀਤਾ ਗਿਆ ਧਰਨੇ ਨੂੰ ਪੰਜਾਬ ਸੁਬੋਰਡਿਨੇਟ ਸਰਵਸੀਜ ਫੈਡਰੇਸ਼ਨ ਦੇ ਸੂਬਾ ਆਗੂ ਦਰਸ਼ਨ ਸਿੰਘ ਬੇਲੂ ਮਾਜਰਾ, ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਖਾਨਪੁਰ, ਜਸਵੀਰ ਸਿੰਘ ਖੋਖਰ, ਸੁਖਬੀਰ ਸਿੰਘ ਢੀਂਡਸਾ,ਧਰਮਪਾਲ ਲੋਟ, ਬੰਤ ਰਾਮ, ਭੁਪਿੰਦਰ ਸਿੰਘ ਸਾਧੋਹੇੜੀ,ਸੇਰ ਸਿੰਘ ਸਰਹਿੰਦ, ਭਿੰਦਰ ਸਿੰਘ ਘੱਗਾ,ਨਰੇਸ ਸਿੰਘ,ਅਮਰਜੀਤ ਸਿੰਘ ,ਵਿਪਨ ਪਰਸਾਦ,ਹਰਜਿੰਦਰ ਸਿੰਘ, ਆਦ ਆਗੂਆਂ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਤਨਖਾਹਾਂ ਦਾ ਬਜਟ ਵਾਪਸ ਲੈਣ ਦੀ ਸਖਤ ਨਿੰਦਾ ਕੀਤੀ ਅਤੇ ਜਥੇਬੰਦੀ ਚ ਸ਼ਾਮਿਲ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਅੱਜ ਦੇ ਰੋਸ ਧਰਨੇ ਵਿੱਚ ਹੋਰਨਾ ਤੋ ਇਲਾਵਾ ਦਵਿੰਦਰ ਸਿੰਘ ਚੌਧਰੀਮਾਜਰਾ ਬਲਕਾਰ ਬਠੋਈ, ਭੁਪਿੰਦਰ ਰੌਣੀ ਗੁਰਮੁੱਖ ਸਿੰਘ ਸਰਹਿੰਦ ਬਲਜੀਤ ਸਿੰਘ ਧਾਮੋਮਾਜਰਾ ਪਾਲਾ ਗੁਰਦਿਆਲਪੁਰਾ, ਹਾਕਮ ਖਾਨ ਜਗਤਾਰ ਸੁਧੇਵਾਲ ਗੋਗੀ ਲੰਗ ਕੁਲਦੀਪ ਕੌਰ ਪਰਮਜੀਤ ਕੌਰ ਜਸਪਾਲ ਕੌਰ ਅਮਰਜੀਤ ਕੌਰ ਆਦੀ ਸਾਮਲ ਹੋਏ।

# ਆਪ ਸਰਕਾਰ ਨੇ ਪੰਜਾਬ ਦੇ ਖਜਾਨੇ ਦਾ ਪੈਸਾ ਦੂਜੇ ਰਾਜਾਂ ਲੇਖੇ ਲਾ ਕੇ ਆਪਣੇ ਸੂਬੇ ਨੂੰ ਆਰਥਿਕ ਪੱਖੋਂ ਕੀਤਾ ਕਮਜ਼ੋਰ : ਬਿੱਟੂ ਚੱਠਾ



**ਪਟਿਆਲਾ, 30 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਆਪਣੇ ਰਾਜ ਦਾ ਪੈਸਾ ਪਾਰਟੀ ਸੁਪਰੀਮੋ ਕੇਜਰੀਵਾਲ ਨੂੰ ਖੁਸ਼ ਕਰਨ ਲਈ ਹੋਰਨਾਂ ਸੂਬਿਆਂ ਵਿਚ ਚੋਣ ਪ੍ਰਚਾਰ 'ਤੇ ਖਰਚ ਕੀਤਾ ਜਾ ਰਿਹਾ ਹੈ। ਜਿਸ ਨਾਲ ਪੰਜਾਬ ਆਰਥਿਕ ਪੱਖੋਂ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਸਪਾਲ ਸਿੰਘ ਬਿੱਟੂ ਚੱਠਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਮੰਤਰੀ ਸਵ. ਰਾਜਾ ਨਰਿੰਦਰ ਸਿੰਘ ਦੇ ਨਿਕਟਵਰਤੀਆਂ ਵਿਚੋਂ ਜਾਣੇ ਜਾਂਦੇ ਗੁਰਦਿਆਲ ਇੰਦਰ ਸਿੰਘ ਬਿੱਲੂ ਵੀ ਹਾਜ਼ਰ ਸਨ। ਇਸ ਮੌਕੇ ਬਿੱਲੂ ਅਤੇ ਚੱਠਾ ਨੇ ਕਿਹਾ ਕਿ 5 ਅਪ੍ਰੈਲ ਨੂੰ ਪਟਿਆਲਾ ਅਨਾਜ ਮੰਡੀ ਵਿਖੇ ਪਟਿਆਲਾ ਦਿਹਾਤੀ ਹਲਕੇ ਦੀ ਵਿਸ਼ਾਲ ਰੈਲੀ ਪੰਜਾਬ ਬਚਾਓ, ਬਾਦਲ ਲਿਆਓ ਦੇ ਨਾਅਰੇ ਤਹਿਤ ਕਰਵਾਈ ਜਾ ਰਹੀ ਹੈ। ਜਿਸ ਵਿਚ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਵੀ ਰੈਲੀ ਨੂੰ ਸੰਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਰੈਲੀ ਨੂੰ ਲੈ ਕੇ ਪਟਿਆਲਾ ਦਿਹਾਤੀ ਹਲਕੇ ਦੇ ਲੋਕਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਮੀਟਿੰਗਾਂ ਵਿਚ ਹਾਜ਼ਰੀ ਤੋਂ ਇਸ ਦਾ ਪਤਾ ਲੱਗਦਾ ਹੈ ਕਿ ਹਲਕੇ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਦਿਲੋਂ ਪਿਆਰ ਕਰਦੇ ਹਨ ਅਤੇ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ ਉਤਾਵਲੇ ਹਨ।

# ਹਰਜਸ ਸਕੂਲ ਝੜੌਦੀ ਨੇ ਐਲਾਨਿਆ ਸਲਾਨਾ ਨਤੀਜਾ, ਵਿਦਿਆਰਥੀਆਂ ਨੇ ਸ਼ਾਨਦਾਰ ਅੰਕਾਂ ਨਾਲ ਮਾਰੀਆਂ ਮੱਲ



**ਮਾਛੀਵਾੜਾ ਸਾਹਿਬ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਨਜ਼ਦੀਕ ਸਥਿਤ ਪਿੰਡ ਝੜੌਦੀ ਵਿਖੇ ਸਥਿਤ ਸਿਰਕੱਢ ਵਿਦਿਅਕ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਨੌਨ ਬੋਰਡ ਜਮਾਤਾਂ ਦੇ ਨਤੀਜੇ ਐਲਾਨੇ ਗਏ।ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਅੰਕ ਪ੍ਰਾਪਤ ਕਰਦਿਆਂ ਆਪਣੇ ਮਾਤਾ ਪਿਤਾ, ਅਧਿਆਪਕਾਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਅਤੇ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨੌਨ ਬੋਰਡ ਜਮਾਤਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਦਿਆਂ ਵੱਖ ਵੱਖ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ। ਉਹਨਾਂ ਵਿਦਿਆਰਥੀ ਦੀ ਪ੍ਰਾਪਤੀਆਂ ਤੇ ਖੁਸ਼ ਹੁੰਦਿਆਂ ਵਿਦਿਆਰਥੀਆਂ ਉਹਨਾਂ ਦੇ ਅਧਿਆਪਕਾਂ ਅਤੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਆਖਿਆ ਕਿ ਇਹ ਅਧਿਆਪਕਾਂ ਦੀ ਸੁਚੱਜੀ ਅਗਵਾਈ ,ਵਿਦਿਆਰਥੀਆਂ ਦੀ ਸਖਤ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਸਦਕਾ ਹੀ ਸੰਭਵ ਹੁੰਦਾ ਹੈ ਕਿ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਨ ਵਿੱਚ ਸਫਲ ਹੁੰਦੇ। ਉਹਨਾਂ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਅੱਗੇ ਹੋਰ ਮਿਹਨਤ ਕਰਕੇ ਉੱਚ ਮੁਕਾਮ ਹਾਸਿਲ ਕਰਨ ਲਈ ਪ੍ਰੇਰਤ ਵੀ ਕੀਤਾ। ਇਸ ਮੌਕੇ ਸਕੂਲ ਕੁਆਡੀਨੇਟਰ ਅਤੇ ਮੀਡੀਆ ਇੰਚਾਰਜ ਮਾਸਟਰ ਸਤੀਸ਼ ਕੁਮਾਰ ਨੇ ਵਿਦਿਆਰਥੀਆਂ ਦੀ ਪ੍ਰਾਪਤੀ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸਕੂਲ ਵਿੱਚ ਜਿੱਥੇ ਸਲਾਨਾ ਨਤੀਜੇ ਐਲਾਨ ਦਿਆਂ ਵਿਦਿਆਰਥੀਆਂ ਦੇ ਸ਼ਾਨਦਾਰ ਅੰਕਾਂ ਦੀ ਪ੍ਰਾਪਤੀ ਤੇ ਉਹਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਉੱਥੇ ਹੀ ਪੂਰੇ ਸਾਲ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਪੁਜੀਸ਼ਨਾਂ ਪ੍ਰਾਪਤ ਕਰਨ ਵਿਲੇ ਵਿਦਿਆਰਥੀਆਂ ਨੂੰ ਵੀ ਉਚੇਚੇ ਤੌਰ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਉਹਨਾਂ ਵਿਦਿਆਰਥੀਆਂ ਨੂੰ ਇਸ ਗੱਲ ਦੀ ਵੀ ਵਧਾਈ ਦਿੱਤੀ ਕਿ ਉਹ ਇੱਕ ਅਜਿਹੀ ਵਿਦਿਅਕ ਸੰਸਥਾ ਵਿੱਚ ਵਿੱਦਿਆ ਗ੍ਰਹਿਣ ਕਰ ਰਹੇ ਹਨ ਜਿੱਥੋਂ ਦੀ ਮੈਨੇਜਮੈਂਟ ਪੜ੍ਹਾਈ ਦੇ ਨਾਲ ਨਾਲ ਸਮਾਜਿਕ ਧਾਰਮਿਕ ਰਾਜਨੀਤਿਕ ਅਤੇ ਸੱਭਿਆਚਾਰਿਕ ਗਤੀਵਿਧੀਆਂ ਵਿੱਚ ਵੱਖ-ਵੱਖ ਸਮੇਂ ਤੇ ਭਾਗ ਦੁਆ ਉਹਨਾਂ ਦੇ ਸਰਵਪੱਖੀ ਵਿਕਾਸ ਵਿੱਚ ਉਚੇਚਾ ਯੋਗਦਾਨ ਪਾਉਂਦੀ ਆ ਰਹੀ ਹੈ। ਉਹਨਾਂ ਕਿਹਾ ਕਿ ਸਕੂਲ ਵਿੱਚ ਬੀਤੇ ਕੱਲ ਹੀ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਿੱਥੇ ਵਿਦਿਆਰਥੀਆਂ ਨੂੰ ਧਾਰਮਿਕ ਵਿਦਿਆ ਦਿੰਨੇ ਆ ਸਾਰੇ ਧਰਮਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ ਗਈ ਅਤੇ ਉਹਨਾਂ ਨੂੰ ਹਰ ਧਰਮ ਨੂੰ ਬਰਾਬਰ ਦਾ ਦਰਜਾ ਦੇਣ ਲਈ ਪ੍ਰੇਰਿਤ ਕੀਤਾ ਗਿਆ।

ਨਰਸਰੀ ਜਮਾਤ ਤੋਂ ਗਿਆਰਵੀਂ ਜਮਾਤ ਤੱਕ ਦੇ ਜਮਾਤ ਕਮਰਿਆਂ ਵਿੱਚ ਸਬੰਧਤ ਅਧਿਆਪਕਾਂ ਵੱਲੋਂ ਸਜਾਏ ਗਏ ਗ੍ਰੀਨ ਬੋਰਡ ਅਤੇ ਸੈਲਫੀ ਸਟੈਂਡ ਕਾਬਲੇ ਤਾਰੀਫ ਸਨ ਵਿਦਿਆਰਥੀਆਂ ਦੇ ਮਾਪਿਆਂ ਨੇ ਸਕੂਲ ਵੱਲੋਂ ਕਰਵਾਏ ਜਾਂਦੇ ਕਾਰਜਾਂ ਤੋਂ ਸੰਤੁਸ਼ਟ ਹੁੰਦਿਆਂ ਪੂਰੀ ਖੁਸ਼ੀ ਪ੍ਰਗਟ ਕੀਤੀ ਅਤੇ ਸੰਬੰਧਿਤ ਮਨੇਜਮੈਂਟ ਸਮੇਤ ਅਧਿਆਪਕਾਂ ਦਾ ਧੰਨਵਾਦ ਪ੍ਰਗਟ ਕੀਤਾ ਜੋ ਉਹਨਾਂ ਦੇ ਬੱਚਿਆਂ ਨੂੰ ਹਰ ਪੱਖੋਂ ਉੱਤਮ ਬਣਾਉਣ ਲਈ ਹਰ ਪਲ ਕੁਝ ਨਵਾਂ ਸਿਖਾਉਣ ਲਈ ਤਤਪਰ ਰਹਿੰਦੇ ਹਨ।

# ਸ਼ਹਿਰ ਨੂੰ ਪਦੂਸ਼ਣ ਮੁਕਤ ਕਰਾਂਗੇ: ਮੇਅਰ

**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਸਫਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਆਧੁਨਿਕ ਬਣਾਉਣ ਲਈ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਸ਼ਹਿਰ ਵਿੱਚ 'ਵੈੱਟ ਐਂਡ ਡਰਾਈ ਵੇਸਟ ਲਿਟਰ ਪਿਕਰ ਮਸ਼ੀਨ' ਦੀ ਸ਼ੁਰੂਆਤ ਕੀਤੀ ਗਈ, ਜੋ ਸਫਾਈ ਪ੍ਰਬੰਧ ਵਿੱਚ ਨਵੀਂ ਤਕਨਾਲੋਜੀ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਪਟਿਆਲਾ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਣ-ਮੁਕਤ ਸ਼ਹਿਰ ਬਣਾਉਣਾ ਹੈ। ਇਹ ਨਵੀਂ ਮਸ਼ੀਨ ਸੜਕਾਂ, ਬਾਜ਼ਾਰਾਂ ਅਤੇ ਹੋਰ ਜਨਤਕ ਥਾਵਾਂ ਤੋਂ ਕੂੜਾ ਇਕੱਠਾ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਸਫਾਈ ਕਰਮਚਾਰੀਆਂ ਨੂੰ ਕੂੜਾ ਇਕੱਠਾ ਕਰਨ ਲਈ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ, ਪਰ ਇਸ ਮਸ਼ੀਨ ਦੇ ਆਉਣ ਨਾਲ ਉਹਨਾਂ ਦਾ ਕੰਮ ਕਾਫ਼ੀ ਹੱਦ ਤੱਕ ਆਸਾਨ ਹੋ ਜਾਵੇਗਾ। ਮਸ਼ੀਨ ਵਿੱਚ ਲੱਗੇ ਆਧੁਨਿਕ ਸਕਸ਼ਨ ਸਿਸਟਮ ਰਾਹੀਂ ਕੂੜਾ ਤੇਜ਼ੀ ਨਾਲ ਚੁੱਕਿਆ ਜਾਂਦਾ ਹੈ ਅਤੇ ਮਸ਼ੀਨ ਦੇ ਅੰਦਰ ਇਕੱਠਾ ਕੀਤਾ ਜਾਂਦਾ ਹੈ, ਜਿਸ ਨਾਲ ਸਫਾਈ ਵਿੱਚ ਸੁਧਾਰ ਆਵੇਗਾ।

ਸ੍ਰੀ ਕਾਲੀ ਦੇਵੀ ਮੰਦਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਮੇਅਰ ਕੁੰਦਨ ਗੋਗੀਆ ਨੇ ਮੰਦਰ ਦੇ ਬਾਹਰ ਸ਼ਰਧਾਲੂਆਂ ਲਈ ਆਧੁਨਿਕ ਜਨਤਕ ਪਖਾਨੇ ਬਣਾਉਣ ਦਾ ਕਾਰਜ ਸ਼ੁਰੂ ਕਰਵਾ ਦਿੱਤਾ ਹੈ। ਨਰਾਤਰਿਆਂ, ਮੇਲਿਆਂ ਅਤੇ ਹੋਰ ਖ਼ਾਸ ਧਾਰਮਿਕ ਸਮਾਗਮ ਦੌਰਾਨ ਮੰਦਰ ਵਿੱਚ ਸ਼ਰਧਾਲੂਆਂ ਦੀ ਭੀੜ ਬੇਹੱਦ ਵਧ ਜਾਂਦੀ ਹੈ। ਅਜਿਹੇ ਸਮੇਂ ਵਿੱਚ ਜਨਤਕ ਪਖਾਨਿਆਂ ਦੀ ਘਾਟ ਕਾਰਨ ਸ਼ਰਧਾਲੂਆਂ ਖ਼ਾਸ ਕਰਕੇ ਔਰਤਾਂ ਅਤੇ ਬਜ਼ੁਰਗਾਂ ਨੂੰ ਕਾਫ਼ੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਗੰਭੀਰ ਸਮੱਸਿਆ ਨੂੰ ਸਮਝਦਿਆਂ ਮੇਅਰ ਨੇ ਇਹ ਕਾਰਜ ਸ਼ੁਰੂ ਕਰਵਾਇਆ ਹੈ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ। ਮੇਅਰ ਨੇ ਕਿਹਾ ਕਿ ਹਾਲ ਹੀ ਵਿੱਚ ਹੋਈ ਐੱਫ ਐਂਡ ਸੀ ਸੀ ਦੀ ਮੀਟਿੰਗ ਵਿੱਚ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਿਤ 46 ਜਨਤਕ ਪਖਾਨਿਆਂ ਲਈ ਵੱਖਰੇ ਤੌਰ 'ਤੇ ਵੱਡੇ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ ਸੀ।

# ਐਸ.ਐਸ.ਪੀ. ਦੀ ਅਗਵਾਈ 'ਚ ਜਲੰਧਰ ਦਿਹਾਤੀ ਪੁਲਿਸ ਵਲੋਂ ਸਪੈਸ਼ਲ ਨਾਕਾਬੰਦੀ



**ਜਲੰਧਰ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਜਲੰਧਰ ਦਿਹਾਤੀ ਪੁਲਿਸ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਸਪੈਸ਼ਲ ਨਾਕਾਬੰਦੀ ਕੀਤੀ ਗਈ। ਇਹ ਕਾਰਵਾਈ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਟੀ ਸਰਵੇਲੈਂਸ ਪਲਾਨ ਤਹਿਤ ਕੀਤੀ ਗਈ, ਜਿਸਦਾ ਮਕਸਦ ਸੁਰੱਖਿਆ ਅਤੇ ਚੌਕਸੀ ਨੂੰ ਹੋਰ ਮਜ਼ਬੂਤ ਕਰਨਾ ਹੈ।

ਐਸ.ਐਸ.ਪੀ. ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਮੁੱਖ ਅਫਸਰ ਥਾਣਾ ਦੀ ਅਗਵਾਈ ਵਿੱਚ ਸ਼ਹਿਰਾਂ ਅਤੇ ਕਸਬਿਆਂ ਦੇ ਅਹਿਮ ਸਥਾਨਾਂ 'ਤੇ ਨਾਕੇ ਲਗਾਏ। ਇਹ ਨਾਕਾਬੰਦੀਆਂ ਅਕਸਰ ਅਚਾਨਕ ਕੀਤੀਆਂ ਜਾਂਦੀਆਂ ਹਨ, ਤਾਂ ਜੋ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਸਕੇ।

ਉਨ੍ਹਾਂ ਦੱਸਿਆ ਕਿ ਇਸ ਅਭਿਆਨ ਦੌਰਾਨ ਵਿਸ਼ੇਸ਼ ਨਿਗਰਾਨੀ ਰੱਖ ਕੇ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਅਤੇ ਕਾਨੂੰਨ-ਵਿਵਸਥਾ ਬਣਾਈ ਰੱਖਣ 'ਤੇ ਖਾਸ ਧਿਆਨ ਦਿੱਤਾ ਗਿਆ।

ਇਸ ਤੋਂ ਇਲਾਵਾ ਰਾਤ ਸਮੇਂ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਾਈਟ ਡੋਮੀਨੇਸ਼ਨ ਆਪਰੇਸ਼ਨ ਵੀ ਤੇਜ਼ ਕੀਤੇ ਗਏ ਹਨ। ਇਨ੍ਹਾਂ ਕਾਰਵਾਈਆਂ ਦਾ ਮੁੱਖ ਉਦੇਸ਼ ਅਪਰਾਧਾਂ 'ਤੇ ਨਿਯੰਤਰਣ, ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨਾ ਅਤੇ ਇੱਕ ਸੁਰੱਖਿਅਤ ਮਾਹੌਲ ਤਿਆਰ ਕਰਨਾ ਹੈ। ਇਸ ਨਾਲ ਡਿਊਟੀ 'ਤੇ ਤੈਨਾਤ ਪੁਲਿਸ ਕਰਮਚਾਰੀਆਂ ਦੀ ਚੌਕਸੀ ਅਤੇ ਕਾਰਗੁਜ਼ਾਰੀ ਵਿੱਚ ਵੀ ਸੁਧਾਰ ਆਉਂਦਾ ਹੈ।

ਐਸ.ਐਸ.ਪੀ. ਨੇ ਹੋਰ ਦੱਸਿਆ ਕਿ ਵੱਖ-ਵੱਖ ਵਿਭਾਗਾਂ ਅਤੇ ਸਟੇਕਹੋਲਡਰਾਂ ਨਾਲ ਨਿਯਮਿਤ ਤੌਰ 'ਤੇ ਕੋਆਰਡੀਨੇਸ਼ਨ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਟ੍ਰੈਫਿਕ ਪ੍ਰਬੰਧਨ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਟ੍ਰੈਫਿਕ ਵਿਭਾਗ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ।

ਸੀਨੀਅਰ ਅਧਿਕਾਰੀਆਂ, ਖ਼ਾਸ ਕਰਕੇ ਸਪੈਸ਼ਲ ਡੀਜੀਪੀ ਟ੍ਰੈਫਿਕ ਵੱਲੋਂ ਜਾਰੀ ਹਦਾਇਤਾਂ ਨੂੰ ਸਾਰੇ ਸਬ-ਡਿਵੀਜ਼ਨਾਂ ਵਿੱਚ ਐਸਐਚਓਜ਼ ਅਤੇ ਡੀਐਸਪੀਜ਼ ਦੀ ਨਿਗਰਾਨੀ ਹੇਠ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਜਨਤਾ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਐਸ.ਐਸ.ਪੀ. ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਿਸ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹਰ ਸਮੇਂ ਜਨਤਾ ਦੀ ਸੁਰੱਖਿਆ ਅਤੇ ਭਲਾਈ ਲਈ ਸਮਰਪਿਤ ਹੈ।

# ਐਸ.ਸੀ.ਕਮਿਸ਼ਨ ਵਲੋਂ ਦਲਿਤ ਵਿਦਿਆਰਥੀ ਨੂੰ ਦਾਖਲਾ ਨਾ ਦੇਣ ਦੇ ਮਾਮਲੇ ਵਿਚ ਰਜਿੰਦਰ ਕਾਲਜ ਬਠਿੰਡਾ ਦੀ ਪ੍ਰਿੰਸੀਪਲ ਤਲਬ

**ਚੰਡੀਗੜ੍ਹ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਇਕ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀਆਂ ਨੂੰ ਰਜਿੰਦਰਾ ਕਾਲਜ ਬਠਿੰਡਾ ਵਿਖੇ ਦਾਖਲਾ ਨਾ ਦੇਣ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਕਾਲਜ ਪ੍ਰਿੰਸੀਪਲ ਨੂੰ ਤਲਬ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਇਕ ਅਖਬਾਰ ਵਿੱਚ ਛਪੀ ਖਬਰ ਰਾਹੀਂ ਕਮਿਸ਼ਨ ਦੇ ਧਿਆਨ ਵਿੱਚ ਆਇਆ ਜਿਸ ਤੇ ਕਾਰਵਾਈ ਕਰਦਿਆਂ ਕਮਿਸ਼ਨ ਵਲੋਂ ਰਜਿੰਦਰਾ ਕਾਲਜ ਬਠਿੰਡਾ ਦੀ ਪ੍ਰਿੰਸੀਪਲ ਨੂੰ 1 ਅਪ੍ਰੈਲ 2026 ਨੂੰ ਨਿੱਜੀ ਤੌਰ ਤੇ ਕਮਿਸ਼ਨ ਅੱਗੇ ਪੇਸ਼ ਹੋਣ ਲਈ ਕਿਹਾ ਹੈ।

# ਸਿੱਖਿਆ ਵਿਭਾਗ ਖ਼ਿਲਾਫ਼ ਮੁਜ਼ਾਹਰਾ

**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿ ਕਲਾਸ ਫੋਰਥ ਗੌਰਮਿੰਟ ਐਂਪਲਾਈਜ਼ ਯੂਨੀਅਨ ਦੇ ਸਿੱਖਿਆ ਵਿਭਾਗ ਵਿੰਗ ਦੀ ਮੀਟਿੰਗ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਦੀ ਅਗਵਾਈ ਹੇਠ ਹੋਈ। ਇਸ ਦੌਰਾਨ ਮੁਲਾਜ਼ਮ ਮੰਗਾਂ ਮੰਨਵਾਉਣ ਲਈ ਸਰਕਾਰ ਅਤੇ ਸਿੱਖਿਆ ਵਿਭਾਗ ਵਿਰੁੱਧ ਮੁਜ਼ਾਹਰਾ ਵੀ ਕੀਤਾ ਗਿਆ। ਇਸ ਮੌਕੇ ਸਮੂਹ ਸਕੂਲਾਂ ਦੇ ਮਿੱਡ-ਡੇਅ ਮੀਲ ਵਰਕਰਾਂ ਅਤੇ ਪੰਜਾਬ ਦੇ 8200 ਸਕੂਲਾਂ ਦੇ ਸਫਾਈ ਸੇਵਕਾਂ ਨੂੰ ਸਿਰਫ਼ 3000 ਅਤੇ ਚੌਕੀਦਾਰਾਂ ਨੂੰ 5000 ਰੁਪਏ ਤਨਖਾਹ ਦੇਣ ਦੀ ਕਾਰਵਾਈ ਨੂੰ ਕੋਝਾ ਮਜ਼ਾਕ ਕਰਾਰ ਦਿੰਦਿਆਂ 26000 ਰੁਪਏ ਤਨਖਾਹ ਕਰਨ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵਰਦੀਆਂ, 10 ਲੱਖ ਰੁਪਏ ਹਾਦਸਾ ਬੀਮਾ ਅਤੇ ਜਣੇਪੇ ਪੌਰਾਨ 15 ਛੁੱਟੀਆਂ ਦੇਣ 'ਤੇ ਵੀ ਜ਼ੋਰ ਦਿੱਤਾ ਗਿਆ।

ਇਸ ਰਾਮ ਪ੍ਰਸਾਦ ਸਹੋਤਾ, ਬਲਵਿੰਦਰ ਪਾਤੜਾਂ, ਧਰਮਿੰਦਰ ਸਿੰਘ, ਸਵਿੱਤਰੀ ਦੇਵੀ, ਸੰਦੀਪ ਕੌਰ, ਸਰੋਜ ਰਾਣੀ, ਨਿਰਮਲਾ ਦੇਵੀ ਪਾਤੜਾਂ, ਚਰਨਜੀਤ ਕੌਰ ਪਾਤੜਾਂ ਅਤੇ ਜਸਵਿੰਦਰ ਕੌਰ ਹਾਜ਼ਰ ਸਨ।

# ਨਿਗਮ ਬਜਟ ਮੀਟਿੰਗ 'ਤੇ ਸਵਾਲ: 3 ਮਿੰਟ ਵਿੱਚ 1258.80 ਕਰੋੜ ਦਾ ਬਜਟ ਪਾਸ, ਟੇਬਲ ਐਜੰਡਾ ਵੀ ਮਨਜ਼ੂਰ : ਪੂਨਮ ਰਤੜਾ



**ਲੁਧਿਆਣਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦੀ ਬਜਟ ਸੰਬੰਧੀ ਹਾਊਸ ਮੀਟਿੰਗ ਦੌਰਾਨ 1258.80 ਕਰੋੜ ਰੁਪਏ ਦਾ ਬਜਟ ਸਿਰਫ਼ 3 ਮਿੰਟ ਵਿੱਚ ਪਾਸ ਕੀਤੇ ਜਾਣ 'ਤੇ ਭਾਰਤੀ ਜਨਤਾ ਪਾਰਟੀ ਦੀ ਨੇਤਰੀ ਪੂਨਮ ਰਤੜਾ ਨੇ ਤੀਖੀ ਪ੍ਰਤੀਕ੍ਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੇਅਰ ਅਤੇ ਕਮਿਸ਼ਨਰ ਵੱਲੋਂ ਬਿਨਾਂ ਯੋਗ ਚਰਚਾ ਦੇ ਬਜਟ ਪਾਸ ਕਰਨਾ ਸ਼ਹਿਰ ਵਾਸੀਆਂ ਨਾਲ ਧੋਖਾ ਹੈ।

ਉਨ੍ਹਾਂ ਦੱਸਿਆ ਕਿ ਮੀਟਿੰਗ ਲਈ ਭੇਜੇ ਗਏ ਨੋਟਿਸ ਵਿੱਚ ਸਪਸ਼ਟ ਤੌਰ 'ਤੇ ਲਿਖਿਆ ਗਿਆ ਸੀ ਕਿ ਕੋਈ ਵੀ ਟੇਬਲ ਐਜੰਡਾ ਨਹੀਂ ਲਿਆਂਦਾ ਜਾਵੇਗਾ। ਇਸ ਦੇ ਬਾਵਜੂਦ, ਬਿਨਾਂ ਜ਼ਿਕਰ ਕੀਤੇ ਅਤੇ ਬਿਨਾਂ ਹਾਊਸ ਦੀ ਮਨਜ਼ੂਰੀ ਤੋਂ ਟੇਬਲ ਐਜੰਡਾ ਪਾਸ ਕਰਨਾ ਗੰਭੀਰ ਗ਼ਲਤ ਪ੍ਰਕਿਰਿਆ ਨੂੰ ਦਰਸਾਉਂਦਾ ਹੈ।

ਪੂਨਮ ਰਤੜਾ ਨੇ ਦੋਸ਼ ਲਾਇਆ ਕਿ ਵਿਕਾਸ ਕਾਰਜਾਂ ਲਈ ਬਣਾਏ ਗਏ ਬਜਟ 2026-2027 ਦੇ ਨਾਂ 'ਤੇ ਪੰਜਾਬ ਸਰਕਾਰ ਸ਼ਹਿਰ ਵਾਸੀਆਂ ਦੇ ਪੈਸੇ ਦੀ ਗ਼ਲਤ ਵਰਤੋਂ ਕਰਕੇ ਆਪਣੀਆਂ ਜੇਬਾਂ ਭਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਭਾਰਤੀ ਜਨਤਾ ਪਾਰਟੀ ਇਸ ਮਾਮਲੇ ਨੂੰ ਲੈ ਕੇ ਡੱਟ ਕੇ ਵਿਰੋਧ ਕਰੇਗੀ ਅਤੇ ਸ਼ਹਿਰ ਦੇ ਹੱਕਾਂ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕੇਗੀ।

# ਵਿਧਾਨ ਸਭਾ ਹਲਕਾ ਸਨੌਰ ਚ ਰਾਕੇਸ਼ ਬੱਗਾ ਨੇ ਕੀਤੀ ਰ਼ਫਤਾਰ ਤੇਜ



**ਸਨੌਰ,30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਤੋਂ ਸੇਵਾਦਾਰ ਰਾਕੇਸ ਬੱਗਾ ( ਬਹਾਦਰਗੜ੍ਹ ) ਨੇ ਹਲਕਾ ਸਨੌਰ ਚ ਰਫ਼ਤਾਰ ਤੇਜ ਕਰ ਦਿੱਤੀ ਹੈ ਜੋ ਕੀ ਵੱਖ ਵੱਖ ਪਿੰਡਾਂ ਚ ਜਾ ਕੇ ਲੰਬੇ ਸਮੇਂ ਤੋਂ ਹਲਕਾ ਸਨੌਰ ਚ ਸਮਾਜ ਸੇਵਾ ਦੇ ਕਾਰਜ ਕਰ ਰਹੇ ਹਨ। ਸੇਵਾਦਾਰ ਰਾਕੇਸ਼ ਬੱਗਾ ਸਨੌਰ ਹਲਕੇ ਤੋਂ ਵਿਧਾਨ ਸਭਾ ਚੋਣਾਂ ਦੇ ਅਜ਼ਾਦ ਉਮੀਦਵਾਰ ਦੇ ਦਾਅਵੇਦਾਰ ਹਨ। ਸੇਵਾਦਾਰ ਰਾਕੇਸ਼ ਬੱਗਾ ਨੇ ਕਿਹਾ ਕਿ ਮੈ ਵੱਖ ਵੱਖ ਪਿੰਡਾਂ ਚ ਜਾ ਰਿਹਾ ਹਾ ਅਤੇ ਜਨਤਾ ਦੀਆ ਸਮਸਿਆਵਾਂ ਸੁਣ ਰਿਹਾ ਹਾਂ ਨਾਲ ਚੱਲਣ ਤੋਂ ਅਸਮਰੱਥ ਵਿਅਕਤੀਆ ਨੂੰ ਸਾਈਕਲ ਰੇਹੜੀਆਂ, ਖੇਡਾਂ ਲਈ ਫੁੱਟਬਾਲ ਨੈੱਟ ਕੀਟ, ਦੇ ਸਹਾਇਤਾ ਵੀ ਕੀਤੀ ਜਾ ਰਹੀ ਹੈ। ਕਿਹਾ ਕਿ ਕਈ ਪਿੰਡਾ ਦੀਆ ਗਲੀਆ ਨਾਲੀਆ ਦੀ ਸਮੱਸਿਆ ਦਾ ਸਰਕਾਰਾਂ ਕੋਲੋ ਹੁਣ ਤਕ ਹਲ ਨਹੀਂ ਹੋਇਆ। ਪਿੰਡਾ ਚ ਕਈ ਗਰੀਬ ਪਰਿਵਾਰਾਂ ਦੇ ਘਰ ਦੀਆ ਛੱਤਾ ਦੀ ਹਾਲਤ ਬਹੁਤ ਹੀ ਖਸਤਾ ਹੈ। ਸਰਕਾਰ ਵਿਕਾਸ ਕਾਰਜਾਂ ਦੇ ਵੱਡੇ ਵੱਡੇ ਦਾਅਵੇ ਕਰਦੀ ਹੈ ਪਰ ਹਲਕਾ ਸਨੌਰ ਦੇ ਹਲਾਤ ਦੇਖੇ ਤਾਂ ਕਿਸੇ ਤਰਾਂ ਦਾ ਵਿਕਾਸ ਕਾਰਜ ਕੀਤਾ ਨਜ਼ਰ ਨਹੀਂ ਆਉਂਦਾ। ਰਾਕੇਸ਼ ਬੱਗਾ ਨੇ ਕਿਹਾ ਕੀ ਸਨੌਰ ਤੋਂ ਵਿਧਾਨ ਸਭਾ ਚੋਣ ਜਿੱਤਣ ਮਗਰੋਂ ਹੋਰ ਵਿਕਾਸ ਕਾਰਜਾਂ ਦੇ ਨਾਲ ਨਾਲ ਗਰੀਬ ਪਰਿਵਾਰਾ ਦੇ ਮਕਾਨ ਪਹਿਲ ਦੇ ਅਧਾਰ ਤੇ ਪੱਕੇ ਕੀਤੇ ਜਾਣਗੇ। ਬੱਗਾ ਨੇ ਕਿਹਾ ਕਿ ਹਲਕਾ ਸਨੌਰ ਦੇ ਵਸਨੀਕਾਂ ਵੱਲੋਂ ਉਨ੍ਹਾਂ ਦਾ ਭਰਵਾ ਸਵਾਗਤ ਕੀਤਾ ਜਾ ਰਿਹਾ ਹੈ।

# ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ 'ਚ 'ਵਾਪਸੀ' ਨਾਟਕ ਦਾ ਪ੍ਰਭਾਵਸ਼ਾਲੀ ਮੰਚਨ ਆਪਣੀ ਮਾਤ ਭੂਮੀ ਵੱਲ ਮੁੜਨ ਦਾ ਦਿੱਤਾ ਸੰਦੇਸ਼



**ਲੁਧਿਆਣਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਵਿੱਚ 'ਵਾਪਸੀ' ਨਾਟਕ ਦਾ ਪ੍ਰਭਾਵਸ਼ਾਲੀ ਮੰਚਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾ. ਰਿਸ਼ੀਪਾਲ ਸਿੰਘ ਅਤੇ ਵਿਸ਼ੇਸ਼ ਮਹਿਮਾਨ ਵਜੋਂ ਜਸਦੇਵ ਸਿੰਘ ਸੇਖੋਂ ਸਮੇਤ ਹੋਰ ਹਸਤੀਆਂ ਸ਼ਾਮਲ ਹੋਈਆਂ।

ਨਾਟਕਕਾਰ ਡਾ. ਨਿਰਮਲ ਜੌੜਾ ਦੁਆਰਾ ਲਿਖੇ ਇਸ ਨਾਟਕ ਦਾ ਨਿਰਦੇਸ਼ਨ ਨਿਰਮਲ ਸਿੰਘ ਧਾਲੀਵਾਲ ਨੇ ਕੀਤਾ। ਇਸ ਵਿੱਚ ਗੈਰਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਆਤਮ-ਬੋਧ ਨੂੰ ਦਰਸਾਇਆ ਗਿਆ।

ਨਾਟਕ ਨੇ ਵਾਪਸੀ ਨੂੰ ਅਸਫਲਤਾ ਨਹੀਂ, ਸਗੋਂ ਆਪਣੀ ਮਿੱਟੀ ਨਾਲ ਜੁੜਨ ਅਤੇ ਜ਼ਿੰਮੇਵਾਰੀ ਨਿਭਾਉਣ ਦੇ ਸੰਦੇਸ਼ ਵਜੋਂ ਪੇਸ਼ ਕੀਤਾ। ਮੁੱਖ ਮਹਿਮਾਨ ਨੇ ਵੀ ਨੌਜਵਾਨਾਂ ਨੂੰ ਕੌਸ਼ਲ ਅਤੇ ਕਾਨੂੰਨੀ ਰਾਹਾਂ ਰਾਹੀਂ ਅੱਗੇ ਵਧਣ ਦੀ ਅਪੀਲ ਕੀਤੀ।

ਇਸ ਮੌਕੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ਅਤੇ ਪ੍ਰੋਗਰਾਮ ਨੂੰ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਭਰਪੂਰ ਸਰਾਹਨਾ ਮਿਲੀ।

# ਘਰੇਲੂ ਗੈਸ ਦੀ ਸਪਲਾਈ ਨਿਰੰਤਰ ਜਾਰੀ, ਲੋਕ ਜਮ੍ਹਾਂ ਖੋਰੀ ਤੋਂ ਬਚਣ: ਗਗਨਦੀਪ ਸਿੰਘ

**ਸੁਨਾਮ ਊਧਮ ਸਿੰਘ ਵਾਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

: ਸਥਾਨਕ ਐਸ.ਡੀ.ਐਮ. ਗਗਨਦੀਪ ਸਿੰਘ ਨੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਘਬਰਾਹਟ 'ਚ ਆ ਕੇ ਪੈਟਰੋਲ-ਡੀਜ਼ਲ ਸਮੇਤ ਘਰੇਲੂ ਗੈਸ ਦੀ ਬੇਲੋੜੀ ਤੇ ਵਾਧੂ ਖਰੀਦਦਾਰੀ ਨਾ ਕਰਨ। ਐਸ.ਡੀ.ਐਮ. ਨੇ ਸਮੂਹ ਪੈਟਰੋਲ ਪੰਪਾਂ ਤੇ ਗੈਸ ਏਜੰਸੀਆਂ ਦੇ ਮਾਲਕਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਇਨ੍ਹਾਂ ਜ਼ਰੂਰੀ ਵਸਤਾਂ ਦੀ ਸਪਲਾਈ ਬੇਰੋਕ ਜਾਰੀ ਰੱਖੀ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਕਾਲਾਬਾਜ਼ਾਰੀ ਜਾਂ ਜਮ੍ਹਾਂਖੋਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਫੈਲਾਈ ਜਾਵੇ ਅਤੇ ਨਾ ਹੀ ਗੈਸ ਸਪਲਾਈ ਜਾਂ ਪੈਟਰੋਲ-ਡੀਜ਼ਲ ਸਪਲਾਈ ਬੰਦ ਹੋਣ ਦੀ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਉਪਰ ਯਕੀਨ ਕੀਤਾ ਜਾਵੇ।

ਐਸ.ਡੀ.ਐਮ. ਗਗਨਦੀਪ ਸਿੰਘ ਨੇ ਲੋਕਾਂ ਅਤੇ ਪੰਪਾਂ ਤੇ ਏਜੰਸੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਲੋਕਾਂ ਨੂੰ ਘਬਰਾਹਟ 'ਚ ਆਕੇ ਪੈਨਿਕ ਬਾਇੰਗ (ਬੇਲੋੜੀ ਤੇ ਵਾਧੂ ਖਰੀਦਦਾਰੀ) ਕਰਨ ਦੀ ਕੋਈ ਲੋੜ ਨਹੀਂ ਹੈ ਅਤੇ ਗੈਸ ਤੇ ਤੇਲ ਦੀ ਨਿਰੰਤਰ ਤੇ ਲਗਾਤਾਰ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਸਭ ਦੀ ਸਾਂਝੀ ਜਿੰਮੇਵਾਰੀ ਹੈ ਕਿ ਹਾਲਾਤ ਨੂੰ ਬੇਕਾਬੂ ਨਾ ਹੋਣ ਦਿੱਤਾ ਜਾਵੇ ਅਤੇ ਲੋਕਾਂ ਵਿੱਚ ਕੋਈ ਬੇਭਰੋਸਗੀ ਨਾ ਬਣੇ

# ਕੇ.ਵੀ.ਕੇ ਲੁਧਿਆਣਾ (ਸਮਰਾਲਾ) ਵੱਲੋਂ ਪਿੰਡ ਰਾਜਗੜ੍ਹ ਵਿੱਚ ਟਿਕਾਊ ਪਰਾਲੀ ਪ੍ਰਬੰਧਨ ਬਾਰੇ ਖੇਤ ਦਿਵਸ ਮਨਾਇਆ




**ਮਾਛੀਵਾੜਾ ਸਾਹਿਬ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਸ਼ੀ ਵਿਗਿਆਨ ਕੇਂਦਰ, ਲੁਧਿਆਣਾ (ਮਾਛੀਵਾੜਾ) ਵੱਲੋਂ 26 ਮਾਰਚ 2026 ਨੂੰ ਪਿੰਡ ਰਾਜਗੜ੍ਹ ਵਿੱਚ ਪਰਾਲੀ ਪ੍ਰਬੰਧਨ ਵਿਸ਼ੇ 'ਤੇ ਖੇਤ ਦਿਵਸ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਪਰਾਲੀ ਦੇ ਵਿਗਿਆਨਕ ਅਤੇ ਪਰਿਆਵਰਣ-ਮਿੱਤਰ ਪ੍ਰਬੰਧਨ ਨੂੰ ਉਤਸ਼ਾਹਿਤ ਕਰਨਾ ਅਤੇ ਮਿੱਟੀ ਦੀ ਸਿਹਤ ਨੂੰ ਸੁਧਾਰਨਾ ਸੀ।

ਇਸ ਮੌਕੇ ਡਾ. ਅਮਨਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ), ਨੇ ਪਰਾਲੀ ਪ੍ਰਬੰਧਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਰਹਿੰਦ-ਖੂੰਹਦ ਦੇ ਸਹੀ ਪ੍ਰਬੰਧਨ ਨਾਲ ਪੋਸ਼ਕ ਤੱਤਾਂ ਦੀ ਰੀਸਾਈਕਲਿੰਗ ਹੁੰਦੀ ਹੈ, ਮਿੱਟੀ ਦੀ ਉਪਜਾਊਸ਼ਕਤੀ ਵਿੱਚ ਵਾਧਾ ਹੁੰਦਾ ਹੈ ਅਤੇ ਵਾਤਾਵਰਣ ਪ੍ਰਦੂਸ਼ਣ ਵਿੱਚ ਕਮੀ ਆਉਂਦੀ ਹੈ।

ਉਨ੍ਹਾਂ ਨੇ ਹੈਪੀ ਸੀਡਰ, ਸਰਫੇਸ ਸੀਡਰ ਅਤੇ ਸਮਾਰਟ ਸੀਡਰ ਵਰਗੀਆਂ ਆਧੁਨਿਕ ਮਸ਼ੀਨਾਂ ਦੀ ਵਰਤੋਂ ਬਾਰੇ ਵੀ ਜ਼ੋਰ ਦਿੱਤਾ, ਜਿਨ੍ਹਾਂ ਨਾਲ ਕਣਕ ਦੀ ਬਿਜਾਈ ਦੇ ਨਾਲ ਹੀ ਪਰਾਲੀ ਦਾ ਮਿੱਟੀ ਵਿੱਚ ਪ੍ਰਬੰਧਨ ਕੀਤਾ ਜਾ ਸਕਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਇੱਕ ਇੰਟਰੈਕਟਿਵ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿਸ ਦੌਰਾਨ ਮਸ਼ੀਨਾਂ ਦੀ ਕੈਲੀਬਰੇਸ਼ਨ, ਪਰਾਲੀ ਦੇ ਪ੍ਰਬੰਧਨ ਅਤੇ ਖੇਤੀ ਕਾਰਜਾਂ ਨਾਲ ਸੰਬੰਧਿਤ ਸਵਾਲਾਂ ਦੇ ਜਵਾਬ ਦਿੱਤੇ ਗਏ। ਇਹ ਪ੍ਰੋਗਰਾਮ ਕੇ.ਵੀ.ਕੇ ਲੁਧਿਆਣਾ ਵੱਲੋਂ ਟਿਕਾਊ ਅਤੇ ਮੌਸਮ-ਸਮਰਥ ਖੇਤੀਬਾੜੀ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਦਾ ਇੱਕ ਅਹਿਮ ਹਿੱਸਾ ਹੈ, ਜੋ ਕਿਸਾਨਾਂ ਨੂੰ ਆਧੁਨਿਕ ਤਕਨਾਲੋਜੀਆਂ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਇਹ ਸਾਰਾ ਪ੍ਰੋਗਰਾਮ ਡਾ. ਵੀ.ਕੇ. ਰਾਮਪਾਲ, ਐਸੋਸੀਏਟ ਡਾਇਰੈਕਟਰ (ਸਿਖਲਾਈ), ਦੀ ਰਹਿਨੁਮਾਈ ਹੇਠ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।

# ਸਿੱਧੂਪੁਰ ਜੱਥੇਬੰਦੀ ਇਕਾਈ ਦੀ ਪਿੰਡ ਰਾਏਪੁਰ ਵਿਖੇ ਹੋਈ ਚੋਣ



**ਸਨੌਰ,30 ਮਾਰਚ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਰਾਏਪੁਰ, ਬਲਾਕ ਸਨੌਰ ਵਿੱਚ ਸਿੱਧੂਪੁਰ ਜੱਥੇਬੰਦੀ ਦੀ ਇਕਾਈ ਦੀ ਚੋਣ ਬਲਾਕ ਪ੍ਰਧਾਨ ਹਰਮੇਲ ਸਿੰਘ ਨੂਰਖੇੜੀਆ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਰਨੈਲ ਸਿੰਘ ਨੂੰ ਸਰਬਸੰਮਤੀ ਨਾਲ ਇਕਾਈ ਪ੍ਰਧਾਨ ਚੁਣਿਆ ਗਿਆ ਅਤੇ 11 ਮੈਂਬਰੀ ਕਮੇਟੀ ਗੁਰਨਾਮ ਸਿੰਘ, ਗੁਰਮੁੱਖ ਸਿੰਘ, ਧਰਮਿੰਦਰ ਸਿੰਘ, ਪਰਮਜੀਤ ਸਿੰਘ ਬਿੱਟੂ, ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਹਰਨੇਕ ਸਿੰਘ, ਹਰਦੀਪ ਸਿੰਘ, ਅਮਰੀਕ ਸਿੰਘ, ਬਲਜਿੰਦਰ ਸਿੰਘ ਦੀ ਚੋਣ ਕੀਤੀ ਗਈ। ਗਮਦੂਰ ਸਿੰਘ ਨੂੰ ਬਲਾਕ ਕਮੇਟੀ ਲਈ ਨਾਮਜ਼ਦ ਕੀਤਾ ਗਿਆ। ਪਿੰਡ ਵਾਸੀਆਂ ਦੀ ਸਹਿਮਤੀ ਲਈ ਗਈ। ਜ਼ਿਲ੍ਹਾ ਪਟਿਆਲਾ ਪ੍ਰਧਾਨ ਜਗਦੀਪ ਸਿੰਘ ਅਲੂਣਾ, ਜ਼ਿਲ੍ਹਾ ਕਮੇਟੀ ਮੈਂਬਰ ਸਤਪਾਲ ਸਿੰਘ ਮਹਿਮਦਪੁਰ ਅਤੇ ਘਨੌਰ ਬਲਾਕ ਪ੍ਰਧਾਨ ਹਰਜਿੰਦਰ ਸਿੰਘ ਛਿੰਦਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਗੁਰਪ੍ਰੀਤ ਸਿੰਘ ਸੀਲ ਪ੍ਰਧਾਨ ਯੂਥ ਵਿੰਗ ਬਲਾਕ ਘਨੌਰ, ਜਰਨੈਲ ਸਿੰਘ ਰਾਏਪੁਰ, ਯੂਥ ਆਗੂ ਸੋਨੀ ਸ਼ਾਹਪੁਰ, ਛਿੰਦਾ ਮਗਰ, ਰਾਮ ਆਸਰਾ ਸਿੰਘ ਅੰਟਾਲ, ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਰਹੇ।

# ਗਗਨਦੀਪ ਲਿੱਲੀ ਫ਼ੋਟੋਗ੍ਰਾਫਰ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਸੁਨਾਮ ਊਧਮ ਸਿੰਘ ਵਾਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ੋਟੋਗ੍ਰਾਫਰ ਐਸੋਸੀਏਸ਼ਨ ਸੁਨਾਮ ਦੀ ਹੋਈ ਮੀਟਿੰਗ ਵਿੱਚ ਗਗਨਦੀਪ ਸਿੰਘ ਲਿੱਲੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਜਦਕਿ ਗੁਰਦੀਪ ਸਿੰਘ ਨੂੰ ਸਕੱਤਰ ਅਤੇ ਦਵਿੰਦਰ ਕੁਮਾਰ ਨੂੰ ਕੈਸ਼ੀਅਰ ਬਣਾਇਆ ਗਿਆ। ਐਸੋਸੀਏਸ਼ਨ ਦੇ ਨਵੇਂ ਬਣੇ ਪ੍ਰਧਾਨ ਗਗਨਦੀਪ ਸਿੰਘ ਲਿੱਲੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਫ਼ੋਟੋਗ੍ਰਾਫਰ ਕਾਰੋਬਾਰ ਨਾਲ ਜੁੜੇ ਵਿਅਕਤੀਆਂ ਦੇ ਹਿਤਾਂ ਦੀ ਰਾਖੀ ਲਈ ਯਤਨ ਕੀਤੇ ਜਾਣਗੇ। ਇਸ ਮੌਕੇ ਗੁਰਪ੍ਰੀਤਪਾਲ ਸਿੰਘ, ਕੁਲਦੀਪ ਸਿੰਘ, ਗੁਰਤੇਜ ਸਿੰਘ, ਪਰਵਿੰਦਰ ਕੁਮਾਰ, ਅਮਨਦੀਪ ਸਿੰਘ, ਮੁਸਕਾਨ, ਜਗਦੀਸ਼ ਬਾਂਸਲ, ਦਵਿੰਦਰ ਕੁਮਾਰ, ਵਰਿੰਦਰ ਕੁਮਾਰ, ਮਨਜੀਤ ਸਿੰਘ, ਜਗਸੀਰ ਸਿੰਘ ਜੱਗੀ, ਰਣਜੀਤ ਕੁਮਾਰ, ਰਾਮਪਾਲ ਸਿੰਘ, ਮਨੂੰ ਸਟੂਡੀਓ, ਵਰਿੰਦਰ ਕੁਮਾਰ, ਜਗਤਾਰ ਸਿੰਘ, ਸੋਨੂੰ ਆਦਿ ਮੈਂਬਰ ਹਾਜ਼ਰ ਸਨ।

ਅਸੀਂ ਸਾਰੇ ਵਾਹਨਾਂ ਦੀ ਵਰਤੋਂ ਕਰਦੇ ਹਾਂ। ਅਜਿਹੇ 'ਚ ਕਿਸੇ ਦੇ ਜੀਵਨ 'ਚ ਅਣਹੋਣੀ ਕਿਸੇ ਸਮੇਂ ਵੀ ਵਾਪਰ ਸਕਦੀ ਹੈ। ਇਸ ਲਿਹਾਜ ਨਾਲ ਪਰਸਨਲ ਐਕਸੀਡੈਂਟ ਇੰਸ਼ੋਰੈਂਸ ਮੌਜੂਦਾ ਸਮੇਂ 'ਚ ਬਹੁਤ ਜ਼ਰੂਰੀ ਹੈ...



## ਪਰਸਨਲ ਐਕਸੀਡੈਂਟ ਪਲਾਨ

*ਕਲਪੇਸ਼ ਸ਼ਾਹ ਦੀ ਉਮਰ 27 ਸਾਲ ਹੈ। ਉਨ੍ਹਾਂ ਦੀ ਇਕ ਫਾਈਨਾਂਸ ਕੰਪਨੀ 'ਚ ਪ੍ਰੋਜੈਕਟ ਮੈਨੇਜਰ ਦੀ ਨੌਕਰੀ ਲੱਗੀ ਹੈ। ਕਲਪੇਸ਼ ਅਜਿਹੀ ਨੌਕਰੀ ਦੀ ਤਾਲਾਸ਼ ਪਿਛਲੇ ਤਿੰਨ ਸਾਲ ਤੋਂ ਕਰ ਰਹੇ ਹਨ। ਉਹ ਨਵੀਂ ਨੌਕਰੀ ਨੂੰ ਲੈ ਕੇ ਬਹੁਤ ਉਤਸ਼ਾਹਿਤ ਸੀ। ਨਵੇਂ ਸਾਲ ਦੀ ਸ਼ਾਮ ਉਨ੍ਹਾਂ ਦੇ ਜੀਵਨ 'ਚ ਇਕ ਅਨੋਖਾ ਮੋੜ ਆਇਆ। ਉਨ੍ਹਾਂ ਨੂੰ ਇਕ ਸ਼ਰਾਬੀ ਡਰਾਇਵਰ ਨੇ ਟਰੱਕ ਨਾਲ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਉਨ੍ਹਾਂ ਦੇ ਦੋਵੇਂ ਪੈਰ ਕੰਮ ਕਰਨ ਤੋਂ ਅਸਮਰੱਥ ਹੋ ਗਏ। ਹਸਪਤਾਲ ਦੇਰੀ ਨਾਲ ਪਹੁੰਚਣ 'ਤੇ ਕਲਪੇਸ਼ ਪੂਰੀ ਤਰ੍ਹਾਂ ਅਪੰਗ ਹੋ ਗਿਆ। ਕਲਪੇਸ਼ ਨੂੰ ਆਪਣੇ ਸਾਹਮਣੇ ਆਪਣਾ ਕਰੀਅਰ ਅਤੇ ਜ਼ਿੰਦਗੀ ਬਰਬਾਦ ਹੁੰਦੀ ਨਜ਼ਰ ਆ ਰਹੀ ਸੀ। ਉਸ ਰਾਤ ਉਹ ਬੱਚਿਆਂ ਵਾਂਗ ਰੋਇਆ। ਇਸ ਤੋਂ ਵੀ ਜ਼ਿਆਦਾ ਹਾਲਤ ਉਸ ਸਮੇਂ ਖ਼ਰਾਬ ਹੋਈ, ਜਦੋਂ ਪਤਾ ਲੱਗਾ ਕਿ ਉਸ ਕੋਲ ਅਜਿਹੀ ਕੋਈ ਇੰਸ਼ੋਰੈਂਸ ਪਾਲਿਸੀ ਨਹੀਂ ਸੀ, ਜੋ ਅਜਿਹੇ ਸਮੇਂ 'ਚ ਉਨ੍ਹਾਂ ਨੂੰ ਸਹਾਰਾ ਦਿੰਦੀ। ਲਾਈਫ ਇੰਸ਼ੋਰੈਂਸ ਪਾਲਿਸੀ 'ਚ ਅਜਿਹੀ ਹਾਲਤ ਕਵਰ ਨਹੀਂ ਹੁੰਦੀ ਅਤੇ ਹੈਲਥ ਇੰਸ਼ੋਰੈਂਸ ਪਾਲਿਸੀ 'ਚ ਉਸ ਦੇ ਇਲਾਜ ਦਾ ਖ਼ਰਚ ਹੀ ਆਇਆ। ਇਨ੍ਹਾਂ ਦੋਵਾਂ ਤੋਂ ਉਨ੍ਹਾਂ ਨੂੰ ਕੁਝ ਫਾਇਦਾ ਨਹੀਂ ਹੋਇਆ। ਤੁਹਾਨੂੰ ਕਲਪੇਸ਼ ਨਾਲ ਹਮਦਰਦੀ ਮਹਿਸੂਸ ਹੋ ਰਹੀ ਹੋਵੇਗੀ ਪਰ ਕੀ ਤੁਹਾਡੇ ਕੋਲ ਪਰਸਨਲ ਐਕਸੀਡੈਂਟ ਇੰਸ਼ੋਰੈਂਸ ਪਲਾਨ ਹੈ? ਜਿਸ ਤੋਂ ਵੀ ਇਹ ਸਵਾਲ ਕੀਤਾ ਜਾਂਦਾ ਹੈ, ਉਸ ਦਾ ਜਵਾਬ ਹੁੰਦਾ ਹੈ, 'ਮੇਰੇ ਨਾਲ ਅਜਿਹਾ ਨਹੀਂ ਹੋਵੇਗਾ। ਕਲਪੇਸ਼ ਇਕੱਲਾ ਅਜਿਹਾ ਇਨਸਾਨ ਨਹੀਂ ਹੈ, ਜਿਸ ਨੇ ਅਜਿਹੀ ਗ਼ਲਤੀ ਕੀਤੀ ਹੈ।*

### ਪੰਜ ਲੱਖ ਲੋਕਾਂ ਦੇ ਐਕਸੀਡੈਂਟ

ਆਓ ਸੜਕ ਟਰਾਂਸਪੋਰਟ ਮੰਤਰਾਲਾ ਦੇ 2015 'ਚ ਜਾਰੀ ਰਿਪੋਰਟ 'ਭਾਰਤ 'ਚ ਰੋਡ ਐਕਸੀਡੈਂਟ' 'ਤੇ ਨਜ਼ਰ ਮਾਰੀਏ। 2015 ਦੌਰਾਨ ਦੇਸ਼ 'ਚ ਕਈ ਐਕਸੀਡੈਂਟ 'ਚ ਕਰੀਬ ਪੰਜ ਲੱਖ ਲੋਕ ਜ਼ਖ਼ਮੀ ਹੋਏ। ਇਸ 'ਚੋਂ 1.43 ਲੱਖ ਲੋਕ ਨਹੀਂ ਬਚੇ। ਜੇ ਅੰਕੜਿਆਂ ਦਾ ਹੋਰ ਵਿਸ਼ਲੇਸ਼ਣ ਕਰੀਏ ਤਾਂ 2015 'ਚ ਐਕਸੀਡੈਂਟ ਨਾਲ ਮਰਨ ਵਾਲੇ 54.1 ਫ਼ੀਸਦੀ ਲੋਕ 15 ਤੋਂ ਲੈ ਕੇ 34 ਸਾਲ ਤਕ ਦੀ ਉਮਰ ਦੇ ਸੀ। ਹਰ ਦਿਨ ਦੇਸ਼ 'ਚ 1,374 ਐਕਸੀਡੈਂਟ ਹੁੰਦੇ ਹਨ ਅਤੇ ਇਸ 'ਚ 400 ਲੋਕਾਂ ਦੀ ਜਾਨ ਜਾਂਦੀ ਹੈ। ਮਤਲਬ ਹਰ ਘੰਟੇ 57 ਐਕਸੀਡੈਂਟ ਹੁੰਦੇ ਹਨ।

### ਡਰਾਇਵਰ ਦੀ ਗਲਤੀ

ਜੇ ਐਕਸੀਡੈਂਟ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ 77 ਫ਼ੀਸਦੀ ਸੜਕ ਹਾਦਸੇ ਡਰਾਇਵਰ ਦੀ ਗ਼ਲਤੀ ਨਾਲ ਹੁੰਦੇ ਹਨ। ਤੁਹਾਡੀ ਉਮਰ ਕਿੰਨੀ ਵੀ ਹੋਵੇ, ਤੁਸੀਂ ਕੁਝ ਵੀ ਕਰਦੇ ਹੋ ਜਾਂ ਤੁਹਾਡੀ ਸਿਹਤ ਕਿਵੇਂ ਦੀ ਵੀ ਹੋਵੇ, ਤੁਸੀਂ ਇਹ ਇੰਸ਼ੋਰੈਂਸ ਪਾਲਿਸੀ ਖ਼ਰੀਦ ਸਕਦੇ ਹੋ। ਜੋ ਲੋਕ ਜ਼ਿਆਦਾ ਯਾਤਰਾ ਕਰਦੇ ਹਨ, ਉਨ੍ਹਾਂ ਲਈ ਇਹ ਬਹੁਤ ਜ਼ਰੂਰੀ ਹੈ। ਇਸ ਇੰਸ਼ੋਰੈਂਸ ਦੇ ਪ੍ਰੀਮੀਅਮ ਦਾ ਆਧਾਰ ਤੁਸੀਂ ਕੀ ਕਰਦੇ ਹੋ, ਇਸ 'ਤੇ ਨਿਰਭਰ ਕਰਦਾ ਹੈ। ਜੋ ਲੋਕ ਜ਼ਿਆਦਾ ਖ਼ਤਰੇ ਵਾਲੇ ਕੰਮ ਕਰਦੇ ਹਨ, ਉਨ੍ਹਾਂ ਦਾ ਪ੍ਰੀਮੀਅਮ ਜ਼ਿਆਦਾ ਹੋਵੇਗਾ।

### ਕੀ ਕਵਰ ਕਰਦਾ ਹੈ?

ਇਸ ਪਲਾਨ ਜ਼ਰੀਏ ਐਕਸੀਡੈਂਟ ਹੋਣ ਤੋਂ ਬਾਅਦ ਜਾਨ ਜਾਣ 'ਤੇ, ਸੱਟ ਲੱਗਣ 'ਤੇ ਅਤੇ ਅਪੰਗ ਹੋਣ 'ਤੇ ਰਾਹਤ ਮਿਲਦੀ ਹੈ। ਇਸ 'ਚ ਰੇਲ, ਸੜਕ ਅਤੇ ਹਵਾਈ ਯਾਤਰਾ ਦੌਰਾਨ ਹੋਣ ਵਾਲੇ ਹਾਦਸੇ ਕਵਰ ਹੁੰਦੇ ਹਨ। ਇਹ ਬਹੁਤ ਸਸਤੇ ਪਲਾਨ ਹੁੰਦੇ ਹਨ। ਇਕ ਕੰਪਨੀ ਦਾ ਪਲਾਨ ਦੇਖੀਏ ਤਾਂ ਇਕ ਕਰੋੜ ਦੇ ਪਰਸਨਲ ਐਕਸੀਡੈਂਟ ਇੰਸ਼ੋਰੈਂਸ ਦਾ ਪ੍ਰੀਮੀਅਮ ਸਿਰਫ਼ 12,788 ਰੁਪਏ ਹੈ। ਇਸ ਪਲਾਨ ਲਈ ਕੋਈ ਮੈਡੀਕਲ ਟੈਸਟ ਨਹੀਂ ਹੁੰਦਾ।

### ਕਿੰਨੇ ਦਾ ਲਈਏ ਪਲਾਨ?

ਆਪਣੀ ਆਮਦਨ ਦਾ ਦਸ ਗੁਣਾ ਪਰਸਨਲ ਐਕਸੀਡੈਂਟ ਪਲਾਨ ਲੈਣਾ ਚਾਹੀਦਾ ਹੈ। ਜੇ ਤੁਹਾਡੀ ਸਾਲਾਨਾ ਆਮਦਨ ਪੰਜ ਲੱਖ ਹੈ ਤਾਂ ਘੱਟ ਤੋਂ ਘੱਟ 50 ਲੱਖ ਦਾ ਪਰਸਨਲ ਐਕਸੀਡੈਂਟ ਪਲਾਨ ਤੁਹਾਡੇ ਕੋਲ ਹੋਣਾ ਚਾਹੀਦਾ ਹੈ। ਇੰਨੇ ਪੈਸੇ 'ਤੇ ਜੇ ਕੋਈ ਕਰਜ਼ਾ ਹੈ ਤਾਂ ਉਸ ਦਾ ਰੀਪੇਮੈਂਟ, ਬੱਚੇ ਦੀ ਸਿੱਖਿਆ ਦਾ ਖ਼ਰਚ ਅਤੇ ਵਿਆਹ ਲਈ ਹੋ ਸਕਦਾ ਹੈ।

### ਸਹੀ ਪਲਾਨ ਚੁਣੋ

ਪਰਸਨਲ ਐਕਸੀਡੈਂਟ ਪਲਾਨ ਅਪੰਗਤਾ ਕਵਰ ਕਰਦਾ ਹੈ। ਅਜਿਹੀ ਸਥਿਤੀ 'ਚ ਤੁਹਾਡੀ ਆਮਦਨ ਬਹੁਤ ਪ੍ਰਭਾਵਿਤ ਹੁੰਦੀ ਹੈ। ਅਪੰਗਤਾ ਕਾਰਨ ਘਰ ਦੇ ਬਜਟ 'ਤੇ ਜ਼ਿਆਦਾ ਬੋਝ ਆਉਂਦਾ ਹੈ। ਅਜਿਹੀ ਸਥਿਤੀ 'ਚ ਇਲਾਜ ਦੀ ਜ਼ਰੂਰਤ ਹੁੰਦੀ ਹੈ। ਪਾਲਿਸੀ ਖ਼ਰੀਦਦੇ ਸਮੇਂ ਸਿਰਫ਼ ਖ਼ਾਲੀ ਜਗ੍ਹਾ 'ਤੇ ਦਸਤਖ਼ਤ ਨਾ ਕਰੋ, ਬਲਕਿ ਦਸਤਾਵੇਜ਼ ਚੰਗੇ ਤਰ੍ਹਾਂ ਪੜ੍ਹੋ। ਬੱਚਿਆਂ ਦੀ ਪੜ੍ਹਾਈ ਦਾ ਖ਼ਰਚ ਅਤੇ ਮੈਡੀਕਲ ਖ਼ਰਚ ਵਰਗੇ ਮਾਰਕੇਟਿੰਗ ਦੇ ਫੰਡੇ 'ਚ ਨਾ ਫਸੋ। ਤੁਹਾਡਾ ਪਰਿਵਾਰ ਸੁਰੱਖਿਅਤ ਰਹੇ ਇਸ ਲਈ ਕੋਸ਼ਿਸ਼ ਕਰੋ ਕਿ ਕੋਈ ਵੀ ਪਾਲਿਸੀ ਲੈਣ ਤੋਂ ਪਹਿਲਾਂ ਉਸ ਦੇ ਫ਼ਾਇਦੇ ਬਾਰੇ ਜਾਣ ਲਓ। •

# ਔਰਤਾਂ ਦੀ ਨਿਵੇਸ਼ 'ਚ ਹਿੱਸੇਦਾਰੀ ਜ਼ਰੂਰੀ

**ਪਿਛਲੇ ਕਈ ਦਹਾਕਿਆਂ 'ਚ ਦੁਨੀਆ 'ਚ ਔਰਤਾਂ ਦੀ ਜ਼ਿੰਦਗੀ 'ਚ ਕਈ ਮਹੱਤਵਪੂਰਨ ਤਬਦੀਲੀਆਂ ਹੋਈਆਂ ਹਨ। ਤਬਦੀਲੀ ਦੀ ਇਸ ਪ੍ਰਕਿਰਿਆ 'ਚ ਸ਼ਹਿਰੀ ਔਰਤਾਂ ਨੂੰ ਦਫ਼ਤਰ ਅਤੇ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਇਕੋ ਸਮੇਂ ਦੇਖਣਾ ਪੈਂਦਾ ਹੈ। ਅੱਜ ਕੱਲ੍ਹ ਔਰਤਾਂ ਨਾ ਸਿਰਫ਼ ਦਫ਼ਤਰੀ ਅਤੇ ਘਰੇਲੂ ਕੰਮ ਦੇਖ ਰਹੀਆਂ ਹਨ, ਬਲਕਿ ਨਿਵੇਸ਼ ਕਰਨ 'ਚ ਵੀ ਹਿੱਸੇਦਾਰ ਬਣ ਰਹੀਆਂ ਹਨ...**

ਕਈ ਵਾਰ ਦੇਖਣ ਨੂੰ ਮਿਲਦਾ ਹੈ ਕਿ ਔਰਤਾਂ, ਮਰਦਾਂ ਦੀ ਤੁਲਨਾ 'ਚ ਘਰ ਦਾ ਹਿਸਾਬ ਸੰਭਾਲਣ 'ਚ ਜ਼ਿਆਦਾ ਸਮਝਦਾਰ ਹੁੰਦੀਆਂ ਹਨ। ਖੋਜਾਂ ਤੋਂ ਪਤਾ ਲਗਦਾ ਹੈ ਕਿ ਮਰਦਾਂ ਦੀ ਤੁਲਨਾ 'ਚ ਔਰਤਾਂ ਇਕ ਤੋਂ ਜ਼ਿਆਦਾ ਜ਼ਿੰਮੇਵਾਰੀ ਬਿਹਤਰ ਢੰਗ ਨਾਲ ਨਿਭਾ ਲੈਂਦੀਆਂ ਹਨ।

ਹਾਲਾਂਕਿ ਆਮ ਧਾਰਨਾ ਇਹ ਹੈ ਕਿ ਔਰਤਾਂ ਅਤੇ ਮਰਦਾਂ ਦੀ ਸੋਚ ਇਕ ਜਿਹੀ ਨਹੀਂ ਹੁੰਦੀ। ਉਦਾਹਰਨ- ਜਿਸ ਪਰਿਵਾਰ 'ਚ ਸਾਰੇ ਫ਼ੈਸਲੇ ਮਰਦ ਕਰਦੇ ਹਨ ਉੱਥੇ ਇਸ ਗੱਲ ਦੀ ਗੁੰਜਾਇਸ਼ ਜ਼ਿਆਦਾ ਰਹਿੰਦੀ ਹੈ ਕਿ ਉਹ ਭਾਵਨਾਵਾਂ ਤੋਂ ਜ਼ਿਆਦਾ ਪ੍ਰੇਰਿਤ ਅਤੇ ਪੱਖਪਾਤੀ ਹੋ ਕੇ ਫ਼ੈਸਲੇ ਲੈ ਸਕਦੇ ਹਨ। ਜਦ ਕਿ ਇਸ ਦੀ ਤੁਲਨਾ 'ਚ ਜੇ ਦੋ ਲੋਕ ਮਿਲ ਕੇ ਫ਼ੈਸਲੇ ਕਰਦੇ ਹਨ ਤਾਂ ਉਸ 'ਚ ਨਿਰਪੱਖਤਾ ਦੀ ਸਤ੍ਹਾ ਕਾਫ਼ੀ ਜ਼ਿਆਦਾ ਹੁੰਦੀ ਹੈ।

ਨਿਵੇਸ਼ ਦੇ ਮਾਮਲੇ 'ਚ ਵੀ ਐਫੀਸ਼ੈਂਟ ਪੋਰਟਫੋਲੀਓ ਥਿਊਰੀ ਦੀ ਧਰਨਾ ਇਹ ਕਹਿੰਦੀ ਹੈ ਕਿ ਅਜਿਹੇ ਅਸੈਟਸ ਜੋ ਇਕ ਦੂਜੇ ਨਾਲ ਨਾ ਮਿਲਦੇ ਹੋਣ ਉਨ੍ਹਾਂ ਦੇ ਮਿਲਾਪ ਨਾਲ ਜ਼ਿਆਦਾ ਸਥਿਰ ਰਿਟਰਨ ਮਿਲਦਾ ਹੈ। ਇਕ ਨਿਸ਼ਚਿਤ ਸਮੇਂ 'ਚ ਜੇ ਅਸੈਟਸ 'ਚ ਆਪਸੀ ਸਬੰਧ ਨਹੀਂ ਹੈ ਤਾਂ ਉਹ ਵੱਖ-ਵੱਖ ਤਰ੍ਹਾਂ ਨਾਲ ਪ੍ਰਦਰਸ਼ਨ ਕਰ ਸਕਦੀ ਹੈ। ਕਿਸੇ ਫ਼ੈਸਲੇ ਨੂੰ ਜੇ ਵੱਖ-ਵੱਖ ਸੋਚ ਵਾਲੇ ਦੋ ਲੋਕ ਮਿਲ ਕੇ ਲੈਂਦੇ ਹਨ ਤਾਂ ਕੁਝ ਸਮੇਂ ਬਾਅਦ ਉਸ ਦੇ ਚੰਗੇ ਨਤੀਜੇ ਮਿਲਣ ਦੀ ਸੰਭਾਵਨਾ ਹੁੰਦੀ ਹੈ। ਹਾਲਾਂਕਿ ਨਿਵੇਸ਼ ਸਬੰਧੀ ਫ਼ੈਸਲੇ ਕਈ ਦਹਾਕਿਆਂ ਜਾਂ ਪੀੜ੍ਹੀਆਂ ਤਕ ਆਪਣਾ ਅਸਰ ਛੱਡ ਸਕਦੇ ਹਨ, ਇਸ ਲਈ ਫ਼ੈਸਲੇ ਲੈਣ ਦੇ ਮਾਮਲੇ 'ਚ ਪਤੀ-ਪਤਨੀ ਦੋਵਾਂ ਦੀ ਸਮਝ ਅਤੇ ਸਹਿਮਤੀ ਜ਼ਰੂਰੀ ਹੈ। ਔਰਤਾਂ ਨੂੰ ਪਰਿਵਾਰ 'ਚ ਆਰਥਿਕ ਫ਼ੈਸਲੇ ਕਿਉਂ ਲੈਣੇ ਚਾਹੀਦੇ ਹਨ ਇਸ ਦੀ ਇਕ ਹੋਰ ਕਾਰਨ ਹੈ ਕਿ ਜੀਵਨਸਾਥੀ ਦੀ ਮੌਤ ਜਾਂ ਉਸ ਦੇ ਵੱਖ ਹੋਣ ਦੀ ਸਥਿਤੀ 'ਚ ਉਹ ਆਪਣੇ ਆਪ ਨੂੰ ਤਿਆਰ ਰੱਖ ਸਕੇ। ਔਰਤ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਉਸ ਨੂੰ ਪਤੀ ਦਾ ਮੌਤ ਤੋਂ ਬਾਅਦ ਹੋਣ ਵਾਲੀਆਂ ਆਰਥਿਕ ਮੁਸ਼ਕਲਾਂ ਦਾ ਪਤਾ ਹੋਣਾ ਚਾਹੀਦਾ ਹੈ।





### ਬੱਚਤ ਦੇ ਪਹਿਲੂਆਂ ਦਾ ਰੱਖੋ ਧਿਆਨ

ਔਰਤਾਂ ਜਿਸ ਤਰ੍ਹਾਂ ਆਪਣੇ ਪਰਿਵਾਰ ਨੂੰ ਸੰਤੁਲਿਤ ਭੋਜਨ ਦੇਣ 'ਚ ਮਾਹਿਰ ਹੁੰਦੀਆਂ ਹਨ, ਬਿਲਕੁਲ ਉਸੇ ਤਰ੍ਹਾਂ ਨਿਵੇਸ਼ ਦੇ ਸਬੰਧ 'ਚ ਵੀ ਕਿਹਾ ਜਾ ਸਕਦਾ ਹੈ। ਇਸ ਨਾਲ ਨਿਵੇਸ਼ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਉੱਭਰ ਕੇ ਸਾਹਮਣੇ ਆਉਂਦਾ ਹੈ ਅਤੇ ਬੱਚਤ ਨੂੰ ਵੱਖ-ਵੱਖ ਸਾਧਨਾਂ ਤੇ ਵਰਗਾਂ 'ਚ ਲਗਾਇਆ ਜਾਂਦਾ ਹੈ।

ਆਮਤੌਰ 'ਤੇ ਵੱਖ-ਵੱਖ ਅਸੈਟਸ ਕਲਾਸ ਨੂੰ ਤਿੰਨ ਸ਼੍ਰੇਣੀਆਂ ਅਨੁਸਾਰ ਵੰਡਿਆ ਜਾ ਸਕਦਾ ਹੈ-ਅਨੁਮਾਨਿਤ ਰਿਟਰਨ, ਨਿਵੇਸ਼ 'ਚ ਸ਼ਾਮਲ ਖ਼ਤਰੇ ਅਤੇ ਲਚਕੀਲਤਾ, ਭਾਵ ਵਿਅਕਤੀ ਕਿੰਨੀ ਜਲਦੀ ਆਪਣੇ ਨਿਵੇਸ਼ ਤੋਂ ਬਾਹਰ ਨਿਕਲ ਸਕੇ। ਆਮਤੌਰ 'ਤੇ ਰਿਟਰਨ ਅਤੇ ਮੁਸ਼ਕਲਾਂ ਨਾਲ-ਨਾਲ ਚਲਦੀਆਂ ਹਨ। ਰਿਸਕ ਜਿੰਨਾ ਜ਼ਿਆਦਾ ਹੋਵੇਗਾ, ਸ਼ਾਨਦਾਰ ਰਿਟਰਨ ਮਿਲਣ ਦੀ ਸੰਭਾਵਨਾ ਉਨੀ ਜ਼ਿਆਦਾ ਹੋਵੇਗੀ। ਜਿਵੇਂ ਕਿ ਘੱਟ ਸਮੇਂ 'ਚ ਇਕਵਟੀ ਜਾਂ ਸ਼ੇਅਰ ਖ਼ਤਰੇ ਭਰਪੂਰ ਹੋ ਸਕਦੇ ਹਨ ਪਰ ਜੇ ਉਸ 'ਚ ਲੰਬੇ ਸਮੇਂ 'ਚ ਨਿਵੇਸ਼ ਬਰਕਰਾਰ ਰੱਖਿਆ ਜਾਵੇ ਤਾਂ ਉਨ੍ਹਾਂ 'ਚ ਜ਼ਿਆਦਾ ਰਿਟਰਨ ਦੇਣ ਦੀ ਸਮਰੱਥਾ ਹੁੰਦੀ ਹੈ, ਜਦਕਿ ਇਸ ਦੇ ਉਲਟ ਡੇਟ ਇੰਸਟਰੂਮੈਂਟ 'ਚ ਇਕਵਡਿਟੀ ਦੀ ਤਰ੍ਹਾਂ ਅਸਥਿਰਤੀ ਨਹੀਂ ਹੁੰਦੀ ਪਰ ਇਸ 'ਚ ਰਿਟਰਨ ਸੀਮਿਤ ਹੁੰਦਾ ਹੈ। ਵੱਖ-ਵੱਖ ਅਸੈਟ ਕਲਾਸ ਨਾਲ ਅਨੁਮਾਨਿਤ ਰਿਟਰਨ ਵੀ ਵੱਖ-ਵੱਖ ਹੁੰਦੇ ਹਨ। ਉਦਾਹਰਨ ਲਈ ਜੇ 30 ਸਾਲ ਲਈ ਇਕ ਸਾਲ ਦਾ ਨਿਵੇਸ਼ ਕੀਤਾ ਜਾਵੇ ਤਾਂ ਇਹ ਅੱਠ ਫ਼ੀਸਦੀ ਕੰਪਾਊਡਿੰਗ ਦੇ ਹਿਸਾਬ ਨਾਲ ਦਸ ਲੱਖ ਰੁਪਏ ਤੋਂ ਜ਼ਿਆਦਾ ਹੋ ਜਾਵੇਗਾ। ਦੂਜੇ ਪਾਸੇ 15 ਫ਼ੀਸਦੀ ਕੰਪਾਊਡਿੰਗ 'ਤੇ ਇਕ ਲੱਖ ਰੁਪਏ ਦਾ ਨਿਵੇਸ਼ 30 ਸਾਲਾਂ 'ਚ ਅਣ-ਕਿਆਸੀ ਰੂਪ ਤੋਂ ਵੱਧ ਕੇ 66 ਲੱਖ ਰੁਪਏ ਹੋ ਜਾਵੇਗਾ।

ਡਾਕਟਰ, ਵਕੀਲ, ਸੀਏ ਆਦਿ ਸਾਰੇ ਮਾਮਲਿਆਂ 'ਚ ਅਸੀਂ ਅਕਸਰ ਸਭ ਤੋਂ ਭਰੋਸੇਮੰਦ ਮਾਹਿਰਾਂ ਦੀ ਸਲਾਹ ਲੈਂਦੇ ਹਨ। ਨਿਵੇਸ਼ ਦੀ ਯੋਜਨਾ ਇਕ ਗੰਭੀਰ ਵਿਸ਼ਾ ਹੁੰਦੀ ਹੈ ਅਤੇ ਇਸ ਮਾਮਲੇ 'ਚ ਸਭ ਆਪਣੇ ਮਨ ਨਾਲ ਨਹੀਂ ਕਰਨਾ ਚਾਹੀਦਾ। ਮਾਹਿਰ ਚਾਹੇ ਫ਼ੀਸ ਲੈਂਦੇ ਹੋਣ ਪਰ ਇਹ ਤੁਹਾਡੇ ਭਵਿੱਖ 'ਚ ਹੋਣ ਵਾਲੇ ਨੁਕਸਾਨ ਦੇ ਮੁਕਾਬਲੇ ਕਾਫ਼ੀ ਘੱਟ ਹੈ।

ਖ਼ਰਚਿਆਂ ਕਾਰਨ ਆਮ ਤੌਰ 'ਤੇ ਪਰਿਵਾਰਾਂ 'ਚ ਲੜਾਈ ਹੁੰਦੀ ਰਹਿੰਦੀ ਹੈ। ਬੱਚੇ ਮਸਤੀ ਕਰਨਾ ਅਤੇ ਖ਼ਰਚ ਕਰਨਾ ਚਾਹੁੰਦੇ ਹਨ, ਜਦਕਿ ਮਾਤਾ-ਪਿਤਾ ਨੂੰ ਭਵਿੱਖ ਲਈ ਬੱਚਤ ਦੀ ਫਿਕਰ ਸਤਾਉਂਦੀ ਰਹਿੰਦੀ ਹੈ। ਅਜਿਹੀ ਸਥਿਤੀ 'ਚ ਪਤੀ-ਪਤਨੀ ਦੋਵਾਂ ਵਿਚਕਾਰ ਸੰਤੁਲਨ ਬਣਾਉਣ ਦੀ ਜ਼ਰੂਰਤ ਹੁੰਦੀ ਹੈ।





## ਬੱਚਿਆਂ ਲਈ ਵਿੱਤੀ ਯੋਜਨਾਬੰਦੀ

ਸਿੰਗਲ ਪੇਰੈਂਟਸ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਪੈਂਦਾ ਹੈ ਕਿ ਜੇ ਕੋਈ ਅਨਹੋਣੀ ਹੋਵੇ ਅਤੇ ਉਹ ਨਾ ਰਹੇ ਤਾਂ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ 'ਚ ਪਰੇਸ਼ਾਨੀ ਨਾ ਹੋਵੇ। ਯਾਦ ਰੱਖੋ ਪੈਸਿਆਂ ਨਾਲ ਹੀ ਬੱਚਿਆਂ ਦਾ ਭਵਿੱਖ ਸੁਰੱਖਿਅਤ ਕੀਤਾ ਜਾ ਸਕਦਾ ਹੈ।

- ਸਿੰਗਲ ਪੇਰੈਂਟਸ (ਇਕੱਲੇ ਮਾਤਾ-ਪਿਤਾ) ਖ਼ਾਸ ਤੌਰ 'ਤੇ ਇਕੱਲੀਆਂ ਮਾਵਾਂ ਨੂੰ ਆਪਣੀ ਸੁਰੱਖਿਆ ਦਾ ਵੀ ਖਿਆਲ ਰੱਖਣਾ ਪੈਂਦਾ ਹੈ, ਬੱਚਿਆਂ ਦੇ ਨਾਲ ਕਿਤੇ ਵੀ ਇਕੱਲੇ ਰਹਿਣਾ ਉਨ੍ਹਾਂ ਲਈ ਸੰਭਵ ਨਹੀਂ। ਸਹੀ ਸਥਿਤੀ 'ਤੇ ਘਰ ਹੋਵੇ, ਗੁਆਂਢ ਚੰਗਾ ਹੋਵੇ, ਦਫ਼ਤਰ ਦਾ ਮਾਹੌਲ ਆਦਿ ਗੱਲਾਂ ਵੀ ਉਨ੍ਹਾਂ ਨੂੰ ਫ਼ੈਸਲਾ ਲੈਣ ਜਾਂ ਜ਼ਿਆਦਾ ਖ਼ਰਚ ਕਰਨ 'ਤੇ ਮਜਬੂਰ ਕਰ ਸਕਦੀਆਂ ਹਨ।
- ਫਾਈਨਾਂਸ਼ੀਅਲ ਪਲਾਨਿੰਗ ਜ਼ਰੂਰੀ ਹੈ ਪਰ ਸਵਾਲ ਹੈ ਕਿ ਇਹ ਕਿਵੇਂ ਕੀਤੀ ਜਾਵੇ? ਤੁਸੀਂ ਵਿੱਤੀ ਮਾਹਿਰ ਦੀ ਸਲਾਹ ਲੈ ਸਕਦੇ ਹੋ। ਜ਼ਿਆਦਾਤਰ ਮਾਹਿਰ, ਵਿੱਤੀ ਅਤੇ ਬੱਚਤ ਯੋਜਨਾ ਬਣਾਉਂਦੇ ਸਮੇਂ ਮੁੱਖ ਗੱਲਾਂ 'ਤੇ ਧਿਆਨ ਦੇਣ ਨੂੰ ਕਹਿੰਦੇ ਹਨ।
- ਨਿਵੇਸ਼ 'ਤੇ ਨਿਸ਼ਚਿਤ ਆਮਦਨ ਪ੍ਰਾਪਤ ਹੋਵੇ, ਇਸ ਲਈ ਸ਼ੇਅਰਜ਼ 'ਚ ਸ਼ਾਰਟ ਟਰਮ ਲਈ ਨਿਵੇਸ਼, ਮਿਊਚਲ ਫੰਡ ਅਤੇ ਕੁਝ ਖ਼ਾਸ ਪੋਸਟ ਆਫਿਸ ਸਕੀਮਾਂ ਸਮੇਤ ਕਈ ਤਰੀਕੇ ਹਨ।
- ਸਿੰਗਲ ਪੇਰੈਂਟਸ ਲਈ ਜ਼ਰੂਰੀ ਹੈ ਕਿ ਉਹ ਸੋਚ ਸਮਝ ਕੇ ਅਤੇ ਪਲਾਨ ਕਰ ਕੇ ਨਿਵੇਸ਼ ਕਰਨ। ਜੇ ਸਿੰਗਲ ਪੇਰੈਂਟਸ ਔਰਤ ਹੈ ਅਤੇ ਘੱਟ ਉਮਰ ਦੀ ਹੈ ਤਾਂ ਉਹ ਘੱਟ ਖ਼ਤਰੇ ਵਾਲੇ ਖੇਤਰ ਜਿਵੇਂ ਸ਼ੇਅਰ, ਮਿਊਚਲ ਫੰਡ 'ਚ ਨਿਵੇਸ਼ ਕਰ ਕੇ ਜਾਇਦਾਦ ਇਕੱਠੀ ਕਰ ਸਕਦੀ ਹੈ। ਜ਼ਮੀਨ-ਜਾਇਦਾਦ, ਜਿਊਲਰੀ, ਬੀਮਾ ਪਾਲਿਸੀ ਵਗੈਰਾ 'ਚ ਨਿਵੇਸ਼ ਕਰਨਾ ਵੀ ਠੀਕ ਰਹੇਗਾ। ਕੁਝ ਰਾਸ਼ੀ ਬੈਂਕਾਂ 'ਚ ਜਮ੍ਹਾ ਖ਼ਾਤਾ ਰੱਖਣਾ ਵੀ ਜ਼ਰੂਰੀ ਹੈ। ਜ਼ਿਆਦਾ ਉਮਰ ਹੋਣ 'ਤੇ ਵਿਅਕਤੀ ਲਈ ਪੈਸਿਆਂ ਦੀ ਲਚਕੀਲਤਾ ਤੋਂ ਜ਼ਿਆਦਾ ਸਕਿਓਰਿਟੀ ਅਹਿਮ ਹੁੰਦੀ ਹੈ। ਇਸ ਲਈ ਖਤਰੇ ਵਾਲੀਆਂ ਮੱਦਾਂ 'ਤੇ ਨਿਵੇਸ਼ ਕਰਨਾ ਸੰਭਵ ਨਹੀਂ ਰਹਿ ਜਾਂਦਾ। ਇਸ ਲਈ ਘੱਟ ਉਮਰ 'ਚ ਹੀ ਪਲਾਨਿੰਗ ਕਰ ਕੇ ਚੱਲਣਾ ਸਭ ਤੋਂ ਚੰਗਾ ਹੈ।

### ਧਿਆਨ ਦਿਓ

- ਹਮੇਸ਼ਾ ਆਪਣੇ ਦੁਆਰਾ ਕੀਤੇ ਗਏ ਨਿਵੇਸ਼ਾਂ ਦੀ ਜਾਣਕਾਰੀ ਬੱਚਿਆਂ ਨੂੰ ਦਿਓ।
- ਬੱਚਿਆਂ ਨੂੰ ਜਲਦ ਤੋਂ ਜਲਦ ਆਤਮ-ਨਿਰਭਰ ਬਣਾਉਣ ਦਾ ਯਤਨ ਕਰੋ।
- ਉਨ੍ਹਾਂ ਦੀ ਸਿੱਖਿਆ ਅਤੇ ਵਿਆਹ ਲਈ ਚਾਇਲਡ ਪਲਾਨ ਲਓ।
- ਬੱਚਿਆਂ ਦੀ ਹਰ ਖ਼ਾਹਿਸ਼ ਪੂਰੀ ਕਰਨ ਦੇ ਚੱਕਰ 'ਚ ਬਜਟ 'ਤੇ ਜ਼ਿਆਦਾ ਭਾਰ ਨਾ ਪਾਓ।
- ਕੁਝ ਰਾਸ਼ੀ ਆਪਣੇ ਕੋਲ ਜ਼ਰੂਰ ਰੱਖੋ ਤਾਂ ਕਿ ਮੁਸ਼ਕਲ ਸਥਿਤੀ 'ਚ ਤੁਹਾਨੂੰ ਦੂਜਿਆਂ ਦੇ ਅੱਗੇ ਹੱਥ ਨਾ ਫੈਲਾਉਣੇ ਪੈਣ। •

# ਬੱਚਤ ਨਹੀਂ ਜ਼ਰੂਰਤ ਵੀ ਹੈ ਜੀਵਨ-ਬੀਮਾ

ਸਮੇਂ ਦਾ ਨਾਲ-ਨਾਲ ਹੁਣ ਜੀਵਨ ਬੀਮਾ 'ਚ ਕਾਫ਼ੀ ਤਬਦੀਲੀ ਆ ਚੁੱਕੀ ਹੈ। ਹੁਣ ਇਹ ਜ਼ਰੂਰਤ ਅਤੇ ਬੱਚਤ ਦੋਵਾਂ ਨੂੰ ਪੂਰਾ ਕਰਦੀ ਹੈ, ਇਹ ਇਕ ਅਜਿਹੀ ਸੁਰੱਖਿਆ ਦਿੰਦੀ ਹੈ, ਜੋ ਵਿਅਕਤੀ ਦੇ ਆਤਮ-ਵਿਸ਼ਵਾਸ ਨੂੰ ਵਧਾਉਣ ਦਾ ਕੰਮ ਕਰਦੀ ਹੈ। ਜੀਵਨ ਬੀਮਾ ਪਾਲਿਸੀ ਜਿੰਨੀ ਘੱਟ ਉਮਰ 'ਚ ਲਈ ਜਾਵੇ ਪ੍ਰੀਮੀਅਮ ਉਨਾ ਹੀ ਘੱਟ ਦੇਣਾ ਪੈਂਦਾ ਹੈ ਅਤੇ ਲਾਭ ਜ਼ਿਆਦਾ ਤੋਂ ਜ਼ਿਆਦਾ ਮਿਲਦਾ ਹੈ। ਉਂਜ ਜੀਵਨ ਬੀਮਾ ਨੂੰ ਬੱਚਤ ਦੀ ਜਗ੍ਹਾ ਜ਼ਰੂਰਤ ਜ਼ਿਆਦਾ ਮੰਨਣੀ ਚਾਹੀਦੀ ਹੈ, ਕਿਉਂਕਿ ਇਸ ਨੂੰ ਬੱਚਿਆਂ ਦੀ ਸਿੱਖਿਆ, ਰੁਜ਼ਗਾਰ ਤੇ ਵਿਆਹ ਆਦਿ ਜੀਵਨ ਦੀਆਂ ਹੋਰ ਮਹੱਤਵਪੂਰਨ ਜ਼ਿੰਮੇਵਾਰੀਆਂ ਨੂੰ ਚੁੱਕਣ 'ਚ ਮਦਦ ਮਿਲਦੀ ਹੈ। ਭਾਰਤੀ ਜੀਵਨ ਬੀਮਾ ਨਿਗਮ ਪਰਿਵਾਰ ਦੇ ਹਰ ਮੈਂਬਰ ਦੀ ਜ਼ਰੂਰਤ ਨੂੰ ਸਮਝਦੇ ਹੋਏ ਉਸ ਦੇ ਹਿਸਾਬ ਨਾਲ ਪਾਲਿਸੀ ਦਿੰਦਾ ਹੈ। ਜਿਸ ਨਾਲ ਸਿਰਫ਼ ਘਰ ਦੇ ਕਮਾਊ ਮੈਂਬਰਾਂ ਨੂੰ ਹੀ ਨਹੀਂ, ਦੂਜੇ ਮੈਂਬਰਾਂ ਨੂੰ ਵੀ ਪੂਰੀ ਸੁਰੱਖਿਆ ਮਿਲਦੀ ਹੈ।

ਅਜਿਹੇ 'ਚ ਇਹ ਜ਼ਰੂਰੀ ਹੈ ਕਿ ਜੀਵਨ ਬੀਮਾ ਨੂੰ ਬੱਚਤ ਤੋਂ ਜ਼ਿਆਦਾ ਜ਼ਰੂਰਤ ਸਮਝਣਾ ਚਾਹੀਦਾ ਹੈ। ਭਾਰਤ 'ਚ ਜੀਵਨ ਬੀਮਾ ਪਾਲਿਸੀ ਦੀ ਸ਼ੁਰੂਆਤ ਭਾਰਤੀ ਜੀਵਨ ਬੀਮਾ ਨਿਗਮ ਨੇ ਕੀਤੀ ਸੀ। ਬੀਮਾ ਭਾਵ ਇੰਸ਼ੋਰੈਂਸ ਇਕ ਤਰ੍ਹਾਂ ਦਾ ਅਨੁਭਵ ਹੁੰਦਾ ਹੈ। ਦੋ ਜਾਂ ਜ਼ਿਆਦਾ ਵਿਅਕਤੀਆਂ, ਸੰਸਥਾਵਾਂ 'ਚ ਅਜਿਹਾ ਸਮਝੌਤਾ ਜਿਸਨੂੰ ਕਾਨੂੰਨੀ ਤੌਰ 'ਤੇ ਲਾਗੂ ਕੀਤਾ ਜਾ ਸਕੇ, ਉਸ ਨੂੰ ਇਕਰਾਰਨਾਮਾ ਕਹਿੰਦੇ ਹਨ। ਸ਼ੁਰੂ ਸ਼ੁਰੂ 'ਚ ਭਾਰਤ 'ਚ ਸਰਕਾਰੀ ਕੰਪਨੀਆਂ ਹੀ ਬੀਮਾ ਪਾਲਿਸੀਆਂ ਵੇਚਣ ਦਾ ਕੰਮ ਕਰਦੀਆਂ ਸੀ ਪਰ ਹੁਣ ਬਹੁਤ ਸਾਰੀਆਂ ਪ੍ਰਾਈਵੇਟ ਕੰਪਨੀਆਂ ਨੂੰ ਵੀ ਲਾਈਫ ਇੰਸ਼ੋਰੈਂਸ, ਹੈਲਥ ਇੰਸ਼ੋਰੈਂਸ ਪਾਲਿਸੀਆਂ ਵੇਚਣ ਦੀ ਇਜਾਜ਼ਤ ਮਿਲ ਗਈ ਹੈ। ਹੁਣੇ ਜਿਹੇ ਕੁਝ ਸਾਲਾਂ 'ਚ ਦੇਸ਼ 'ਚ ਬੀਮਾ ਕਾਰੋਬਾਰ ਨੇ ਕਾਫ਼ੀ ਤਰੱਕੀ ਕਰ ਲਈ ਹੈ। ਬੀਮਾ ਸਿਰਫ਼ ਕਰਨ ਵਾਲੇ ਅਤੇ ਕਰਾਉਣ ਵਾਲੇ ਲਈ ਹੀ ਲਾਭਦਾਇਕ ਨਹੀਂ ਹੈ, ਬੀਮਾ ਕੰਪਨੀਆਂ ਦੇਸ਼ 'ਚ ਵੱਡੀ ਸੰਖਿਆ 'ਚ ਲੋਕਾਂ ਨੂੰ ਰੁਜ਼ਗਾਰ ਦੇਣ ਦਾ ਕੰਮ ਵੀ ਕਰ ਰਹੀ ਹੈ।

### ਲੋੜ ਮੁਤਾਬਕ ਪਾਲਿਸੀ

ਸਾਰੀ ਉਮਰ ਲਈ ਭਾਵ ਆਜੀਵਨ ਬੀਮਾ ਪਾਲਿਸੀ ਕਿੰਨੀ ਕੀਮਤ ਲਈ ਜਾਵੇ ਇਸ ਦਾ ਆਸਾਨ ਫਾਰਮੂਲਾ ਇਹ ਹੈ ਕਿ ਵਿਅਕਤੀ ਦੀ ਸਾਲਾਨਾ ਆਮਦਨ ਜਿੰਨੀ ਹੋਵੇ, ਉਸ ਦੀ ਦਸ ਗੁਣਾ ਬੀਮਾ ਰਾਸ਼ੀ ਹੋਵੇ। ਕਈ ਤਰ੍ਹਾਂ ਦੀਆਂ ਬੀਮਾ ਪਾਲਿਸੀਆਂ ਆਉਣ ਨਾਲ ਕਿਸੇ ਤਰ੍ਹਾਂ ਦਾ ਬੋਝ ਪਾਲਿਸੀਧਾਰਕ 'ਤੇ ਨਹੀਂ

**ਜੀਵਨ ਬੀਮਾ ਪਾਲਿਸੀ ਜਿੰਨੀ ਘੱਟ ਉਮਰ ਵਿਚ ਲਈ ਜਾਵੇ ਕਿਸ਼ਤ ਓਨੀ ਹੀ ਘੱਟ ਦੇਣੀ ਪੈਂਦੀ ਹੈ ਅਤੇ ਲਾਭ ਜ਼ਿਆਦਾ ਤੋਂ ਜ਼ਿਆਦਾ ਮਿਲਦਾ ਹੈ...** ”

ਪੈਂਦਾ। ਬੀਮਾ ਏਜੰਟ ਸਹੀ ਬੀਮਾ ਪਾਲਿਸੀ ਲੈਣ ਲਈ ਮਦਦ ਕਰਦਾ ਹੈ।

ਹਰ ਬੀਮਾ ਯੋਜਨਾ ਨੂੰ ਚਲਾਉਣ ਲਈ ਇਕ ਪਾਲਿਸੀ ਦਾ ਸਹਾਰਾ ਲਿਆ ਜਾਂਦਾ ਹੈ। ਇਸ ਪਾਲਿਸੀ 'ਚ ਹੀ ਇਕਰਾਰਨਾਮੇ ਦੀਆਂ ਸ਼ਰਤਾਂ ਲਿਖੀਆਂ ਹੁੰਦੀਆਂ ਹਨ। ਬੀਮਾ ਕੰਪਨੀਆਂ ਦੀ ਯਤਨ ਹੁੰਦਾ ਹੈ ਕਿ ਉਹ ਇਸ ਤਰ੍ਹਾਂ ਦੀਆਂ ਪਾਲਿਸੀਆਂ ਬਣਾਉਣ ਜਿਨ੍ਹਾਂ 'ਚ ਹਰ ਆਦਮੀ ਦੀ ਜ਼ਰੂਰਤ ਦੇ ਹਿਸਾਬ ਨਾਲ ਪਾਲਿਸੀ ਨੂੰ ਚੁਣਨ ਦੀ ਸੁਵਿਧਾ ਮਿਲ ਸਕੇ। ਬੀਮਾ ਪਾਲਿਸੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਬੀਮਾ ਨੂੰ ਲੋਕਾਂ ਵਿਚਕਾਰ ਪਸੰਦੀਦਾ ਬਣਾਉਣ ਲਈ ਬੱਚਤ ਯੋਜਨਾ ਨੂੰ ਵੀ ਬੀਮਾ ਪਾਲਿਸੀ ਨਾਲ ਜੋੜਿਆ ਗਿਆ। ਬੀਮਾ ਦਾ ਪੈਸਾ ਲਈ ਗਈ ਪਾਲਿਸੀ ਦੀ ਤੈਅ ਸਮਾਂ ਸੀਮਾ ਪੂਰਾ ਹੋਣ ਤੋਂ ਬਾਅਦ ਮਿਲਦਾ ਹੈ।

ਬੀਮਾ ਕਰਾਉਣ ਵਾਲਿਆਂ ਨੂੰ ਉਸ ਦੀ ਜ਼ਰੂਰਤ ਦੇ ਹਿਸਾਬ ਨਾਲ ਸਮੇਂ ਸਮੇਂ 'ਤੇ ਕੁਝ ਪੈਸਾ ਮਿਲਦਾ ਰਹੇ, ਇਸ ਲਈ ਮਨੀ ਬੈਂਕ ਪਾਲਿਸੀ ਦਾ ਚੰਗਾ ਤਰੀਕਾ ਹੈ। ਮਨੀ ਬੈਂਕ ਪਾਲਿਸੀ ਜੀਵਨ ਬੀਮਾ ਦੀ ਸਭ ਤੋਂ ਜ਼ਿਆਦਾ ਵਿਕਣ ਵਾਲੀਆਂ ਪਾਲਿਸੀਆਂ 'ਚ ਆਉਂਦੀ ਹੈ। ਇਹ ਹੀ ਨਹੀਂ, ਬੀਮਾ ਕੰਪਨੀਆਂ ਗਰੰਟੀਸ਼ੁਦਾ ਪੈਸਾ ਦੇਣ ਵਾਲੀਆਂ ਪਾਲਿਸੀਆਂ ਵੀ ਲੈ ਕੇ ਆ ਚੁੱਕੀ ਹੈ।

### ਰੁਜ਼ਗਾਰ

ਬੀਮਾ ਨਾਲ ਸਿਰਫ਼ ਜੀਵਨ ਦੀ ਸੁਰੱਖਿਆ ਹੀ ਨਹੀਂ ਮਿਲਦੀ। ਇਹ ਰੁਜ਼ਗਾਰ ਦਾ ਵੀ ਇਕ ਵੱਡਾ ਸਾਧਨ ਹੈ। ਜੀਵਨ ਬੀਮਾ ਏਜੰਟ ਬਣ ਕੇ ਲੱਖਾਂ ਲੋਕ ਆਪਣੀ ਰੋਜ਼ੀ-ਰੋਟੀ ਚਲਾ ਰਹੇ ਹਨ। ਇਸ ਨਾਲ ਆਰਥਿਕ ਲਾਭ ਮਿਲਦਾ ਹੈ। ਬੀਮਾ ਰਕਮ ਬੀਮਾ ਧਾਰਕ ਦੇ ਮਰਨ ਤੋਂ ਬਾਅਦ ਵੀ ਅਤੇ ਜ਼ਿੰਦਾ ਰਹਿੰਦੇ ਹੋਏ ਵੀ ਕਮੀ ਆਉਂਦੀ ਹੈ। ਗ਼ਰੀਬੀ ਰੇਖਾ ਤੋਂ ਹੇਠਾ ਜਿਊਣ ਵਾਲੇ ਸਾਡੇ ਦੇਸ਼ਵਾਸੀ ਆਪਣੇ ਮਰਨ ਦੀ ਕਲਪਨਾ ਵੀ ਨਹੀਂ ਕਰਨਾ ਚਾਹੁੰਦੇ। ਇਸ ਵਜ੍ਹਾ ਨਾਲ ਜੀਵਨ ਬੀਮਾ ਕੰਪਨੀਆਂ ਨੂੰ ਆਪਣੇ ਪ੍ਰਚਾਰ 'ਚ ਕਹਿਣਾ ਪੈਂਦਾ ਹੈ ਕਿ 'ਜ਼ਿੰਦਗੀ ਦੇ ਨਾਲ ਵੀ, ਜ਼ਿੰਦਗੀ ਤੋਂ ਬਾਅਦ ਵੀ'। ਬੀਮਾ ਕੰਪਨੀਆਂ ਪਾਲਿਸੀਆਂ ਬਣਾਉਂਦੇ ਸਮੇਂ ਇਸ ਗੱਲ ਦਾ ਪੂਰਾ ਧਿਆਨ ਰੱਖਦੀ ਹੈ ਕਿ ਬੀਮਾ ਧਾਰਕ ਦੀ ਜ਼ਰੂਰਤ ਅਨੁਸਾਰ ਬੀਮਾ ਪਾਲਿਸੀ ਬਣਾਈ ਜਾਵੇ।ਹੁਣ ਵੀ ਸਾਡੇ ਦੇਸ਼ 'ਚ ਪ੍ਰਤੀ ਵਿਅਕਤੀ ਆਮਦਨ ਦੂਜੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਘੱਟ ਹੈ। ਇਸ ਵਜ੍ਹਾ ਨਾਲ ਇੱਥੇ ਬੀਮਾ ਵੱਲ ਘੱਟ ਧਿਆਨ ਜਾਂਦਾ ਹੈ। ਬੀਮਾ ਦੇ ਨਾਲ-ਨਾਲ ਬੱਚਤ ਯੋਜਨਾਵਾਂ ਨੂੰ ਚਲਾਉਣ ਨਾਲ ਹੀ ਬੀਮਾ ਨਾਲ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਜੋੜਿਆ ਜਾ ਸਕਦਾ ਹੈ। ਅੱਜ ਦੇ ਸਮੇਂ 'ਚ ਔਰਤਾਂ ਨੌਕਰੀ ਅਤੇ ਰੁਜ਼ਗਾਰ ਦੇ ਖ਼ੇਤਰਾਂ 'ਚ ਅੱਗੇ ਵੱਧ ਰਹੀਆਂ ਹਨ। ਇਸ ਲਈ ਮਹਿਲਾ ਬੀਮਾ ਏਜੰਟਾਂ ਦੀ ਜ਼ਰੂਰਤ ਵੀ ਤੇਜ਼ੀ ਨਾਲ ਵੱਧ ਰਹੀ ਹੈ। ਬੀਮਾ ਏਜੰਟ ਬਣ ਕੇ ਔਰਤਾਂ ਰੁਜ਼ਗਾਰ ਕਰ ਸਕਦੀਆਂ ਹਨ। ਕਿਸੇ ਔਰਤ ਨੂੰ ਬੀਮੇ ਦੀ ਜ਼ਰੂਰਤ ਦੇ ਬਾਰੇ ਮਹਿਲਾ ਏਜੰਟ ਚੰਗੀ ਤਰ੍ਹਾਂ ਸਮਝਾ ਸਕਦੀ ਹੈ। ਔਰਤਾਂ ਲਈ ਬੀਮਾ ਏਜੰਟ ਬਣ ਕੇ ਆਪਣਾ ਕਰੀਅਰ ਚਲਾਉਣਾ ਆਸਾਨ ਕੰਮ ਹੈ। ਬੀਮਾ ਦੇਸ਼ ਦੇ ਵਿਕਾਸ 'ਚ ਆਪਣਾ ਅਹਿਮ ਰੋਲ ਅਦਾ ਕਰ ਰਿਹਾ ਹੈ। ਭਾਰਤ 'ਚ ਹੁਣ ਵੀ ਬੀਮਾ ਕਾਰੋਬਾਰ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤਕ ਇਸ ਨੂੰ ਪਹੁੰਚਾਉਣ ਨਾਲ ਦੇਸ਼ ਦਾ ਲਾਭ ਹੋਵੇਗਾ। ਬੀਮਾ ਏਜੰਟ ਬਣ ਕੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਵੀ ਕਾਫ਼ੀ ਹਦ ਤਕ ਦੂਰ ਕੀਤਾ ਜਾ ਸਕਦਾ ਹੈ। •



## ਸੰਪਾਦਕੀ

# ਮੈਟਾ ਦੀ ਜਵਾਬਦੇਹੀ

ਅਮਰੀਕੀ ਸੂਬੇ ਨਿਊ ਮੈਕਸਿਕੋ ਦੀ ਜਿਊਰੀ ਵੱਲੋਂ ਮੈਟਾ ਪਲੈਟਫਾਰਮਜ਼ ਨੂੰ 37.5 ਕਰੋੜ ਡਾਲਰ ਦਾ ਜੁਰਮਾਨਾ ਲਾਉਣ ਦਾ ਫ਼ੈਸਲਾ ਇਸ ਤਕਨੀਕੀ ਦਿੱਗਜ ਕੰਪਨੀ ਲਈ ਕਾਨੂੰਨੀ ਝਟਕੇ ਤੋਂ ਕਿਤੇ ਵੱਧ ਹੈ। ਇਹ ਫ਼ੈਸਲਾ ਇਸ ਪਲੈਟਫਾਰਮ ਦੀ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਸਬੰਧੀ ਲੰਮੇ ਸਮੇਂ ਤੋਂ ਰੁਕੀ ਚਰਚਾ ਦੌਰਾਨ ਇੱਕ ਨਿਰਣਾਇਕ ਪਲ ਹੈ। ਇਹ ਫ਼ੈਸਲਾ ਸਪੱਸ਼ਟ ਕਰਦਾ ਹੈ ਕਿ ਪਲੈਟਫਾਰਮ ਨੇ ਉਪਭੋਗਤਾਵਾਂ ਨੂੰ ਸੁਰੱਖਿਆ ਸਬੰਧੀ ਗੁਮਰਾਹ ਕੀਤਾ ਹੈ ਜਦੋਂਕਿ ਇਸ ਪਲੈਟਫਾਰਮ ’ਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਹੋ ਸਕਦਾ ਹੈ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਅਮਰੀਕੀ ਜਿਊਰੀ ਨੇ ਕੰਪਨੀ ਨੂੰ ਉਸ ਦੇ ਡਿਜ਼ਾਈਨ ਦੇ ਨਿਕਲਣ ਵਾਲੇ ਸਿੱਟਿਆਂ ਲਈ ਜ਼ਿੰਮੇਵਾਰ ਠਹਿਰਾਇਆ ਹੋਵੇ, ਜਿਸ ਕਾਰਨ ਨਿਆਂਇਕ ਸਿਧਾਂਤਾਂ ਤਹਿਤ ਸੋਸ਼ਲ ਮੀਡੀਆ ਫਰਮਾਂ ਨੂੰ ਪ੍ਰਾਪਤ ਸੁਰੱਖਿਆ ਢਾਲ ਨੂੰ ਸੰਨ੍ਹ ਲੱਗੀ ਹੈ। ਜਿਊਰੀ ਕੋਲ ਸਬੂਤ ਬਿਲਕੁਲ ਸਪੱਸ਼ਟ ਹਨ। ਤਫ਼ਤੀਸ਼ਕਾਰਾਂ ਨੇ ਖ਼ੁਦ ਨੂੰ ਨਾਬਾਲਗ ਦੱਸ ਕੇ ਜਾਅਲੀ ਖਾਤੇ ਬਣਾਏ, ਜਿਸ ਤੋਂ ਤੁਰੰਤ ਬਾਅਦ ਉਨ੍ਹਾਂ ਦੇ ਖਾਤਿਆਂ ’ਤੇ ਅਸ਼ਲੀਲ ਸਮੱਗਰੀ ਆ ਗਈ ਅਤੇ ਸੁਰੱਖਿਆ ਦੇ ਮਾਮਲੇ ’ਚ ਕੰਪਨੀ ਬੇਪਰਦ ਹੋ ਗਈ। ਪਲੈਟਫਾਰਮ ਵੱਲੋਂ ਅਣਗੌਲਿਆਂ ਕੀਤੀਆਂ ਅੰਦਰੂਨੀ ਚਿਤਾਵਨੀਆਂ, ਨੁਕਸਦਾਰ ਏ ਆਈ ਮੌਡਰੇਸ਼ਨ ਸਿਸਟਮ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਪੱਖ ਵਿੱਚ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਇਸ ਸਿਸਟਮ ਦੀ ਅਸਫ਼ਲਤਾ ਵੱਲ ਇਸ਼ਾਰਾ ਕਰਦੀਆਂ ਹਨ। ਸਰਕਾਰੀ ਵਕੀਲਾਂ ਦੀ ਦਲੀਲ ਹੈ ਕਿ ਕੰਪਨੀ ਨੇ ਸੁਰੱਖਿਆ ਦੀ ਬਜਾਏ ਆਪਣੇ ਮੁਨਾਫ਼ੇ ਅਤੇ ਉਪਭੋਗਤਾ ਆਪਣੇ ਵੱਲ ਖਿੱਚਣ ਨੂੰ ਤਰਜੀਹ ਦਿੱਤੀ ਹੈ। ਇਹ ਅਰਥਵਿਵਸਥਾ ਦੀ ਢਾਂਚਾਗਤ ਅਸਫ਼ਲਤਾ ਹੈ। ਉਪਭੋਗਤਾਵਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਡਿਜ਼ਾਈਨ ਕੀਤੇ ਗਏ ਪਲੈਟਫਾਰਮ ਉਪਭੋਗਤਾਵਾਂ, ਖ਼ਾਸਕਰ ਕੇ ਬੱਚਿਆਂ ਨੂੰ ਜੋਖ਼ਮ ਭਰੇ ਡਿਜੀਟਲ ਪਲੈਟਫਾਰਮਾਂ ਵੱਲ ਧੱਕਦੇ ਹਨ। ਪਲੈਟਫਾਰਮਾਂ ’ਤੇ ਨਿਸ਼ਚਿਤ ਨਿਯਮਾਵਲੀ ਤੋਂ ਸ਼ੋਸ਼ਣ ਅਤੇ ਉਤਸੁਕਤਾ ਵਿਚਲਾ ਫ਼ਰਕ ਪਤਾ ਨਹੀਂ ਲੱਗਦਾ; ਇਹ ਦੋਵਾਂ ਨੂੰ ਵਧਾਉਂਦਾ ਹੈ। ਇਸ ਦਾ ਵਿਆਪਕ ਅਰਥ ਵਿਸ਼ਵ-ਵਿਆਪੀ ਹੈ। ਭਾਰਤ ਸਮੇਤ ਦੁਨੀਆ ਭਰ ਦੀਆਂ ਸਰਕਾਰਾਂ ਅਜਿਹੇ ਪਲੈਟਫਾਰਮਾਂ ਨੂੰ ਨਿਯਮਿਤ ਕਰਨ ਲਈ ਜੱਦੋਜਹਿਦ ਕਰ ਰਹੀਆਂ ਹਨ, ਜੋ ਵੱਖ-ਵੱਖ ਅਧਿਕਾਰ ਖੇਤਰਾਂ ਵਿੱਚ ਕੰਮ ਕਰਦੇ ਹਨ ਪਰ ਉਨ੍ਹਾਂ ਖੇਤਰਾਂ ਦੀ ਜਵਾਬਦੇਹੀ ਤੋਂ ਬਚਦੇ ਹਨ। ਇਹ ਫ਼ੈਸਲਾ ਇਸ ਗੱਲ ਦਾ ਸੰਕੇਤ ਹੈ ਕਿ ਪਲੈਟਫਾਰਮਾਂ ਨੂੰ ਅਧਿਕਾਰਤ ਕਰਨ ਦੇ ਯੁੱਗ ਦਾ ਅੰਤ ਹੋਣ ਜਾ ਰਿਹਾ ਹੈ। ਅਦਾਲਤਾਂ ਨਾ ਸਿਰਫ਼ ਸਮੱਗਰੀ ਸਗੋਂ ਪਲੈਟਫਾਰਮ ਬਣਤਰ ਦੀ ਵੀ ਡੂੰਘੀ ਜਾਂਚ ਕਰਵਾਉਣ ਦੇ ਰੌਅ ਵਿੱਚ ਹਨ। ਫਿਰ ਵੀ ਸਾਵਧਾਨੀ ਵਰਤਣੀ ਜ਼ਰੂਰੀ ਹੈ। ਇੰਨਾ ਵੱਡਾ ਵਿੱਤੀ ਜੁਰਮਾਨਾ ਵੀ ਨਿਗਰਾਨੀ ਅਤੇ ਸ਼ਮੂਲੀਅਤ ਆਧਾਰਿਤ ਇਨ੍ਹਾਂ ਕਾਰੋਬਾਰੀ ਮਾਡਲਾਂ ਦਾ ਸਰੂਪ ਬਦਲਣ ਵਿੱਚ ਕਾਰਗਰ ਸਾਬਿਤ ਨਹੀਂ ਹੋ ਸਕਦਾ। ਹਕੀਕੀ ਰੂਪ ’ਚ ਸੁਧਾਰ ਲਿਆਉਣ ਲਈ ਬਿਹਤਰ ਡਿਜ਼ਾਈਨ ਤਬਦੀਲੀਆਂ, ਉਮਰ ਸਬੰਧੀ ਕਾਰਗਰ ਪੜਤਾਲ, ਨਿਯਮਾਂ ਦੀ ਪਾਰਦਰਸ਼ਤਾ ਅਤੇ ਕਾਨੂੰਨੀ ਜਵਾਬਦੇਹੀ ਯਕੀਨੀ ਬਣਾਉਣ ਦੀ ਲੋੜ ਹੋਵੇਗੀ। ਹੁਣ ਸਵਾਲ ਇਹ ਹੈ ਕਿ ਕੀ ਹੋਰ ਮੁਲਕ ਵੀ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਲਈ ਤਿਆਰ ਹਨ?

## ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਸਰਫੇਸ ਸੀਡਰ ਵਿਧੀ ਨਾਲ ਬੀਜੀ ਕਣਕ ਸਬੰਧੀ ਖੇਤ ਦਿਵਸ ਮਨਾਇਆ



ਹੁਸ਼ਿਆਰਪੁਰ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਏ.ਯੂ.ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਸਰਫੇਸ ਸੀਡਰ ਵਿਧੀ ਨਾਲ ਬੀਜੀ ਕਣਕ ਸਬੰਧੀ ਖੇਤ ਦਿਵਸ ਮਾਹਿਲਪੁਰ ਬਲਾਕ ਦੇ ਪਿੰਡ ਰਸੂਲਪੁਰ ਵਿਖੇ ਮਨਾਇਆ ਗਿਆ। ਇਸ ਵਿਧੀ ਨਾਲ ਅਮਰਜੀਤ ਸਿੰਘ ਨੇ ਪਹਿਲੀ ਵਾਰ 5 ਖੇਤਾਂ ‘ਤੇ ਸਫਲਤਾ ਪੂਰਵਕ ਬਿਜਾਈ ਕੀਤੀ ਹੈ।

ਕੈਂਪ ਦੀ ਸ਼ੁਰੂਆਤ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਪ੍ਰੋਫੈਸਰ (ਪਸ਼ੂ ਵਿਗਿਆਨ) ਡਾ. ਪਰਮਿੰਦਰ ਸਿੰਘ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਨਾ ਸਾੜਣ ਅਤੇ ਉਪਲਬੱਧ ਮਸ਼ੀਨਰੀ ਤੇ ਤਕਨੀਕਾਂ ਰਾਂਹੀ ਇਸ ਦਾ ਯੋਗ ਪ੍ਰਬੰਧ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ। ਉਨ੍ਹਾਂ ਡੇਅਰੀ ਪਸ਼ੂਆਂ ਵਿੱਚ ਟੀਕਾਕਰਣ ਸਬੰਧੀ ਮਹੱਤਤਾ ਬਾਬਤ ਵੀ ਦੱਸਿਆ। ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨਿਅਰਿੰਗ) ਡਾ. ਅਜੈਬ ਸਿੰਘ ਨੇ ਪਰਾਲੀ ਪ੍ਰਬੰਧਨ ਬਾਬਤ ਉਪਲਬੱਧ ਮਸ਼ੀਨਰੀ ਦੀ ਵਰਤੋਂ ਅਤੇ ਕਾਰਗੁਜਾਰੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਪਰਾਲੀ ਦੀ ਪਸ਼ੂ ਖੁਰਾਕ, ਮਲਚ, ਖੁੰਬ ਉਤਪਾਦਨ, ਊਰਜਾ, ਖਾਦ ਤੇ ਗੱਤਾ ਉਦਯੋਗ ਵਿੱਚ ਵਰਤੋਂ ਬਾਰੇ ਵੀ ਜਾਗਰੂਕ ਕੀਤਾ। ਉਨ੍ਹਾਂ ਨੇ ਮਿੱਟੀ ਪਰਖ ਦੀ ਮਹੱਤਤਾ ਤੇ ਮਿੱਟੀ ਪਰਖ ਲਈ ਨਮੂਨੇ ਲੈਣ ਦੀ ਵਿਧੀ ਬਾਰੇ ਦੱਸਿਆ।

ਕਿਸਾਨਾਂ ਨੇ ਝੋਨੇ ਦੀ ਪਰਾਲੀ ਦਾ ਪ੍ਰਬੰਧਨ ਕਰਨ ਉਪਰੰਤ ਕਣਕ ਦੀ ਬਿਜਾਈ ਦੀ ਪ੍ਰਦਰਸ਼ਨੀ ਵਾਲੇ ਖੇਤਾਂ ਦਾ ਦੌਰਾ ਵੀ ਕੀਤਾ ਜਿੱਥੇ ਕੇ.ਵੀ.ਕੇ. ਦੇ ਵਿਗਿਆਨੀਆਂ ਨੇ ਕਿਸਾਨਾਂ ਨਾਲ ਉਨ੍ਹਾਂ ਦੇ ਖਦਸ਼ਿਆਂ ਬਾਰੇ ਵਿਚਾਰ-ਚਰਚਾ ਕੀਤੀ। ਖੇਤ ਦਿਵਸ ਦੌਰਾਨ ਕਿਸਾਨਾਂ ਦੀ ਸਹੂਲਤ ਲਈ ਗਰਮੀ ਦੀਆਂ ਸਬਜੀਆਂ ਦੀਆਂ ਕਿੱਟਾਂ, ਦਾਲਾਂ ਦੀਆਂ ਕਿੱਟਾਂ, ਮਿਲਟ ਕਿੱਟਾਂ ਤੇ ਹਲਦੀ ਦਾ ਬੀਜ ਵੀ ਵਿੱਕਰੀ ਲਈ ਉਪਲਬਧ ਕਰਵਾਇਆ ਗਿਆ ਅਤੇ ਖੇਤੀ ਸਾਹਿਤ ਮੁਹੱਈਆ ਕਰਵਾਇਆ ਗਿਆ।

ਇਸ ਮੌਕੇ ਪਿੰਡ ਰਸੂਲਪੁਰ ਦੇ ਅਗਾਂਹਵਧੂ ਕਿਸਾਨ ਸਾਬਕਾ ਸਰਪੰਚ ਅਮਰਜੀਤ ਸਿੰਘ, ਮਹਿੰਦਰ ਸਿੰਘ ਗਿੱਲ, ਸੋਹਣ ਸਿੰਘ, ਨੰਬਰਦਾਰ ਮਨਜੀਤ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਸੰਤੋਖ ਸਿੰਘ, ਹਰਨੇਕ ਸਿੰਘ, ਕੈਪਟਨ ਅਜੀਤ ਸਿੰਘ ਤੋਂ ਇਲਾਵਾ ਹੋਰ ਕਿਸਾਨ ਵੀ ਮੌਜੂਦ ਸਨ।

## ਪਿੰਡ ਮਹਿਰਾਜ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਖੇਤ ਦਿਵਸ ਮਨਾਇਆ




ਬਠਿੰਡਾ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.) ਬਠਿੰਡਾ ਵੱਲੋਂ ਪਿੰਡ ਮਹਿਰਾਜ ਬਲਾਕ ਰਾਮਪੁਰਾ ਫੂਲ ਵਿਖੇ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਖੇਤ ਦਿਵਸ ਦਾ ਮੁੱਖ ਉਦੇਸ਼ ਪਰਾਲੀ ਪ੍ਰਬੰਧਨ ਦੇ ਵੱਖ-ਵੱਖ ਤਰੀਕਿਆਂ ਨਾਲ ਬੀਜੀ ਗਈ ਕਣਕ ਦੀ ਫਸਲ ਦੀਆਂ ਸਫਲ ਪ੍ਰਦਰਸ਼ਨੀਆਂ ਨੂੰ ਦੇਖਣਾ ਅਤੇ ਹੋਰ ਕਿਸਾਨਾਂ ਨੂੰ ਪਰਾਲੀ ਦਾ ਸੁਚੱਜਾ ਪ੍ਰਬੰਧ ਕਰਨ ਲਈ ਪ੍ਰੇਰਿਤ ਕਰਨਾ ਸੀ।

ਡਾ. ਗੁਰਦੀਪ ਸਿੰਘ ਸਿੱਧੂ, ਡਿਪਟੀ ਡਾਇਰੈਕਟਰ, ਕੇ.ਵੀ.ਕੇ. ਬਠਿੰਡਾ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਨੂੰ ਸਾੜਨ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਵਾਤਾਵਰਣ ਵੀ ਪਲੀਤ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪਰਾਲੀ ਦੇ ਪ੍ਰਬੰਧਨ ਲਈ ਆਧੁਨਿਕ ਮਸ਼ੀਨਰੀ ਅਤੇ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਵੇਂ ਕਿ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਸਰਫੇਸ ਸੀਡਰ ਆਦਿ ਦੀ ਵਰਤੋਂ ਨਾਲ ਕਿਸਾਨ ਵੀਰ ਕਣਕ ਦੀ ਬੀਜਾਈ ਆਸਾਨੀ ਨਾਲ ਕਰ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲਣ ਲਈ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਤਾਂ ਜੋ ਮਿੱਟੀ ਦੀ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਕੀਤੀ ਜਾ ਸਕੇ।

ਇਸ ਕੈਂਪ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਵਿਸ਼ੇਸ਼ ਤੌਰ ‘ਤੇ ਪਹੁੰਚੇ ਡਾ. ਨੀਨਾ ਸਿੰਗਲਾ ਨੇ ਕਿਸਾਨਾਂ ਨੂੰ ਪਰਾਲੀ ਵਾਲੇ ਖੇਤਾਂ ਵਿੱਚ ਚੂਹਿਆਂ ਦੀ ਵੱਧ ਰਹੀ ਸਮੱਸਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਸਿੰਗਲਾ ਨੇ ਕਿਸਾਨਾਂ ਨੂੰ ਸਮਝਾਇਆ ਕਿ ਜੇਕਰ ਪਰਾਲੀ ਪ੍ਰਬੰਧਨ ਵਿਗਿਆਨਕ ਢੰਗ ਨਾਲ ਕੀਤਾ ਜਾਵੇ ਤਾਂ ਨਾ ਸਿਰਫ਼ ਚੂਹਿਆਂ ਦੀ ਗਿਣਤੀ ‘ਤੇ ਕਾਬੂ ਪਾਇਆ ਜਾ ਸਕਦਾ ਹੈ, ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਵੀ ਬਣੀ ਰਹਿੰਦੀ ਹੈ। ਉਨ੍ਹਾਂ ਨੇ ਖੇਤਾਂ ਵਿੱਚ ਚੂਹਿਆਂ ਦੀ ਰੋਕਥਾਮ ਲਈ ਵੱਖ-ਵੱਖ ਤਰੀਕੇ ਵੀ ਦੱਸੇ, ਜਿਵੇਂ ਕਿ ਸਮੇਂ ਸਿਰ ਨਿਗਰਾਨੀ ਕਰਨਾ, ਖੇਤਾਂ ਦੀ ਸਫ਼ਾਈ ਰੱਖਣਾ ਅਤੇ ਸਿਫਾਰਸ਼ੀ ਤਰੀਕਿਆਂ ਨਾਲ ਜ਼ਹਿਰ ਜਾਂ ਫੰਧਿਆਂ ਦੀ ਵਰਤੋਂ ਕਰਨੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬੇਝਿਜਕ ਹੋ ਕੇ ਪਰਾਲੀ ਪ੍ਰਬੰਧਨ ਦੀਆਂ ਤਕਨੀਕਾਂ ਅਪਣਾਉਣ ਅਤੇ ਮਾਹਿਰਾਂ ਦੀ ਸਲਾਹ ਦੇ ਅਨੁਸਾਰ ਕੰਮ ਕਰਨ। ਇਸ ਨਾਲ ਨਾ ਕੇਵਲ ਚੂਹਿਆਂ ਦੀ ਸਮੱਸਿਆ ‘ਤੇ ਸਮੇਂ ਸਿਰ ਕਾਬੂ ਪਾਇਆ ਜਾ ਸਕੇਗਾ, ਸਗੋਂ ਫਸਲਾਂ ਦੀ ਪੈਦਾਵਾਰ ਵਿੱਚ ਵੀ ਵਾਧਾ ਹੋਵੇਗਾ।

ਇਸ ਮੌਕੇ ਡਾ. ਗੁਰਮੀਤ ਸਿੰਘ ਢਿੱਲੋਂ ਪ੍ਰੋਫੈਸਰ (ਪਸਾਰ ਸਿੱਖਿਆ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਕਿਸਾਨਾਂ ਨੂੰ ਫਸਲ ਉਤਪਾਦਨ ਦੇ ਵੱਖ ਵੱਖ ਪਹਿਲੂਆਂ ਬਾਰੇ ਬਰੀਕੀ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਕਿਸਾਨਾਂ ਦੱਸਿਆ ਕਿ ਪਰਾਲੀ ਪ੍ਰਬੰਧਨ ਵਾਲੇ ਖੇਤਾਂ ਵਿੱਚ ਨਦੀਨ ਖਾਸ਼ਕਰ ਗੁੱਲੀ ਡੰਡੇ ਦੀ ਘੱਟ ਸਮੱਸਿਆਂ ਆਉਂਦੀ ਹੈ ਅਤੇ ਕਿਸਾਨਾਂ ਦਾ ਆਰਥਿਕ ਫਾਇਦਾ ਹੁੰਦਾ ਹੈ। ਉਹਨਾਂ ਨੇ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਨਵੇਂ ਵਿਕਸਿਤ ਬੀਜਾਂ ਖਾਸ ਕਰਕੇ ਘੱਟ ਸਮੇਂ ਲੈਣ ਵਾਲੀਆਂ ਅਤੇ ਘੱਟ ਪਰਾਲ ਵਾਲੀਆਂ ਸਿਫਾਰਸ਼ ਕਿਸਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਤੋਂ ਇਲਾਵਾ ਡਾ. ਤੇਜਬੀਰ ਸਿੰਘ ਬੁੱਟਰ, ਸਹਾਇਕ ਪ੍ਰੋਫੈਸਰ (ਭੂਮੀ ਵਿਗਿਆਨ) ਨੇ ਪਰਾਲੀ ਸਾੜਨ ਨਾਲ ਮਿੱਟੀ ਦੀ ਬਣਤਰ, ਸੂਖਮ ਜੀਵਾਂ ਅਤੇ ਪੌਦਿਆਂ ਲਈ ਲਾਭਕਾਰੀ ਤੱਤਾਂ ‘ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਨਾਲ ਮਿੱਟੀ ਵਿੱਚ ਮੌਜੂਦ ਲਾਭਕਾਰੀ ਜੀਵ ਨਸ਼ਟ ਹੋ ਜਾਂਦੇ ਹਨ ਅਤੇ ਨਾਈਟਰੋਜਨ, ਫਾਸਫੋਰਸ, ਪੋਟਾਸ਼ ਵਰਗੇ ਅਹਿਮ ਪੋਸ਼ਕ ਤੱਤਾਂ ਦੀ ਘਾਟ ਪੈਦਾ ਹੋ ਜਾਂਦੀ ਹੈ, ਜਿਸ ਨਾਲ ਲੰਬੇ ਸਮੇਂ ਵਿੱਚ ਫਸਲ ਦੀ ਪੈਦਾਵਾਰ ‘ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਪਰਾਲੀ ਦਾ ਸਹੀ ਢੰਗ ਨਾਲ ਪ੍ਰਬੰਧ ਕੀਤਾ ਜਾਵੇ ਤਾਂ ਇਹ ਮਿੱਟੀ ਵਿੱਚ ਜੈਵਿਕ ਪਦਾਰਥ ਵਧਾਉਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਫਸਲ ਦੀ ਪੈਦਾਵਾਰ ਵਿੱਚ ਵਾਧਾ ਹੁੰਦਾ ਹੈ।

ਇਸ ਮੌਕੇ ਖੇਤੀਬਾੜੀ ਵਿਭਾਗ ਤੋਂ ਖੇਤੀਬਾੜੀ ਵਿਕਾਸ ਅਫਸਰ ਬਲਜੀਤ ਕੌਰ ਨੇ ਕਿਸਾਨਾਂ ਨੂੰ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਕਿਸਾਨ ਭਲਾਈ ਸਕੀਮਾਂ ਅਤੇ ਪਰਾਲੀ ਪ੍ਰਬੰਧਨ ਲਈ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਅਤੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਦਾ ਲਾਭ ਲੈ ਕੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਵੱਲ ਕਦਮ ਵਧਾਉਣ।

ਖੇਤ ਦਿਵਸ ਦੌਰਾਨ ਕਿਸਾਨਾਂ ਨੂੰ ਖੇਤ ਵਿੱਚ ਲਗਾਈ ਗਈ ਕਣਕ ਦੀ ਫਸਲ ਵੀ ਵਿਖਾਈ ਗਈ ਜੋ ਪਰਾਲੀ ਪ੍ਰਬੰਧਨ ਦੇ ਵੱਖ-ਵੱਖ ਤਰੀਕਿਆਂ ਨਾਲ ਬੀਜੀ ਗਈ ਸੀ। ਕਿਸਾਨਾਂ ਨੇ ਇਸ ਦੌਰਾਨ ਵਿਗਿਆਨੀਆਂ ਨਾਲ ਗੱਲਬਾਤ ਕਰਕੇ ਆਪਣੇ ਸਵਾਲਾਂ ਦੇ ਜਵਾਬ ਵੀ ਪ੍ਰਾਪਤ ਕੀਤੇ ਅਤੇ ਹਾਜ਼ਰੀਨ ਖੇਤੀ ਮਾਹਿਰਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਆਉਣ ਵਾਲੇ ਸੀਜਨ ਵਿੱਚ ਵੱਧ ਤੋਂ ਵੱਧ ਪਰਾਲੀ ਪ੍ਰਬੰਧ ਕਰਨਗੇ ਅਤੇ ਅਜਿਹਾ ਕਰਨ ਲਈ ਹੋਰਨਾਂ ਕਿਸਾਨਾਂ ਨੂੰ ਵੀ ਪ੍ਰੇਰਿਤ ਕਰਨਗੇ। ਇਸ ਪ੍ਰੋਗਰਾਮ ਵਿੱਚ 100 ਤੋਂ ਜਿਆਦਾ ਕਿਸਾਨਾਂ ਨੇ ਭਾਗ ਲਿਆ ਅਤੇ ਪਰਾਲੀ ਪ੍ਰਬੰਧਨ ਨਾਲ ਸੰਬੰਧਿਤ ਨਵੀਂ ਤਕਨੀਕਾਂ ਬਾਰੇ ਜਾਣਕਾਰੀ ਹਾਸਲ ਕੀਤੀ। ਅੰਤ ਵਿੱਚ ਕਿਸਾਨਾਂ ਨੂੰ ਸਬਜੀਆਂ ਦੇ ਬੀਜਾਂ ਦੀਆਂ ਕਿੱਟਾਂ ਅਤੇ ਪਨੀਰੀ ਵੀ ਮੁਹੱਈਆ ਕਰਵਾਈ ਗਈ।

## ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਮੀਟਿੰਗ ’ਚ ਬੈਂਕਾਂ ਲਈ ਮਿੱਥੇ ਗਏ ਟੀਚਿਆਂ ਤੇ ਨਤੀਜਿਆਂ ਦੀ ਸਮੀਖਿਆ

ਜਲੰਧਰ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਜ਼ਿਲ੍ਹਾ ਸਲਾਹਕਾਰ ਕਮੇਟੀ/ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ ਦੀ ਵਿਸ਼ੇਸ਼ ਤਿਮਾਹੀ ਸਮੀਖਿਆ ਮੀਟਿੰਗ ਦੌਰਾਨ ਵਿੱਤੀ ਸਾਲ 2025-26 ਦੀ ਸਾਲਾਨਾ ਕਰਜ਼ਾ ਯੋਜਨਾ ਦੀ 31 ਦਸੰਬਰ, 2025 ਨੂੰ ਖ਼ਤਮ ਹੋਈ ਤਿਮਾਹੀ ਲਈ ਮਿੱਥੇ ਗਏ ਟੀਚਿਆਂ ਅਤੇ ਨਤੀਜਿਆਂ ਦੀ ਸਮੀਖਿਆ ਕੀਤੀ ਗਈਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਕੰਮ ਕਰਦੇ ਸਾਰੇ ਸਰਕਾਰੀ, ਸਹਿਕਾਰੀ ਅਤੇ ਗੈਰ ਸਰਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਬੈਂਕਾਂ ਦੀ ਕਾਰਗੁਜ਼ਾਰੀ ’ਤੇ ਤਸੱਲੀ ਪ੍ਰਗਟ ਕੀਤੀ ਅਤੇ ਕਰਜ਼ੇ ਤੇ ਸੀ.ਡੀ. ਰੇਸ਼ੋ ਦੇ ਨਿਰਧਾਰਤ ਟੀਚਿਆਂ ਦੀ ਪ੍ਰਾਪਤੀ ਲਈ ਬੈਂਕਾਂ ਨੂੰ ਹੋਰ ਕੰਮ ਕਰਨ ਦੀ ਹਦਾਇਤ ਕੀਤੀਮੀਟਿੰਗ ਦੇ ਕਨਵੀਨਰ ਐੱਮ.ਐੱਸ.ਮੋਤੀ ਪ੍ਰਮੁੱਖ ਜ਼ਿਲ੍ਹਾ ਪ੍ਰਬੰਧਕ ਨੇ ਦੱਸਿਆ ਕਿ ਬੈਂਕਾਂ ਵੱਲੋਂ 31 ਦਸੰਬਰ, 2025 ਨੂੰ ਖ਼ਤਮ ਹੋਈ ਤਿਮਾਹੀ ਲਈ ਮਿੱਥੇ ਗਏ ਤਰਜੀਹੀ ਖੇਤਰ ਟੀਚੇ 8433 ਕਰੋੜ ਰੁਪਏ ਦੇ ਸਾਹਮਣੇ 15797 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਅਤੇ ਤਿਮਾਹੀ ਦੇ ਸਾਰੇ ਕਰਜ਼ ਟੀਚੇ ਪੂਰੇ ਕਰ ਲਏ ਗਏ ਹਨ। ਖੇਤੀਬਾੜੀ ਕਰਜ਼ੇ ਦੇ 2296 ਕਰੋੜ ਰੁਪਏ ਦੇ ਟੀਚੇ ਸਾਹਮਣੇ 3635 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ, ਜੋ ਕਿ ਟੀਚੇ ਦਾ 158.31% ਬਣਦਾ ਹੈ। ਦਸੰਬਰ ਤਿਮਾਹੀ ਦੇ ਅਖੀਰ ਤੱਕ 24343 ਕਰੋੜ ਰੁਪਏ ਦੇ ਕੁੱਲ ਕਰਜ਼ੇ ਵੰਡੇ ਜਾ ਚੁੱਕੇ ਹਨ।

ਵਧੀਕ ਡਿਪਟੀ ਕਮਿਸ਼ਨਰ ਨੇ ਸੀ.ਡੀ. ਰੇਸ਼ੋ ਵਿੱਚ ਹੋਰ ਸੁਧਾਰ ਲਿਆਉਣ ਲਈ ਯੋਗ ਲਾਭਪਾਤਰੀਆਂ ਨੂੰ ਖੁੱਲ੍ਹਦਿਲੀ ਨਾਲ ਕਰਜ਼ੇ ਦੀ ਸਹੂਲਤ ਪ੍ਰਦਾਨ ਕਰਨ ਦੀ ਹਦਾਇਤ ਕੀਤੀ, ਖਾਸ ਕਰਕੇ ਸਵੈ ਸਹਾਇਤਾ ਸਮੂਹ ਦੀਆਂ ਬਕਾਇਆ ਪਈਆਂ ਅਰਜ਼ੀਆਂ ਦਾ ਜਲਦ ਨਿਪਟਾਰਾ ਕਰਨ ਦੀਆਂ ਹਿਦਾਇਤਾਂ ਕੀਤੀਆਂ। ਉਨ੍ਹਾਂ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਲਈ ਵੀ ਵੱਧ ਤੋਂ ਵੱਧ ਕਰਜ਼ਾ ਦੇਣ ਦੇ ਸਾਰੇ ਬੈਂਕਾਂ ਨੂੰ ਨਿਰਦੇਸ਼ ਦਿੱਤੇ।ਮੀਟਿੰਗ ਵਿੱਚ ਜ਼ਿਲ੍ਹਾ ਉਦਯੋਗ ਕੇਂਦਰ, ਖੇਤੀਬਾੜੀ, ਬਾਗਬਾਨੀ, ਮੱਛੀਪਾਲਣ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ, ਰਿਜ਼ਰਵ ਬੈਂਕ ਆਫ਼ ਇੰਡੀਆ, ਚੰਡੀਗੜ੍ਹ ਤੋਂ ਅਲੋਕ ਰੰਜਨ ਐਲ.ਡੀ.ਓ., ਬੈਂਕਾਂ ਦੇ ਜ਼ਿਲ੍ਹਾ ਨੁਮਾਇੰਦੇ, ਯੂਕੋ ਬੈਂਕ ਜ਼ੋਨਲ ਆਫਿਸ ਤੋਂ ਸ਼੍ਰੇਆ, ਰੂਡਸੈੱਡ ਇੰਸਟੀਚਿਊਟ ਜਲੰਧਰ ਤੋਂ ਪਰਗਟ ਸਿੰਘ ਤੇ ਹੋਰ ਵੀ ਮੌਜੂਦ ਸਨ।

## 13 ਸਾਲਾ ਕਿਰਨਪਾਲ ਕੌਰ ਨੂੰ ਪੰਜਾਬ ਦੀ ਰਾਸ਼ਟਰੀ ਖੋ-ਖੋ ਖੇਡ ਦੀ ਚੈਂਪੀਅਨ ਬਣਾਇਆ

ਬਠਿੰਡਾ,30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਪੱਧਰ ’ਤੇ 9ਵੀਂ ਸਭ ਤੋਂ ਵੱਡੀ ਬਿਲਡਿੰਗ ਮਟੀਰੀਅਲ ਸਮਾਧਾਨ ਪ੍ਰਦਾਤਾ ਅਤੇ ਵਿਭਿੰਨ ਅਡਾਨੀ ਪੋਰਟਫੋਲੀਓ ਦਾ ਹਿੱਸਾ, ਅੰਬੂਜਾ ਸੀਮੈਂਟਸ ਆਪਣੀਆਂ ਸੀਐਸਆਰ ਯੋਜਨਾਵਾਂ ਰਾਹੀਂ ਦੇਸ਼ ਭਰ ਦੇ ਪਿੰਡਾਂ ਵਿਚ ਸਕਾਰਾਤਮਕ ਤਬਦੀਲੀ ਲਿਆ ਰਹੀ ਹੈ। ਕੰਪਨੀ ਦਾ ਫਿਜ਼ਿਕਲ ਲਿਟਰੇਸੀ ਅਤੇ ਸਪੋਰਟਸ ਪ੍ਰਮੋਸ਼ਨ ਪ੍ਰੋਗਰਾਮ ਨੌਜਵਾਨਾਂ ਵਿਚ ਪ੍ਰਤਿਭਾ ਨੂੰ ਨਿਖਾਰਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਕਿਰਨਪਾਲ ਕੌਰ, ਜੋ ਕਿ ਬਠਿੰਡਾ ਦੇ ਬੁਲਾਡੇਵਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਹੈ, ਇੱਕ ਅਜਿਹੇ ਪਰਿਵਾਰ ਤੋਂ ਆਉਂਦੀ ਹੈ ਜਿੱਥੇ ਦੋਵੇਂ ਮਾਪੇ ਸਖ਼ਤ ਮਿਹਨਤ ਕਰਕੇ ਆਪਣਾ ਗੁਜ਼ਾਰਾ ਚਲਾਉਂਦੇ ਹਨ, ਉਸਦੇ ਪਿਤਾ ਇੱਕ ਦਿਹਾੜੀਦਾਰ ਮਜ਼ਦੂਰ ਹਨ ਅਤੇ ਉਸਦੀ ਮਾਂ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਕਿਰਨਪਾਲ ਨੂੰ ਇਸਤੋਂ ਪਹਿਲਾਂ ਖੇਡਣ ਦਾ ਕੋਈ ਤਜ਼ੁਰਬਾ ਨਹੀਂ ਸੀ , ਅੰਬੂਜਾ ਸੀਮੈਂਟਸ ਦੇ ਸੀਐਸਆਰ ਪ੍ਰੋਗਰਾਮ ਨੇ ਉਸਦੀ ਪ੍ਰਤਿਭਾ ਨੂੰ ਨਿਖਾਰਿਆ ।

ਅਪ੍ਰੈਲ 2025 ਵਿੱਚ, ਕਿਰਨਪਾਲ ਨੇ ਐਜੁਕੇਸ਼ਨ ਸਪੋਰਟ ਪਹਿਲ ਦੇ ਤਹਿਤ ਅੰਬੂਜਾ ਸੀਮੈਂਟਸ ਦੇ ਆਫਟਰ ਸਕੂਲ ਪ੍ਰੋਗਰਾਮ ਵਿੱਚ ਦਾਖਲਾ ਲਿਆ। ਇਥੇ ਪਹਿਲੀ ਬਾਰ ਉਸਨੂੰ ਖੋ-ਖੋ ਖੇਡ ਬਾਰੇ ਪਤਾ ਲਗਿਆ, ਉਸਨੇ ਸਮਰਪਿਤ ਕੋਚਾਂ ਨਾਲ ਸ਼ਾਮ ਨੂੰ ਸਿਖਲਾਈ ਸ਼ੁਰੂ ਕੀਤੀ, ਅਤੇ ਉਸਨੂੰ ਜਲਦੀ ਹੀ ਇੱਕ ਅਜਿਹਾ ਜਨੂੰਨ ਮਿਲਿਆ ਜਿਸਦਾ ਉਸਨੇ ਪਹਿਲਾਂ ਕਦੇ ਅਨੁਭਵ ਨਹੀਂ ਕੀਤਾ ਸੀ। ਸ਼ੁਰੂਆਤ ਵਿਚ ਹੋਈ ਉਤਸੁਕਤਾ ਹੌਲੀ -ਹੌਲੀ ਵਚਨਬੱਧਤਾ ਵਿਚ ਬਦਲ ਗਈ ।

ਕਿਰਨਪਾਲ ਬੜੀ ਤੇਜੀ ਨਾਲ ਖੇਡ ਵਿਚ ਮਾਹਰ ਹੋ ਗਈ । 2025 ਦੇ ਅੰਤ ਤੱਕ, ਉਸਨੇ ਆਪਣੇ ਸਕੂਲ ਦੀ ਕੁੜੀਆਂ ਦੀ ਖੋ-ਖੋ ਟੀਮ ਵਿੱਚ ਜਗ੍ਹਾ ਬਣਾਈ ਅਤੇ ਜ਼ਿਲ੍ਹਾ ਪੱਧਰ ’ਤੇ ਪ੍ਰਤੀਯੋਗੀ ਮੈਚ ਦਾ ਤਜਰਬਾ ਹਾਸਲ ਕੀਤਾ। ਦਸੰਬਰ 2025 ਵਿੱਚ, ਉਸਨੇ ਇੱਕ ਅੰਤਰਰਾਜੀ ਮੁਕਾਬਲੇ ਵਿੱਚ ਆਪਣੀ ਟੀਮ ਦੀ ਨੁਮਾਇੰਦਗੀ ਕੀਤੀ, ਇਹ ਉਹ ਪਲ ਸੀ ਜਿਸਨੇ ਉਸਦੇ ਹੁਨਰ ਅਤੇ ਆਤਮਵਿਸ਼ਵਾਸ ਨੂੰ ਹੋਰ ਮਜਬੂਤ ਕੀਤਾ।ਜਨਵਰੀ 2026 ਵਿੱਚ, ਕਿਰਨਪਾਲ ਨੇ ਪਟਿਆਲਾ ਵਿੱਚ ਰਾਸ਼ਟਰੀ ਸਬ-ਜੂਨੀਅਰ ਖੋ-ਖੋ ਟੀਮ ਲਈ ਪੰਜਾਬ ਦੇ ਟਰਾਇਲਾਂ ਵਿੱਚ ਭਾਗ ਲਿਆ। ਪ੍ਰੋਗਰਾਮ ਦੀ ਸਿਖਲਾਈ ਦੁਆਰਾ ਸੇਧਿਤ ਉਸਦੀ ਲਗਾਤਰ ਸਖ਼ਤ ਮਿਹਨਤ ਸਦਕਾ ਉਸਨੂੰ ਟੀਮ ਪੰਜਾਬ ਵਿੱਚ ਥਾਂ ਮਿਲੀ ।

## ਸਰਕਾਰ ਦੇ ਸ਼ਾਨਦਾਰ 4 ਸਾਲ : ਭਗਵੰਤ ਸਿੰਘ ਮਾਨ ਦੇ ਨਾਲ : ਪ੍ਰੋਗਰਾਮ ਸੰਵਾਦ ਆਯੋਜਿਤ

ਅਬੋਹਰ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਦੇ ਲੋਕ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਤੋਂ ਬਹੁਤ ਹੀ ਖੁਸ਼ ਹਨ , ਕਿਉਂਕਿ ਜਿਸ ਉਤਸ਼ਾਹ ਅਤੇ ਉਮੀਦਾਂ ਦੇ ਨਾਲ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਜਿਤਾ ਕੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ, ਸਰਕਾਰ ਲੋਕਾਂ ਦੀਆਂ ਉਮੀਦਾਂ ਤੇ ਪੂਰੀ ਤਰ੍ਹਾਂ ਖਰੀ ਉੱਤਰੀ ਹੈ! ਇਹ ਪ੍ਰਗਟਾਵਾ ਹਲਕਾ ਇੰਚਾਰਜ ਅਬੋਹਰ ਸ੍ਰੀ ਅਰੁਣ ਨਾਰੰਗ ਨੇ ਸਰਕਾਰ ਦੇ ਸ਼ਾਨਦਾਰ 4 ਸਾਲ ਭਗਵੰਤ ਸਿੰਘ ਮਾਨ ਦੇ ਨਾਲ ਤੇ ਪਿੰਡ ਗੁਮਜਾਲ ਵਿਖੇ ਆਯੋਜਿਤ ਪ੍ਰੋਗਰਾਮ ਸੰਵਾਦ ਦੌਰਾਨ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ!

ਉਨ੍ਹਾਂ ਕਿਹਾ ਕਿ ਜੋ ਵਾਅਦੇ ਅਤੇ ਜੋ ਗਰੰਟੀਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਹੋਰਾਂ ਵੱਲੋਂ ਸੂਬੇ ਦੇ ਲੋਕਾਂ ਨਾਲ ਨੂੰ ਦਿੱਤੀਆਂ ਗਈਆਂ ਸਨ, ਉਹਨਾਂ ਨੂੰ ਇੱਕ- ਇੱਕ ਕਰਕੇ ਪੂਰਾ ਕਰ ਲਿਆ ਗਿਆ ਹੈ। ਉਹਨਾਂ ਕਿਹਾ ਕਿ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਸਹੂਲਤ ਲੋਕਾਂ ਨੂੰ ਦਿੱਤੀ ਗਈ, ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਜਾਬ ਦੇ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਦਿੱਤਾ ਗਿਆ ਅਤੇ ਕੱਚੇ ਮੁਲਾਜ਼ਮਾਂ ਨੂੰ ਵੱਡੇ ਪੱਧਰ ਤੇ ਪੱਕੇ ਕੀਤਾ ਗਿਆ!

ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਵਿੱਚ ਸਰਕਾਰ ਹੋਂਦ ਵਿੱਚ ਆਉਂਦੇ ਸਾਰ ਕੁਝ ਦਿਨਾਂ ਵਿੱਚ ਪੰਜਾਬ ਦੇ ਲੋਕਾਂ ਲਈ ਬਿਜਲੀ ਤੇ 600 ਯੂਨਿਟ ਪ੍ਰਤੀ ਬਿੱਲ ਮੁਆਫ ਕੀਤੀ ਗਈ, ਜਿਸ ਦੇ ਚਲਦਿਆਂ ਅੱਜ ਲੋਕਾਂ ਨੂੰ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ, ਇਸ ਦੇ ਨਾਲ ਹੀ ਪੰਜਾਬ ਵਿੱਚ ਥਾਂ-ਥਾਂ ਖੋਲੇ ਗਏ ਮੁਹੱਲਾ ਕਲੀਨਿਕਾਂ ਦੇ ਵਿੱਚ ਵਧੀਆ ਮਾਹਿਰ ਡਾਕਟਰਾਂ ਦੀ ਟੀਮ ਕੰਮ ਕਰ ਰਹੀ ਹੈ, ਜਿੱਥੇ ਰੋਜ਼ਾਨਾ ਲੱਖਾਂ ਦੀ ਗਿਣਤੀ ਦੇ ਵਿੱਚ ਮਰੀਜ਼ ਪਹੁੰਚ ਕੇ ਆਪਣੀ ਸਿਹਤ ਨਾਲ ਸੰਬੰਧਿਤ ਮਾਹਰ ਡਾਕਟਰਾਂ ਦੀ ਟੀਮ ਤੋਂ ਜਾਂਚ ਕਰਵਾਉਂਦੇ ਹਨ ਤੇ ਦਵਾਈਆਂ ਤੇ ਸਿਹਤ ਸੁਵਿਧਾਵਾਂ ਮੁਫਤ ਦਿੱਤੀਆਂ ਜਾਂਦੀਆਂ ਹਨ । ਸਰਕਾਰੀ ਸਕੂਲਾਂ ਦੀਆਂ ਬਿਲਡਿੰਗਾਂ ਸਮੇਤ ਸਿੱਖਿਆ ਵਿਵਸਥਾ ਵਿੱਚ ਵੀ ਆਧੁਨਿਕ ਸੁਧਾਰ ਕੀਤਾ ਗਿਆ।

ਇਸ ਤੋਂ ਇਲਾਵਾ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣ ਦੇ ਲਈ ਪੰਜਾਬ ਦੇ ਯੂਥ ਨੂੰ ਖੇਡਾਂ ਵੱਲ ਪਾਉਣ ਦੇ ਲਈ ਵੱਡੇ ਪੱਧਰ ਤੇ ਸਟੇਡੀਅਮ ਦੀ ਉਸਾਰੀ ਕੀਤੀ ਜਾ ਰਹੀ ਹੈ, ਤਾਂ ਕਿ ਇੱਕ ਤੰਦਰੁਸਤ ਪੰਜਾਬ ਬਣਾਉਣ ਦੀ ਮੁਹਿੰਮ ਦੇ ਤਹਿਤ ਸੂਬੇ ਦੇ ਸੂਬੇ ਦਾ ਯੂਥ ਵਿੰਗ ਖੇਡ ਮੈਦਾਨ ਵੱਲ ਨੂੰ ਚੱਲ ਪਵੇ, ਉਹਨਾਂ ਕਿਹਾ ਕਿ ਪੰਜਾਬ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਵੀ ਵੱਡੇ ਪੱਧਰ ਤੇ ਚੱਲ ਰਿਹਾ ਹੈ! ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਵੱਡੀ ਰਾਹਤ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ ਤੇ ਨਿਰਵਿਘਨ ਖੇਤਾਂ ਵਿੱਚ ਲੋੜ ਅਨੁਸਾਰ ਬਿਜਲੀ ਸਪਲਾਈ ਮੁਹੱਈਆ ਕਰਵਾਈ ਗਈ ਹੈ। ਉਹਨਾਂ ਕਿਹਾ ਕਿ ਸਰਕਾਰ ਨਸ਼ਾ ਤਸਕਰਾਂ ਦੇ ਖਿਲਾਫ ਪੂਰੀ ਸਖਤ ਹੈ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ।

ਉਹਨਾਂ ਕਿਹਾ ਕਿ ਮਹਿਲਾਵਾਂ ਲਈ ਪੰਜਾਬ ਸਰਕਾਰ ਵੱਲੋਂ 1000 ਹਜ਼ਾਰ ਰੁਪਇਆ ਤੇ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਲਈ 1500 ਪ੍ਰਤੀ ਮਹੀਨਾ ਦੀ ਰਾਸ਼ੀ ਦੇਣ ਦਾ ਵਾਅਦਾ ਵੀ ਪੰਜਾਬ ਸਰਕਾਰ ਵੱਲੋਂ ਪੂਰਾ ਕਰ ਦਿੱਤਾ ਗਿਆ ਹੈ ਤੇ ਵਿਸਾਖੀ ਤੋਂ ਇਹ ਸਹੂਲਤ ਮਹਿਲਾਵਾਂ ਨੂੰ ਮਿਲਣੀ ਸ਼ੁਰੂ ਹੋ ਜਾਵੇਗੀ !ਇਸ ਉਪਰੰਤ ਸਮਾਗਮ ਵਿੱਚ ਇਲਾਕਾ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਹਨਾਂ ਦਾ ਧੰਨਵਾਦ ਕੀਤਾ! ਇਸ ਮੌਕੇ ਪਿੰਡ ਦੇ ਸਰਪੰਚ ਵੇਦ ਪ੍ਰਕਾਸ਼, ਮਨੀਰਾਮ, ਸੰਦੀਪ, ਹੰਸਰਾਜ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਗੈਲਰੀ ’ਚ ਆਜ਼ਾਦੀ ਘੁਲਾਟੀਆਂ ਦੀਆਂ ਤਸਵੀਰਾਂ ਲਾਈਆਂ



ਪਟਿਆਲਾ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਇੱਥੇ ਮਿਨੀ ਸਕੱਤਰੇਤ ਵਿੱਚ ਸਥਾਪਤ ਕੀਤੀ ਗਈ ‘ਸੁਤੰਤਰਤਾ ਸੰਗਰਾਮੀ ਗੈਲਰੀ’ ਵਿੱਚ ਅੱਜ ਦੋ ਹੋਰ ਸੁਤੰਤਰਤਾ ਸੰਗਰਾਮੀਆਂ ਨਿਰਮਲ ਸਿੰਘ ਮੁਲਤਾਨੀ ਅਤੇ ਵਿਰਸਾ ਸਿੰਘ ਬਾਜਵਾ ਦੀਆਂ ਤਸਵੀਰਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ। ਗੈਲਰੀ ਵਿੱਚ ਤਸਵੀਰਾਂ ਸ਼ਾਮਲ ਕਰਨ ਦੀ ਕਾਰਵਾਈ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਅਹੁਦੇਦਾਰਾਂ ਇੰਦਰਪਾਲ ਧਾਲੀਵਾਲ, ਕਮਲਦੀਪ ਗਿੱਲ ਤੇ ਅਮਰਪ੍ਰੀਤ ਬੌਬੀ ਆਦਿ ਵੱਲੋਂ ਕੁਝ ਸਮਾਂ ਪਹਿਲਾ ਦਿੱਤੇ ਗਏ ਮੰਗ ਪੱਤਰ ਦੇ ਆਧਾਰ ’ਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੇ ਹੁਕਮਾਂ ’ਤੇ ਅਮਲ ’ਚ ਲਿਆਂਦੀ ਗਈ ਹੈ। ਇਸ ਦੌਰਾਨ ਫੋਟੋ ਗੈਲਰੀ ਦਾ ਨਿਰੀਖਣ ਕਰਦਿਆਂ ਜਥੇਬੰਦੀ ਦੇ ਅਹੁਦੇਦਾਰਾਂ ਨੇ ਮਰਹੂਮ ਆਜ਼ਾਦੀ ਘੁਲਾਟੀਆਂ ਨੂੰ ਸਿਜਦਾ ਵੀ ਕੀਤਾ।

ਇਸ ਤੋਂ ਪਹਿਲਾਂ ਇੱਥੇ ਹੀ ਕੀਤੀ ਗਈ ਮੀਟਿੰਗ ’ਚ ਜਥੇਬੰਦੀ ਨੇ ਆਜ਼ਾਦੀ ਘੁਲਾਟੀਆਂ ਦੀ ਚੌਥੀ ਪੀੜ੍ਹੀ ਦੇ ਮੈਂਬਰਾਂ ਨੂੰ ਵੀ ਕਾਨੂੰਨੀ ਵਾਰਿਸਾਂ ਵਿੱਚ ਸ਼ਾਮਲ ਕਰਨ, ਪ੍ਰਮੋਸ਼ਨ ਚੈਨਲ, ਨੌਕਰੀਆਂ ਤੇ ਉਚੇਰੀ ਸਿੱਖਿਆ ਦੌਰਾਨ ਦਾਖ਼ਲਿਆਂ ਵਿੱਚ ਰਾਖਵਾਂਕਰਨ, ਪੈਨਸ਼ਨ ਸਕੀਮ ਸਮੇਤ ਹੋਰ ਮੰਗਾਂ ਮੰਨਣ ’ਤੇ ਵੀ ਜ਼ੋਰ ਦਿੱਤਾ। ਇਸੇ ਦੌਰਾਨ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦਾ ਕਹਿਣਾ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਬਣਦਾ ਮਾਣ ਸਨਮਾਨ ਅਤੇ ਲੋੜੀਂਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਏ ਗਏ ਫੈਸਲੇ ਤਹਿਤ ਸਰਕਾਰੀ ਸਕੂਲਾਂ ਅਤੇ ਵੱਖ ਵੱਖ ਸੜਕਾਂ ਦੇ ਨਾਮ ਵੀ ਆਜ਼ਾਦੀ ਘੁਲਾਟੀਆਂ ਦੇ ਨਾਮ ’ਤੇ ਰੱਖੇ ਜਾ ਰਹੇ ਹਨ। ਦੂਜੇ ਪਾਸੇ ਜਥੇਬੰਦੀ ਦੇ ਜਨਰਲ ਸਕੱਤਰ ਇੰਦਰਪਾਲ ਧਾਲੀਵਾਲ ਨੇ ਇਹ ਤਸਵੀਰਾਂ ਗੈਲਰੀ ’ਚ ਸ਼ਾਮਲ ਕਰਨ ਲਈ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ। ਇਸ ਦੌਰਾਨ ਉਨ੍ਹਾਂ ?ਸਰਕਾਰੇ ਦਰਬਾਰੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਬਣਦਾ ਮਾਣ ਸਨਮਾਨ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ।

ਇਸ ਮੌਕੇ ਰਾਜ ਕੁਮਾਰ ਡਕਾਲਾ, ਗੁਰਇਕਬਾਲ ਸੰਧੂ, ਕਮਲਦੀਪ ਗਿੱਲ, ਅਮਰਪ੍ਰੀਤ ਬੌਬੀ, ਇੰਦਰਪਾਲ ਧਾਲੀਵਾਲ ਆਦਿ ਮੌਜੂਦ ਸਨ।

## ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਸਮਾਪਤ



ਪਟਿਆਲਾ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਵੱਲੋਂ ਉਪ ਕੁਲਪਤੀ ਡਾ. ਜਗਦੀਪ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ 12ਵਾਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਅੱਜ ਸਮਾਪਤ ਹੋ ਗਿਆ ਹੈ। ਇਹ ਸਮਾਗਮ ਯੂਨੀਵਰਸਿਟੀ ਦੇ ਸੰਗੀਤ ਵਿਭਾਗ, ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਸੰਮੇਲਨ ਦਾ ਅੰਤਿਮ ਦਿਨ ਪਟਿਆਲਾ ਦੇ ਉੱਘੇ ਸੰਗੀਤਕਾਰ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਨੂੰ ਸਮਰਪਿਤ ਰਿਹਾ। ਫ਼ਰੀਦਕੋਟ ਤੋਂ ਆਏ ਮਾਧਵ ਅਰੋੜਾ ਵੱਲੋਂ ਰਾਗ ਜੋਗ ਵਿੱਚ ਕੀਤੇ ਸ਼ਾਸਤਰੀ ਗਾਇਨ ਉਪਰੰਤ ਜਲੰਧਰ ਤੋਂ ਆਲ ਇੰਡੀਆ ਰੇਡੀਓ ਦੇ ਟੌਪ ਗਰੇਡ ਕਲਾਕਾਰ ਉਸਤਾਦ ਸ਼ਮਿੰਦਰਪਾਲ ਸਿੰਘ ਅਤੇ ਉਨ੍ਹਾਂ ਦੀ ਸਪੁੱਤਰੀ ਪਰਮਿੰਦਰ ਕੌਰ ਨੇ ਸਾਰੰਗੀ ’ਤੇ ਰਾਗ ‘ਮੀਆਂ ਕੀ ਤੋੜੀ’ ਜੁਗਲਬੰਦੀ ਰਾਹੀਂ ਪੇਸ਼ ਕੀਤਾ। ਪੰਜਾਬ ਪਬਲਿਕ ਸਕੂਲ ਨਾਭਾ ਦੇ ਸੰਗੀਤ ਅਧਿਆਪਕ ਗੁਰਸ਼ਰਨ ਸਿੰਘ ਨੇ ਪ੍ਰਿੰਸੀਪਲ ਕਰੀਰ ਦੀਆਂ ਸਿਮ੍ਰਤੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਮੁੱਖ ਮਹਿਮਾਨ ਵਜੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਸ਼ਿਰਕਤ ਕੀਤੀ। ਉੱਘੇ ਰੰਗਕਰਮੀ ਤੇ ਪਦਮਸ੍ਰੀ ਪ੍ਰਾਣ ਸਭਰਵਾਲ ਨੇ ਗੁਰਮਤਿ ਸੰਗੀਤ ਚੇਅਰ ਵਲੋਂ ਕਰਵਾਏ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਵੱਖ-ਵੱਖ ਪੇਸ਼ਕਾਰੀਆਂ ਦੌਰਾਨ ਤਬਲੇ ’ਤੇ ਜੈਦੇਵ, ਨਰਿੰਦਰ ਪਾਲ ਸਿੰਘ ਅਤੇ ਹਾਰਮੋਨੀਅਮ ’ਤੇ ਜਨਾਬ ਅਲੀ ਅਕਬਰ ਨੇ ਪੇਸ਼ਕਾਰੀ ਦਿੱਤੀ। ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਸਵਾਗਤ ਤੇ ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਧੰਨਵਾਦ ਕੀਤਾ। ਕੋਆਰਡੀਨੇਟਰ ਜਸਬੀਰ ਸਿੰਘ ਵੱਲੋਂ ਕਲਾਕਾਰਾਂ ਅਤੇ ਮਹਿਮਾਨਾਂ ਦਾ ਮਾਣ-ਸਨਮਾਨ ਕਰਵਾਇਆ ਗਿਆ ਅਤੇ ਉਸਤਾਦ ਸ਼ਮਿੰਦਰਪਾਲ ਸਿੰਘ ਨੂੰ ‘ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਸਿਮ੍ਰਤੀ ਪੁਰਸਕਾਰ’ ਦਿੱਤਾ ਗਿਆ।

## ਕਣਕ ਦੇ ਨਾੜ ਨੂੰ ਅੱਗ ਨਾ ਲਗਾਓ,ਵਾਤਾਵਰਣ ਬਚਾਓ, ਭਵਿੱਖ ਸੰਵਾਰੋ : ਡਾ.ਤੇਜਬੀਰ ਭੰਗੂ

ਖਡੂਰ ਸਾਹਿਬ, 30 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਵਾਸਤੇ ਵੱਖ-ਵੱਖ ਸੂਬਿਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ ਅਤੇ ਕਿਸਾਨਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਪ੍ਰੋਗਰਾਮ ਉਲੀਕੇ ਜਾਣ । ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਗੁਰਜੀਤ ਸਿੰਘ ਬਰਾੜ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਤਰਨ ਤਾਰਨ ਵਿਚ ਆਈ.ਈ.ਸੀ ਗਤੀਵਿਧੀਆਂ ਅਧੀਨ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਬੀਰ ਸਿੰਘ ਭੰਗੂ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ । ਇਸੇ ਲੜੀ ਤਹਿਤ ਬਲਾਕ ਖੇਤੀਬਾੜੀ ਅਫ਼ਸਰ ਡਾ. ਭੁਪਿੰਦਰ ਸਿੰਘ ਦੀ ਟੀਮ ਦੇ ਸਰਕਲ ਜਲਾਲਾਬਾਦ ਦੇ ਇੰਚਾਰਜ ਡਾ. ਯਾਦਵਿੰਦਰ ਸਿੰਘ ਵੱਲੋਂ ਪਿੰਡ ਫਾਜ਼ਲਪੁਰ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ ।

ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਯਾਦਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਮੇਤ ਕਈ ਰਾਜਾਂ ਵਿਚ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਪ੍ਰਥਾ ਕਾਰਨ ਵਾਤਾਵਰਣ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਹੈ। ਨਾੜ ਸਾੜਨ ਨਾਲ ਹਵਾ ਵਿਚ ਜ਼ਹਿਰੀਲੀਆਂ ਗੈਸਾਂ ਫੈਲਦੀਆਂ ਹਨ, ਜੋ ਮਨੁੱਖੀ ਸਿਹਤ ਲਈ ਖ਼ਤਰਨਾਕ ਸਾਬਤ ਹੁੰਦੀਆਂ ਹਨ। ਇਸ ਨਾਲ ਸਾਹ ਦੀਆਂ ਬਿਮਾਰੀਆਂ, ਅੱਖਾਂ ਵਿਚ ਜਲਨ ਅਤੇ ਦਿਲ ਦੇ ਰੋਗ ਵਧਣ ਦਾ ਖ਼ਤਰਾ ਬਣਦਾ ਹੈ।

ਉਨ੍ਹਾਂ ਦੱਸਿਆ ਕਿ ਨਾੜ ਨੂੰ ਅੱਗ ਲਗਾਉਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ, ਕਿਉਂਕਿ ਇਸ ਨਾਲ ਮਿੱਟੀ ਦੇ ਲਾਭਦਾਇਕ ਜੀਵਾਣੂ ਨਸ਼ਟ ਹੋ ਜਾਂਦੇ ਹਨ। ਇਸ ਕਾਰਨ ਆਉਣ ਵਾਲੀਆਂ ਫ਼ਸਲਾਂ ਦੀ ਪੈਦਾਵਾਰ ‘ਤੇ ਵੀ ਅਸਰ ਪੈਂਦਾ ਹੈ।

ਇਸ ਸਮੱਸਿਆ ਨੂੰ ਦੇਖਦੇ ਹੋਏ ਸਰਕਾਰ ਅਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਅਭਿਆਨ ਚਲਾਇਆ ਗਿਆ ਹੈ। ਵੱਖ ਵੱਖ ਪਿੰਡਾਂ ਵਿਚ ਲਗਾਏ ਜਾ ਰਹੇ ਕਿਸਾਨ ਸਿਖਲਾਈ ਕੈਂਪਾਂ, ਕਿਸਾਨ ਗੋਸ਼ਟੀਆਂ, ਨੁੱਕੜ ਮੀਟਿੰਗਾਂ ਵਿਚ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਨਾੜ ਨੂੰ ਸਾੜਨ ਦੀ ਬਜਾਏ ਆਧੁਨਿਕ ਮਸ਼ੀਨਾਂ ਜਿਵੇਂ ਹੈਪੀ ਸੀਡਰ ਆਦਿ ਦੀ ਵਰਤੋਂ ਕਰਕੇ ਨਾੜ ਨੂੰ ਖੇਤ ਵਿਚ ਹੀ ਮਿਲਾਉਣ।

ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਨਾੜ ਸਾੜਨ ਵਾਲਿਆਂ ਖ਼ਿਲਾਫ਼ ਜ਼ੁਰਮਾਨੇ ਵੀ ਲਗਾਏ ਜਾ ਰਹੇ ਹਨ, ਪਰ ਨਾਲ ਹੀ ਕਿਸਾਨਾਂ ਨੂੰ ਸਹਿਯੋਗ ਅਤੇ ਸਹੂਲਤਾਂ ਦੇਣ ‘ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ।

ਸਮਾਜ ਦੇ ਹਰ ਵਰਗ ਨੂੰ ਇਸ ਮੁਹਿੰਮ ਵਿਚ ਭਾਗੀਦਾਰ ਬਣਨ ਦੀ ਲੋੜ ਹੈ ਤਾਂ ਜੋ ਅਸੀਂ ਸੁੱਚਾ ਵਾਤਾਵਰਣ ਅਤੇ ਸਿਹਤਮੰਦ ਭਵਿੱਖ ਨੂੰ ਯਕੀਨੀ ਬਣਾ ਸਕੀਏ। ਇਸ ਮੌਕੇ ਉਨ੍ਹਾਂ ਦੇ ਨਾਲ ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ, ਤਰਸੇਮ ਸਿੰਘ ਇੰਦਰਜੀਤ ਸਿੰਘ, ਗੁਰਪ੍ਰਤਾਪ ਸਿੰਘ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਹਰ ਵਰਗ ਤੱਕ ਮੁਫ਼ਤ ਸਿਹਤ ਸਹੂਲਤਾਂ ਪਹੁੰਚਾਉਣ ਲਈ ਸਰਕਾਰ ਵਚਨਬੱਧ: ਕੋਹਲੀ



**ਪਟਿਆਲਾ, 30 ਮਾਰਚ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਪ੍ਰਸਿੱਧ ਅਤੇ ਇਤਿਹਾਸਿਕ ਮੰਦਿਰ ਸ੍ਰੀ ਕਾਲੀ ਦੇਵੀ ਵਿਖੇ ਅੱਜ ਵਿਧਾਇਕ ਸ਼੍ਰੀ ਅਜੀਤਪਾਲ ਸਿੰਘ ਕੋਹਲੀ ਵੱਲੋਂ ਆਯੁਸ਼ਮਾਨ ਅਰੋਗਿਆ ਕੇਂਦਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵਿਧਾਇਕ ਸ਼੍ਰੀ ਅਜੀਤਪਾਲ ਸਿੰਘ ਕੋਹਲੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਘਰ-ਘਰ ਤੱਕ ਬਿਹਤਰ ਸਿਹਤ ਸੇਵਾਵਾਂ ਪਹੁੰਚਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਅਰੋਗਿਆ ਕੇਂਦਰ ਇਲਾਕੇ ਦੇ ਲੋਕਾਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗਾ, ਜਿੱਥੇ ਮਰੀਜ਼ਾਂ ਨੂੰ ਮੁਫ਼ਤ ਇਲਾਜ, ਦਵਾਈਆਂ ਅਤੇ ਲੈਬ ਟੈਸਟਾਂ ਦੀ ਸਹੂਲਤ ਮਿਲੇਗੀ। ਉਨ੍ਹਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਕੇਂਦਰਾਂ ਨਾਲ ਸਿਹਤ ਪ੍ਰਣਾਲੀ ਨੂੰ ਮਜ਼ਬੂਤੀ ਮਿਲੇਗੀ ਅਤੇ ਲੋਕਾਂ ਨੂੰ ਵੱਡੇ ਹਸਪਤਾਲਾਂ ਵੱਲ ਜਾਣ ਦੀ ਲੋੜ ਘੱਟੇਗੀ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਮੰਦਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਲਈ ਵੀ ਇਹ ਕੇਂਦਰ ਇੱਕ ਵੱਡੀ ਸਹੂਲਤ ਹੋਵੇਗਾ, ਜਿਸ ਨਾਲ ਉਨ੍ਹਾਂ ਨੂੰ ਜ਼ਰੂਰਤ ਪੈਣ 'ਤੇ ਤੁਰੰਤ ਮੈਡੀਕਲ ਸਹਾਇਤਾ ਮਿਲ ਸਕੇਗੀ। ਵਿਧਾਇਕ ਨੇ ਸਿਹਤ ਵਿਭਾਗ ਦੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਲੋਕਾਂ ਦੀ ਸੇਵਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।

ਇਸ ਮੌਕੇ ਐਸ ਐਮ ਓ ਡਾ. ਲਵਕੇਸ਼ ਕੁਮਾਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅਰੋਗਿਆ ਕੇਂਦਰ ਵਿੱਚ ਆਮ ਜਨਤਾ ਅਤੇ ਮੰਦਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਲਈ ਮੁਫ਼ਤ ਮੈਡੀਕਲ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ। ਇੱਥੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇ ਨਾਲ-ਨਾਲ 46 ਤਰ੍ਹਾਂ ਦੇ ਲੈਬ ਟੈਸਟਾਂ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਵੇਗੀ।

ਉਦਘਾਟਨ ਸਮਾਗਮ ਦੌਰਾਨ ਵਾਰਡ ਨੋ 48 ਤੋਂ ਰਾਜੇਸ਼ ਕੁਮਾਰ ਸਾਹਨੀ, ਨਰੇਸ਼ ਕੁਮਾਰ ਕਾਕਾ, ਯੋਗੇਸ਼ ਟੰਡਨ , ਕੌਸ਼ਲ ਚੋਪੜਾ , ਸਿਵਿਲ ਸਰਜਨ ਪਟਿਆਲਾ ਡਾ. ਰਚਨਾ, ਐਸਐਮਓ ਡਾ. ਲਵਕੇਸ਼ ਕੁਮਾਰ, ਡਾ. ਸੰਦੀਪ ਕੰਡਾਰਾ, ਡਾ. ਕਿਰਨਪ੍ਰੀਤ ਕੌਰ, ਡਾ. ਸ਼ਿਵਾਲੀ ਸਮੇਤ ਪੈਰਾਮੈਡੀਕਲ ਸਟਾਫ, ਮੀਡੀਆ ਵਿੰਗ ਦਾ ਸਟਾਫ ਅਤੇ ਆਸ਼ਾ ਵਰਕਰ ਵੀ ਮੌਜੂਦ ਸਨ।

## 31 ਮਾਰਚ ਨੂੰ ਜ਼ਿਲ੍ਹੇ 'ਚ ਬੰਦ ਰੱਖੀਆਂ ਜਾਣ ਮੀਟ/ਮੱਛੀ ਤੇ ਅੰਡਿਆਂ ਦੀਆਂ ਦੁਕਾਨਾਂ

**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਸ੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਹਾਵੀਰ ਜਯੰਤੀ ਦੇ ਦਿਹਾੜੇ ਮੌਕੇ 31 ਮਾਰਚ 2026 ਨੂੰ ਪਟਿਆਲਾ ਜ਼ਿਲ੍ਹੇ 'ਚ ਮੀਟ, ਮੱਛੀ ਅਤੇ ਅੰਡਿਆਂ ਦੀਆਂ ਦੁਕਾਨਾਂ, ਮਾਸਾਹਾਰੀ ਹੋਟਲ/ਢਾਬੇ ਅਤੇ ਅਹਾਤੇ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ 31 ਮਾਰਚ 2026 ਨੂੰ ਮਹਾਂਵੀਰ ਜਯੰਤੀ ਦਾ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਦਿਨ ਨੂੰ ਅਹਿੰਸਾ ਦਿਵਸ ਵਜੋਂ ਮਨਾਇਆ ਜਾਣਾ ਹੈ।

ਇਸ ਦਿਨ ਕਿਸੇ ਵੀ ਜਾਨਵਰ ਦੀ ਹੱਤਿਆ ਕਰਨਾ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਅਸ਼ੁਭ ਹੈ ਅਤੇ ਜੀਵ ਹੱਤਿਆ ਕਰਨ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਅਤੇ ਸ਼ਰਾਰਤੀ ਅਨਸਰਾਂ ਵੱਲੋਂ ਇਸ ਦਾ ਨਜਾਇਜ਼ ਫਾਇਦਾ ਉਠਾਇਆ ਜਾ ਸਕਦਾ ਹੈ।

# ਸਰਕਾਰ ਦੇ ਖਜ਼ਾਨੇ ਦੀ ਆਰਥਿਕ ਹਾਲਤ ਵਿਗੜਨ ਕਾਰਨ ਲੋਕ ਭਲਾਈ ਸਕੀਮਾਂ ਤੇ ਲੱਗੀ ਬਰੇਕ : ਹਰਿਆਊ



**ਪਟਿਆਲਾ, 30 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਸਰਕਾਰ ਦੇ ਖਜ਼ਾਨੇ ਦੀ ਆਰਥਿਕ ਹਾਲਤ ਡਾਵਾਂ ਡੋਲ ਹੋਣ ਕਾਰਨ ਸਰਕਾਰੀ ਸਕੀਮਾਂ ਤੇ ਬੁਰੀ ਤਰ੍ਹਾਂ ਬ੍ਰੇਕ ਲੱਗ ਗਈ ਹੈ ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ ਲਿਹਾਜਾ ਆਰਥਿਕ ਹਾਲਤ ਠੀਕ ਨਾ ਹੋਣ ਕਾਰਨ ਸੂਬੇ ਅੰਦਰ ਵਿਕਾਸ ਕਾਰਜ ਵੀ ਠੱਪ ਹੋ ਕੇ ਰਹਿ ਗਏ ਹਨ ਜਿਨਾਂ ਦਾ ਖਮਿਆਜਾ ਪੰਜਾਬ ਦੇ ਆਮ ਲੋਕਾਂ ਨੂੰ ਭੁਗਤਣ ਲਈ ਮਜਬੂਰ ਹੋਣਾ ਪੈ ਰਿਹਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਮਾਣਾ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਤੇ ਟਕਸਾਲੀ ਅਕਾਲੀ ਆਗੂ ਤੇ ਸਮਾਣਾ ਦੇ ਨਵ ਨਿਯੁਕਤ ਕੀਤੇ ਕੋਆਰਡੀਨੇਟਰ ਗੁਰਧਿਆਨ ਸਿੰਘ ਭਾਨਰੀ ਨੇ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਇਹਨਾਂ ਆਗੂਆਂ ਨੇ ਕਿਹਾ ਕਿ ਸਮਾਣਾ ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖ ਵਿੱਚ ਆ ਰਹੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਵੱਡੀ ਜਿੱਤ ਹਾਸਲ ਕਰ ਸਕੇ ਉਨ੍ਹਾ ਕਿਹਾ ਕਿ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੇ ਦਿਸਾ ਨਿਰਦੇਸ਼ਾਂ ਮੁਤਾਬਿਕ ਸਮਾਣਾ ਹਲਕੇ ਅੰਦਰ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਵੱਖਰੀ ਮਹਿਮ ਦਾ ਆਗਾਜ਼ ਕੀਤਾ ਜਾਵੇਗਾ ਤਾਂ ਜੋ ਹਲਕੇ ਦੇ ਹਰ ਬੂਥ ਦੇ ਅਧੀਨ ਪੈਂਦੇ ਘਰ ਘਰ ਜਾ ਕੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਕੀਤੇ ਗਏ ਕਾਰਜਾਂ ਪ੍ਰਤੀ ਜਾਗਰੂਕ ਕਰਾਇਆ ਜਾ ਸਕੇ ਕਿਉਂਕਿ ਮਰਹੂਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਸਮੇਂ ਪੰਜਾਬ ਦੇ ਲੋਕਾਂ ਨੂੰ ਵੱਖ ਵੱਖ ਸਕੀਮਾਂ ਦਾ ਲਾਭ ਪ੍ਰਦਾਨ ਕੀਤਾ ਗਿਆ ਹੈ ਜਿਸ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ ਭਾਵੇਂ ਸਗਨ ਸਕੀਮ ਹੋਵੇ ਜਾਂ ਫਿਰ ਵਜ਼ੀਫਾ ਸਕੀਮਾਂ, ਬੁਢੇਪਾ ਪੈਨਸ਼ਨਾਂ ,ਵੱਡੀਆਂ ਵੱਡੀਆਂ ਸੜਕਾਂ, ਪੁੱਲ, ਮੈਰੀਟੋਰੀਅਲ ਸਕੂਲਾਂ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰਨਾ ,ਵੱਖ ਵੱਖ ਵਿਭਾਗਾਂ ਵਿੱਚ ਮੈਰਿਟ ਦੇ ਅਧਾਰ ਤੇ ਮੁਲਾਜ਼ਮ ਭਰਤੀ ਕਰਨਾ ਆਦਿ ਹੋਰ ਸੈਂਕੜੇ ਸਕੀਮਾਂ ਯੋਜਨਾ ਅਧੀਨ ਲਿਆਂਦੀਆਂ ਗਈਆਂ ਸਨ ਜਿਨਾਂ ਦਾ ਅੱਜ ਵੀ ਲੋਕਾਂ ਨੂੰ ਸਿੱਧਾ ਲਾਭ ਪ੍ਰਾਪਤ ਹੋ ਰਿਹਾ ਹੈ ਉਨਾਂ ਕਿਹਾ ਕਿ ਪੰਜਾਬ ਦੀ ਕਮਾਂਡ ਸੁਖਬੀਰ ਸਿੰਘ ਬਾਦਲ ਦੇ ਹੱਥ ਵਿੱਚ ਆਉਣ ਤੋਂ ਬਾਅਦ ਹੋਰਨਾਂ ਨਵੀਆਂ ਸਕੀਮਾਂ ਨੂੰ ਸੂਬੇ ਅੰਦਰ ਲਿਆਂਦਾ ਜਾਵੇਗਾ ਤਾਂ ਜੋ ਪੰਜਾਬ ਦਾ ਹਰ ਵਰਗ ਇਹਨਾਂ ਸਕੀਮਾਂ ਦਾ ਲਾਭ ਪ੍ਰਾਪਤ ਕਰ ਸਕੇ ਕਿਉਂਕਿ ਸੂਬੇ ਅੰਦਰ ਆਮ ਆਦਮੀ ਪਾਰਟੀ ਨੇ ਜੋ ਚੋਣ ਮੈਨੀਫੈਸਟੋ ਵਿੱਚ ਵੱਡੇ ਵੱਡੇ ਵਾਅਦੇ ਕੀਤੇ ਸਨ ਉਹ ਹੁਣ ਹਵਾ ਹੋ ਕੇ ਰਹਿ ਗਏ ਹਨ।

ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੋ ਸਟੇਜਾਂ ਤੋਂ ਵੱਡੇ ਵੱਡੇ ਵਾਅਦੇ ਲੋਕਾਂ ਨਾਲ ਕਰਕੇ ਗੁਮਰਾਹ ਕਰ ਰਹੇ ਹਨ ਇਹ ਸਿਰਫ ਤੇ ਸਿਰਫ ਵੋਟ ਲੈਣ ਦੀ ਰਾਜਨੀਤੀ ਤੋਂ ਇਲਾਵਾ ਕੁਝ ਨਹੀਂ ਕਿਉਂਕਿ ਅੱਜ ਪੰਜਾਬ ਦੇ ਲੋਕਾਂ ਨੂੰ ਆਪ ਸਰਕਾਰ ਦੀਆਂ ਲਾਰੇ ਲਾਉਣ ਵਾਲੀਆਂ ਚਾਲਾਂ ਦਾ ਪਤਾ ਚੱਲ ਚੁੱਕਿਆ ਉਨ੍ਹਾਂ ਕਿਹਾ ਕਿ ਆਪ ਅਤੇ ਕਾਂਗਰਸ ਇਕੋ ਸਿੱਕੇ ਦੇ ਦੋਵੇਂ ਪਹਿਲੂ ਹਨ ਜਿਨਾਂ ਨੂੰ ਆਪਣਾ ਵੋਟ ਦੇਣਾ ਪੰਜਾਬ ਦਾ ਨੁਕਸਾਨ ਕਰਾਉਣ ਬਰਾਬਰ ਹੈ ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਐਸੀ ਪਾਰਟੀ ਹੈ ਜਿਸ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਲਈ ਕੰਮ ਕੀਤਾ ਹੈ ਅਤੇ ਇਹ ਪੰਜਾਬ ਦੀ ਇਕਲੌਤੀ ਸਭ ਤੋਂ ਵੱਡੀ ਖੇਤਰੀ ਪਾਰਟੀ ਹੈ ਜਿਸ ਨੇ ਪੰਜਾਬ ਅਤੇ ਪੰਜਾਬੀਅਤ ਤੇ ਪਹਿਰਾ ਦਿੱਤਾ ਹੈ ਲਿਹਾਜਾ ਬਾਕੀ ਪਾਰਟੀਆਂ ਦਿੱਲੀ ਤੋਂ ਆਪਣੀ ਮਨ ਮਰਜ਼ੀ ਨਾਲ ਫੈਸਲੇ ਲੈਂਦੀਆਂ ਹਨ ਪਰ ਸ਼੍ਰੋਮਣੀ ਅਕਾਲੀ ਦਲ ਇਕ ਅਜਿਹੀ ਪਾਰਟੀ ਹੈ ਜੋ ਪੰਜਾਬ ਤੋਂ ਹੀ ਪੰਜਾਬ ਦੇ ਲੋਕਾਂ ਦੇ ਫਾਇਦੇ ਲਈ ਫੈਸਲੇ ਲੈਂਦੀ ਹੈ ਜ਼ਿਕਰਯੋਗ ਹੈ ਕਿ ਸਮਾਣਾ ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਟਕਸਾਲੀ ਅਕਾਲੀ ਆਗੂਆਂ ਨੇ ਹੁਣ ਕਮਾਂਡ ਸੰਭਾਲ ਲਈ ਹੈ ਜਿਸ ਤਹਿਤ ਹਰਿਆਊ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕੀਤਾ ਜਾਵੇਗਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਕੁਲਦੀਪ ਸਿੰਘ ਨੱਸੂਪੁਰ, ਅਜਮੇਰ ਸਿੰਘ ਪਸਿਆਣਾ, ਮਨਪ੍ਰੀਤ ਸਿੰਘ ਸਵਾਜਪੁਰ, ਜਸਵਿੰਦਰ ਕੌਰ ਮੈਣ, ਗੁਰਮੀਤ ਸਿੰਘ ਭਾਨਰੀ, ਹਰਮਨ ਵੱਲ੍ਹ, ਸੈਮੀ ਖੋਖਰ, ਅੰਮ੍ਰਿਤਵੀਰ ਚੌਂਹਠ ਰਾਮ ਸਿੰਘ 64 ਅਮਰਜੀਤ ਸਿੰਘ ਅਮਰਜੀਤ ਸਿੰਘ ਟੋਡਰਪੁਰ ਆਦਿ ਵੀ ਹਾਜ਼ਰ ਸਨ

# ਮੈਡੀਕਲ ਪ੍ਰੈਕਟੀਸਨਰ ਐਸੋਸੀਏਸ਼ਨ ਰਜਿ. ਪੰਜਾਬ ਜਿਲਾ ਗੁਰਦਾਸਪੁਰ ਦੀ ਇਕ ਪਲੇਠੀ ਮੀਟਿੰਗ ਹੋਈ



**ਸ੍ਰੀ ਹਰਗੋਬਿੰਦਪੁਰ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ : ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਖ਼ਾਲਸਾ ਜਸ਼ਨ ਪੁਆਇੰਟ ਗੁ: ਸਹਿਬ ਬੁਰਜ ਸਾਹਿਬ ਧਾਰੀਵਾਲ ਵਿਖੇ ਜ਼ਿਲ੍ਹਾ ਪ੍ਰਧਾਨ ਡਾ ਪਿਆਰਾ ਸਿੰਘ ਹੰਬੋਵਾਲ ਦੀ ਪ੍ਰਧਾਨਗੀ ਹੇਠ ਇਕ ਪਲੇਠੀ ਮੀਟਿੰਗ ਹੋਈ ਮੀਟਿੰਗ ਦੌਰਾਨ ਪ੍ਰਧਾਨ ਡਾ ਪਿਆਰਾ ਸਿੰਘ ਹੰਬੋਵਾਲ ਨੇ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੀਤੇ ਸਮੇਂ ਜੋ ਵੀ ਸਰਕਾਰਾਂ ਭਾਵੇਂ ਕਾਂਗਰਸ ਦੀ ਹੋਵੇ ਅਕਾਲੀਆਂ ਦੀ ਹੋਵੇ ਜਾਂ ਮੌਜੂਦਾ ਸਰਕਾਰ ਹੋਵੇ ਇਹਨਾਂ ਸਰਕਾਰਾਂ ਨੇ ਪਿੰਡਾਂ ਵਿੱਚ ਪ੍ਰੈਕਟਿਕਸ ਕਰ ਰਹੇ ਡਾਕਟਰਾਂ ਦੀਆਂ ਹਕੀ ਮੰਗਾਂ ਮੰਨਣ ਲਈ ਹਮੇਸ਼ਾ ਹੀ ਟਾਲ ਮਟੋਲਾਂ ਦੀ ਨੀਤੀ ਨੂੰ ਅਪਣਾਇਆ ਹੈ ਜਦ ਕਿ ਜਿਹੜੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਤਾਂ ਉਹਨਾਂ ਨੇ ਇਹਨਾਂ ਡਾਕਟਰਾਂ ਨੂੰ ਵਿਸ਼ਵਾਸ ਦਵਾਉਂਦੇ ਹੋਏ ਕਿਹਾ ਕਿ ਸਾਡੀ ਸਰਕਾਰ ਬਣਨ ਤੇ ਤੁਹਾਨੂੰ ਪ੍ਰੈਕਟਿਸ ਕਰਨ ਦੀ ਮਾਨਤਾ ਦਿੱਤੀ ਜਾਵੇਗੀ ਪ੍ਰੰਤੂ ਮਾਨਤਾ ਦੇਣ ਦੀ ਬਜਾਏ ਉਹਨਾਂ ਨੇ ਇਹਨਾਂ ਡਾਕਟਰਾਂ ਨੂੰ ਅਣਗੌਲੀਆਂ ਕਰਕੇ ਆਪਣਾ ਸ਼ਾਸਨ ਪੂਰਨ ਰੂਪ ਵਿੱਚ ਮੁਕੰਮਲ ਕਰਕੇ ਸਿਰਫ ਲੌਲੀਪੋਪ ਹੀ ਦਿੱਤਾ ਹੈ ਜਿਸ ਨਾਲ ਮੈਡੀਕਲ ਪਟੀਸ਼ਨਰਾ ਦੇ ਮਨ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਉਹਨਾਂ ਨੇ ਅੱਗੇ ਕਿਹਾ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੇ ਉਹਨਾਂ ਦੀਆਂ ਹਕੀ ਮੰਗਾਂ ਨਾ ਮੰਨੀਆਂ ਤਾਂ ਉਹ ਪੰਜਾਬ ਪ੍ਰਧਾਨ ਡਾ ਧੰਨਾ ਮੱਲ ਗੋਇਲ ਅਤੇ ਸਮੂਹ ਸਟੇਟ ਕਮੇਟੀ ਦੀ ਯੋਗ ਅਗਵਾਈ ਹੇਠ ਉਹ ਪੰਜਾਬ ਸਰਕਾਰ ਵਿਰੁੱਧ ਰੈਲੀਆਂ ਤੇ ਰੋਸ ਪ੍ਰਦਰਸ਼ਨ ਕਰਨਗੇ ਜਿਸ ਦੀ ਜ਼ਿੰਮੇਵਾਰੀ ਮੌਜੂਦਾ ਸਰਕਾਰ ਤੇ ਹੋਵੇਗੀ ਉਹਨਾਂ ਨੇ ਇੱਥੇ ਤੱਕ ਕਹਿ ਦਿੱਤਾ ਹੈ ਕਿ ਜੇ ਲੋੜ ਪਈ ਤਾਂ ਉਹ ਮੁੱਖ ਮਾਰਗਾਂ ਦਾ ਚੱਕਾ ਜਾਮ ਅਤੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ ਉਹਨਾਂ ਨੇ ਮੌਜੂਦਾ ਸਰਕਾਰ ਤੋਂ ਪੁਰਜੋਰ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਇਹਨਾਂ ਨੂੰ ਤਜਰਬੇ ਦੇ ਆਧਾਰ ਰਜਿਸਟਰ ਕੀਤਾ ਜਾਵੇ।

ਇਸ ਮੌਕੇ ਸਟੇਟ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਡਾ ਅਵਤਾਰ ਸਿੰਘ ਕਿਲਾ ਲਾਲ ਸਿੰਘ , ਜ਼ਿਲ੍ਹਾ ਮੁੱਖ ਸਲਾਹਕਾਰ ਡਾ ਸਤਪਾਲ ਡੱਡਵਾ , ਮੀਤ ਪ੍ਰਧਾਨ ਡਾ ਸੰਤੋਖ ਭਗਤ ਬਿਧੀਪੁਰ , ਮੁੱਖ ਬੁਲਾਰਾ ਡਾ ਭੁਪਿੰਦਰ ਸਿੰਘ ਦਰਗਾਬਾਦ ,ਸਹਾਇਕ ਸਲਾਹਕਾਰ ਡਾ ਜਗਜੀਵਨ ਭੂਬਲੀ , ਬਲਾਕ ਕਲਾਨੌਰ ਦੇ ਪ੍ਰਧਾਨ ਡਾ ਅਜ਼ੀਜ਼ ਮਸੀਹ ਕਲਾਨੌਰ,ਜ਼ਿਲ੍ਹਾ ਕਮੇਟੀ ਮੈਂਬਰ ਡਾ ਪ੍ਰੇਮ ਚੰਦ ਦੀਨਾਨਗਰ,ਜ਼ਿਲ੍ਹਾ ਕਮੇਟੀ ਮੈਂਬਰ ਡਾ ਰਜਿੰਦਰਪਾਲ ਸਿੰਘ ਧਾਰੀਵਾਲ , ਜ਼ਿਲ੍ਹਾ ਕਮੇਟੀ ਮੈਂਬਰ ਡਾ ਬਲਕਾਰ ਸਿੰਘ ਧਾਰੀਵਾਲ ,ਅਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ ।ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ : ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਖ਼ਾਲਸਾ ਜਸ਼ਨ ਪੁਆਇੰਟ ਗੁ: ਸਹਿਬ ਬੁਰਜ ਸਾਹਿਬ ਧਾਰੀਵਾਲ ਵਿਖੇ ਜ਼ਿਲ੍ਹਾ ਪ੍ਰਧਾਨ ਡਾ ਪਿਆਰਾ ਸਿੰਘ ਹੰਬੋਵਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪ੍ਰਧਾਨ ਡਾ ਪਿਆਰਾ ਸਿੰਘ ਹੰਬੋਵਾਲ ਨੇ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੀਤੇ ਸਮੇਂ ਜੋ ਵੀ ਸਰਕਾਰਾਂ ਭਾਵੇਂ ਕਾਂਗਰਸ ਦੀ ਹੋਵੇ ਅਕਾਲੀਆਂ ਦੀ ਹੋਵੇ ਜਾਂ ਮੌਜੂਦਾ ਸਰਕਾਰ ਹੋਵੇ ਇਹਨਾਂ ਸਰਕਾਰਾਂ ਨੇ ਪਿੰਡਾਂ ਵਿੱਚ ਪ੍ਰੈਕਟਿਕਸ ਕਰ ਰਹੇ ਡਾਕਟਰਾਂ ਦੀਆਂ ਹਕੀ ਮੰਗਾਂ ਮੰਨਣ ਲਈ ਹਮੇਸ਼ਾ ਹੀ ਟਾਲ ਮਟੋਲਾਂ ਦੀ ਨੀਤੀ ਨੂੰ ਅਪਣਾਇਆ ਹੈ ਜਦ ਕਿ ਜਿਹੜੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਤਾਂ ਉਹਨਾਂ ਨੇ ਇਹਨਾਂ ਡਾਕਟਰਾਂ ਨੂੰ ਵਿਸ਼ਵਾਸ ਦਵਾਉਂਦੇ ਹੋਏ ਕਿਹਾ ਕਿ ਸਾਡੀ ਸਰਕਾਰ ਬਣਨ ਤੇ ਤੁਹਾਨੂੰ ਪ੍ਰੈਕਟਿਸ ਕਰਨ ਦੀ ਮਾਨਤਾ ਦਿੱਤੀ ਜਾਵੇਗੀ ਪ੍ਰੰਤੂ ਮਾਨਤਾ ਦੇਣ ਦੀ ਬਜਾਏ ਉਹਨਾਂ ਨੇ ਇਹਨਾਂ ਡਾਕਟਰਾਂ ਨੂੰ ਅਣਗੌਲੀਆਂ ਕਰਕੇ ਆਪਣਾ ਸ਼ਾਸਨ ਪੂਰਨ ਰੂਪ ਵਿੱਚ ਮੁਕੰਮਲ ਕਰਕੇ ਸਿਰਫ ਲੌਲੀਪੋਪ ਹੀ ਦਿੱਤਾ ਹੈ ਜਿਸ ਨਾਲ ਮੈਡੀਕਲ ਪਟੀਸ਼ਨਰਾ ਦੇ ਮਨ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਉਹਨਾਂ ਨੇ ਅੱਗੇ ਕਿਹਾ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੇ ਉਹਨਾਂ ਦੀਆਂ ਹਕੀ ਮੰਗਾਂ ਨਾ ਮੰਨੀਆਂ ਤਾਂ ਉਹ ਪੰਜਾਬ ਪ੍ਰਧਾਨ ਡਾ ਧੰਨਾ ਮੱਲ ਗੋਇਲ ਅਤੇ ਸਮੂਹ ਸਟੇਟ ਕਮੇਟੀ ਦੀ ਯੋਗ ਅਗਵਾਈ ਹੇਠ ਉਹ ਪੰਜਾਬ ਸਰਕਾਰ ਵਿਰੁੱਧ ਰੈਲੀਆਂ ਤੇ ਰੋਸ ਪ੍ਰਦਰਸ਼ਨ ਕਰਨਗੇ ਜਿਸ ਦੀ ਜ਼ਿੰਮੇਵਾਰੀ ਮੌਜੂਦਾ ਸਰਕਾਰ ਤੇ ਹੋਵੇਗੀ।

# ਕਲੱਬ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨਿਤ



**ਮਾਛੀਵਾੜਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰਜਿ: )ਪਿੰਡ ਪੂਨੀਆ ਵੱਲੋਂ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਦੇ ਸਲਾਨਾ ਨਤੀਜਿਆਂ ਦਾ ਐਲਾਨ ਕਰਨ ਮੌਕੇ ਪੜ੍ਹਾਈ ਵਿੱਚ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਯੁਵਕ ਸੇਵਾਵਾਂ ਕਲੱਬ ਪ੍ਰਧਾਨ ਮਨਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਐਨਆਰਆਈ ਵੀਰਾਂ ਅਤੇ ਕਲੱਬ ਮੈਂਬਰਾਂ ਦੇ ਸਹਿਯੋਗ ਸਦਕਾ ਵੱਖ-ਵੱਖ ਸਮੇਂ ਤੇ ਪਿੰਡ ਵਿੱਚ ਜਿੱਥੇ ਅਲੱਗ ਅਲੱਗ ਸਹੂਲਤਾਂ ਸਬੰਧੀ ਸਮਾਗਮ ਕਰਵਾਏ ਜਾਂਦੇ ਹਨ ਉੱਥੇ ਹੀ ਸਕੂਲ ਦੇ ਵਿਦਿਆਰਥੀਆਂ ਦੀਆਂ ਸੁਖ ਸਹੂਲਤਾਂ ਦਾ ਧਿਆਨ ਰੱਖਦਿਆਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਹਨਾਂ ਨੂੰ ਨਤੀਜੇ ਵਿੱਚ ਪਹਿਲੀ ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਤੇ ਸਨਮਾਨ ਚਿੰਨ ਦਿੰਦਿਆਂ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਕਲੱਬ ਵੱਲੋਂ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਸਦਕਾ ਪਹਿਲਾਂ ਵੀ ਮੇਜ ਕੁਰਸੀਆਂ, ਬਰਤਨ ,ਕੈਮਰਿਆਂ ਦੇ ਲਈ ਐਲ.ਈ.ਡੀ., ਇਨਵੈਟਰ ਸੈਟ, ਏ.ਸੀ., ਅਤੇ ਖੇਡਾਂ ਦਾ ਸਮਾਨ ਦੇ ਕੇ ਵਿਦਿਆਰਥੀਆਂ ਨੂੰ ਹੋਰ ਅੱਗੇ ਵਧਣ ਲਈ ਪ੍ਰੇਰਤ ਕੀਤਾ ਜਾਂਦਾ ਰਿਹਾ ਹੈ। ਹੁਣ ਆਉਣ ਵਾਲੇ ਸਮੇਂ ਵਿੱਚ ਵੀ ਵਿਦਿਆਰਥੀਆਂ ਦੀ ਹਰ ਸੁੱਖ ਸਹੂਲਤ ਦਾ ਧਿਆਨ ਰੱਖਣ ਦਾ ਵਾਅਦਾ ਕੀਤਾ। ਉਹਨਾਂ ਕਿਹਾ ਕਿ ਇਹਨਾਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦਾ ਮੁੱਖ ਮਕਸਦ ਹੋਰਨਾਂ ਬੱਚਿਆਂ ਵਿੱਚ ਪੜ੍ਹਾਈ ਪ੍ਰਤੀ ਰੁਚੀ ਅਤੇ ਹੋਰ ਸਖਤ ਮਿਹਨਤ ਕਰਨ ਦੀ ਭਾਵਨਾ ਪੈਦਾ ਕਰਨਾ ਹੈ ਕਿਉਂਕਿ ਕਲੱਬ ਸਕੂਲ ਅਤੇ ਬੱਚਿਆਂ ਦੀ ਬਿਹਤਰੀ ਦੀ ਹਮੇਸ਼ਾ ਤਤਪਰ ਰਹਿੰਦਾ ਹੈ।

# ਸਰਕਾਰੀ ਪ੍ਰਾਇਮਰੀ ਸਕੂਲ, ਛੌੜੀਆਂ ਵਿਖੇ ਸਲਾਨਾ ਨਤੀਜਾ ਅਤੇ ਇਨਾਮ ਵੰਡ ਸਮਾਗਮ ਕਰਵਾਇਆ



**ਮਾਛੀਵਾੜਾ ਸਾਹਿਬ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪ੍ਰਇਆਰੀ ਸਕੂਲ, ਛੌੜੀਆਂ ਵਿਖੇ ਸੈਸ਼ਨ 2025-26 ਦਾ ਸਲਾਨਾਨਤੀਜਾ, ਇਨਾਮ ਵੰਡ ਸਮਾਰੋਹ ਅਤੇ ਆਪੇ ਵਰਕਸ਼ਾਪ ਕਰਵਾਈ ਗਈ। ਜਿਸ ਵਿੱਚ ਨਰਸਰੀ ਤੋਂ ਪੰਜਵੀਂ ਜਮਾਤ ਤੱਕ ਦਾ ਨਤੀਜਾ ਐਲਾਨਿਆ ਗਿਆ।

ਸਕੂਲ ਮੁੱਖੀ ਸਤੀਸ਼ ਕੁਮਾਰ ਵੱਲੋਂ ਆਏ ਮਹਿਮਾਨਾਂ,, ਐਸ.ਐਮ.ਸੀ. ਮੈਂਬਰਾਂ, ਸਰਪੰਚ ਗ੍ਰਾਮ ਪੰਚਾਇਤ ਛੌੜੀਆਂ ਅਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਜੀ ਨੂੰ ਜੀ ਆਇਆ ਆਖਿਆ ਅਤੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀਆਂ ਸੰਬੰਧੀ ਜਾਣਕਾਰੀ ਦਿੱਤੀ ਗਈ।

ਐਲਾਨੇ ਨਤੀਜਿਆਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਬੱਚਿਆਂ ਦੀ ਮਿਹਨਤ ਸਦਕੇ ਹੀ ਵਧੀਆ ਕਾਰਗੁਜ਼ਾਰੀ ਵਿਖਾਈ ਗਈ ਹੈ। ਸਕੂਲ ਵਿੱਚ ਨਵੇਂ ਦਾਖਲਿਆਂ ਲਈ ਸਮੂਹ ਪਿੰਡ ਵਾਸੀਆਂ ਨੂੰ ਪ੍ਰੇਰਿਤ ਕਰਦਿਆਂ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਦਾਖਲ ਕਰਵਾਉਣ ਲਈ ਕਿਹਾ ਗਿਆ। ਵੱਖ-ਵੱਖ ਪੁਜੀਸ਼ਨਾਂ ਵਾਲੇ ਵਿਦਿਆਰਥੀਆਂ ਨੂੰ ਸਰਪੰਚ, ਮੈਂਬਰਾਂ ,ਸਟਾਫ਼ ਅਤੇ ਪਤਵੰਤੇ ਸੱਜਣਾਂ ਵਲੋਂ ਸਨਮਾਨਿਤ ਕੀਤਾ ਗਿਆ । ਪੰਜਾਬੀ ਜਮਾਤ ਵਿੱਚੋਂ ਰੁਪਿੰਦਰ ਕੌਰ ਫਸਟ , ਸਾਨੀਆ ਸੈਕਿੰਡ, ਪਰਵੇਜ਼ ਨੇ ਥਰਡ ,ਚੌਥੀ ਜਮਾਤ ਸਿਮਰਨ ਫਸਟ, ਤਰਨਜੀਤ ਕੌਰ ਸੈਕਿੰਡ, ਗੁਰਨੂਰ ਕੌਰ ਨੇ ਥਰਡ, ਤੀਜੀ ਜਮਾਤ ਵਿੱਚੋਂ ਜੁਗਰਾਜ ਸਿੰਘ ਨੇ ਫਸਟ, ਰਾਜਵੀਰ ਸਿੰਘ ਨੇ ਸੈਕਿੰਡ ਵਿੱਚੋਂ ਕੁਆਰੀ ਨੇ ਫਸਟ, ਜਲਵਿੰਦਰ ਕੌਰ ਨੇ ਸੈਕਿੰਡ, ਪੁਜੀਸ਼ਨ ਹਾਸਿਲ ਕੀਤੀ।

ਇਨਾਮ ਵੰਡ ਸਮਾਰੋਹ ਵਿੱਚ ਵਿਸ਼ੇਸ਼ ਤੌਰ ਤੇ ਪਿੰਡ ਦੇ ਸਰਪੰਚ ਗੁਰਵਿੰਦਰ ਸਿੰਘ ਬੱਬੂ, ਪੰਚਾਇਤ ਮੈਂਬਰ, . ਦਲਵੀਰ ਸਿੰਘ, ਪਰਮਜੀਤ ਸਿੰਘ, ਸਿਮਰਪ੍ਰੀਤ,ਅਨੁਪ੍ਰੀਤ ਕੌਰ, ਅਧਿਆਪਕ ਚਰਨਜੀਤ ਸਿੰਘ, ਮੈਡਮ ਰਣਜੀਤ ਕੌਰ ਅਤੇ ਹਰਜਿੰਦਰ ਕੌਰ ਕੁੱਰ ਹਾਜ਼ਰ ਸਨ।

# ਸ੍ਰੀ ਹਰਗੋਬਿੰਦਪੁਰ ਪੁਲਿਸ ਵੱਲੋਂ ਸ਼ੱਕ ਦੇ ਅਧਾਰ 'ਤੇ ਹਰ ਆਉਣ ਜਾਣ ਵਾਲੀ ਗੱਡੀ ਦੀ ਬਰੀਕੀ ਨਾਲ ਤਲਾਸੀ ਲਈ



**ਸ੍ਰੀ ਹਰਗੋਬਿੰਦਪੁਰ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ ਐਸ ਪੀ ਬਟਾਲਾ ਸ੍ ਮਹਿਤਾਬ ਸਿੰਘ ਆਈ ਪੀ ਐਸ ਦੇ ਦਿਸਾ ਨਿਰਦੇਸਾ ਤਹਿਤ ਅਤੇ ਡੀ ਐਸ ਪੀ ਹਰੀਸ ਬਹਿਲ ਦੇ ਹੁਕਮਾਂ ਅਨੁਸਾਰ ਅਤੇ ਐਸ ਐਚ ਉ ਸ੍ਰੀ ਹਰਗੋਬਿੰਦਪੁਰ ਸ੍ ਗਗਨਦੀਪ ਸਿੰਘ ਦੀ ਰਹਿਨਮਈ ਹੇਠ ਨਾਕਾ ਗੁਰਦੁਆਰਾ ਭਾਈ ਮੰਝ ਸਾਹਿਬ ਵੱਲੋਂ ਸੱਕ ਦੇ ਅਧਾਰ ਤੇ ਹਰ ਆਉਣ ਜਾਣ ਵਾਲੀਆਂ ਗੱਡੀਆਂ ਨੂੰ ਬੜੀ ਬਰੀਕੀ ਨਾਲ ਚੈਕ ਕੀਤਾ ਗਿਆ ਅਤੇ ਜੋ ਵੀ ਗੱਡੀ ਸੱਕ ਦੇ ਘੇਰੇ ਵਿਚ ਆਈ ਉਸ ਵੀਹਕਲ ਦੀ ਬੜੀ ਬਰੀਕੀ ਨਾਲ ਜਾਂਚ ਕੀਤੀ ਗਈ ਇਸ ਸਬੰਧੀ ਜਾਣਕਾਰੀ ਦਿੰਦਿਆਂ ਨਾਕਾ ਇੰਨਚਾਰਜ ਏ ਐਸ ਆਈ ਮਨਜੀਤ ਸਿੰਘ ਨੇ ਦੱਸਿਆ ਕੇ ਨਾਕੇ ਤੇ ਤਾਨਾਇਤ ਸਾਰੇ ਪੁਲਿਸ ਮੁਲਾਜਮ ਆਪਣੀ ਡਿਊਟੀ ਬੇਖੂਬੀ ਨਿਭਾ ਰਹੇ ਹਨ ਤੇ ਬਿਨਾਂ ਚੈਕਿੰਗ ਤੋਂ ਕਿਸੇ ਗੱਡੀ ਨੂੰ ਅੱਗੇ ਨਹੀ ਜਾਣ ਦਿਤਾ ਇਸ ਤੋਂ ਬਾਅਦ ਉਹਨਾਂ ਲੋਕਾਂ ਨੂੰ ਤਾੜਨਾ ਕੀਤੀ ਕੇ ਉਹ ਆਪਣੇ ਵਾਹਨਾ ਦੇ ਕਾਗਜਾਦ ਪੂਰੇ ਕਰ ਕੇ ਰੱਖੋ ਨਹੀ ਅਧੂਰੇ ਕਾਗਜਾਦ ਵਾਲਿਆਂ ਨੂੰ ਬਖਸਿਆ ਨਹੀ ਜਾਵੇਗਾ ਇਸ ਮੌਕੇ ਉਹਨਾਂ ਨਾਲ ਏ ਐਸ ਆਈ ਕੰਵਲਜੀਤ ਸਿੰਘ ਅਤੇ ਐਚ ਸੀ ਮੈਡਮ ਹਰਦੀਪ ਕੌਰ ਆਦਿ ਹਾਜਰ ਸਨ।

# ਵਿਸ਼ਵ ਜਲ ਦਿਵਸ ਨੂੰ ਸਮਰਪਿਤ ਸਮਾਗਮ ਨਿਊ ਪਾਵਰ ਹਾਊਸ ਕਾਲੋਨੀ ਸਕੂਲ ਵਿੱਚ ਕਰਵਾਇਆ




**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋ ਵਿਸ਼ਵ ਜਲ ਦਿਵਸ ਮੌਕੇ ਵਿਸੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਕੂਲ ਵਿਦਿਆਰਥੀਆ, ਅਧਿਆਪਿਕਾ, ਮਾਪਿਆ ਨੇ ਭਾਗ ਲਿਆ।ਸਮਾਗਮ ਦੇ ਮੁੱਖ ਮਹਿਮਾਨ ਡਾ ਹਰਨੇਕ ਸਿੰਘ ਢੋਟ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸਨ ਪ੍ਰਧਾਨਗੀ ਪ੍ਰਿੰਸੀਪਲ ਸਤੀਸ਼ ਕੁਮਾਰ ਨੇ ਕੀਤੀ ਵਿਸੇਸ਼ ਮਹਿਮਾਨ ਉਘੇ ਸਮਾਜ ਸੇਵੀ ਉਪਕਾਰ ਸਿੰਘ ਨੇ ਕੀਤੀ।ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆ ਨੂੰ ਪਾਣੀ ਦੀ ਸੰਭਾਲ ਤੇ ਇਸ ਦੇ ਸਹੀ ਪ੍ਰਬੰਧ ਬਾਰੇ ਜਾਗਰੂਕ ਕਰਨਾ ਸੀ।ਇਸ ਮੌਕੇ ਮੁੱਖ ਮਹਿਮਾਨ ਢੋਟ ਨੇ ਵਿਦਿਆਰਥੀਆ ਤੇ ਸਟਾਫ ਨਾਲ ਵਿਸਥਾਰ ਨਾਲ ਚਰਚਾ ਕੀਤੀ।ਉਨਾ ਦੱਸਿਆ ਕਿਵੇ ਛੋਟੀਆ ਛੋਟੀਆ ਕੋਸ਼ਿਸ਼ਾਂ ਨਾਲ ਅਸੀਂ ਵੱਡੇ ਪੱਧਰ ਤੇ ਪਾਣੀ ਦੀ ਬਚਤ ਕਰ ਸਕਦੇ ਹਾਂ।ਉਪਕਾਰ ਸਿੰਘ ਨੇ ਵਿਦਿਆਰਥੀਆ ਨੂੰ ਦੂਸ਼ਿਤ ਪਾਣੀ ਤੋ ਉਤਪੰਨ ਹੋਣ ਵਾਲੀਆ ਬਿਮਾਰੀਆ ਤੇ ਸਾਫ ਪਾਣੀ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ।ਉਨ੍ਹਾ ਨੇ ਸਿਹਤਮੰਦ ਜੀਵਨ ਲਈ ਸਾਫ ਅਤੇ ਸੁਰੱਖਿਅਤ ਪਾਣੀ ਦੀ ਲੋੜ ਨਵੀ ਰੋਸ਼ਨ ਕੀਤਾ।ਪ੍ਰਿੰਸੀਪਲ ਸਤੀਸ਼ ਕੁਮਾਰ ਨੇ ਦੱਸਿਆ ਪਾਣੀ ਦੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਡਿਗ ਰਹੇ ਪੱਧਰ 'ਤੇ ਚਿੰਤਾ ਪ੍ਰਗਟਾਈ ਤੇ ਕਿਹਾ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਸੜਕ ਦੁਰਘਟਨਾਵਾਂ ਤੇ ਠਲ ਪਾਉਣ ਲਈ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਹੋਈ ਮੀਟਿੰਗ



**ਮਲੇਰਕੋਟਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਸੁਰੱਖਿਆ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਸਹਾਇਕ ਟਰਾਂਸਪੋਟਰ ਅਫਸਰ ਸਹਿਨਾਜ ਪਰਵੀਨ ਨੇ ਰੋਡ ਕਰਾਸਿੰਗ, ਰੋਡ ਸਾਈਨ, ਈ-ਡਾਰ, ਹਿੱਟ ਐਂਡ ਰਨ ਕੇਸਾਂ, ਗਤੀ ਸੀਮਾ ਦੀ ਪਾਲਣਾ, ਹੈਲਮੈਟ ਅਤੇ ਸੀਟ ਬੈਲਟ ਦੀ ਵਰਤੋਂ ਆਦਿ ਮਸਲਿਆਂ ਸਬੰਧੀ ਵਿਸਥਾਰ ਸਹਿਤ ਸਮੀਖਿਆ ਕੀਤੀ ਗਈ।

ਉਨ੍ਹਾਂ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਅੰਦਰ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਟਰੈਫਿਕ ਪੁਲਿਸ, ਨਗਰ ਕੌਂਸਲ, ਪੀ.ਡਬਲਿਊ.ਡੀ., ਸਿਹਤ ਵਿਭਾਗ ਅਤੇ ਸਿੱਖਿਆ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਪਿੰਡਾਂ-ਸ਼ਹਿਰਾਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਲਈ ਪ੍ਰੇਰਿਤ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਮੁੱਖ ਸੜਕਾਂ ਅਤੇ ਬਲੈਕ ਸਪਾਟਸ 'ਤੇ ਸਾਈਨੇਜ, ਰਿਫਲੈਕਟਰ, ਸਪੀਡ ਬ੍ਰੇਕਰ ਅਤੇ ਸਟ੍ਰੀਟ ਲਾਈਟਾਂ ਦੀ ਉਚਿਤ ਵਿਵਸਥਾ ਕੀਤੀ ਜਾਵੇ, ਤਾਂ ਜੋ ਦੁਰਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ ਅਤੇ ਆਮ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਇਸ ਮੌਕੇ ਡੀ.ਐਸ.ਪੀ ਬਿਕਰਮਜੀਤ ਸਿੰਘ, ਡੀ.ਐਮ.ਸੀ ਡਾ. ਜਗਜੀਤ ਸਿੰਘ, ਜ਼ਿਲਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪੰਜਾਬ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਵਿਚਲੇ ਡਰਾਇਵਰਾਂ ਤੇ ਟੈਕਨੀਕਲ ਮੁਲਾਜਮਾਂ ਨੇ ਧਰਨਾ ਦੇ ਕੇ ਕੀਤੀ ਰੈਲੀ



**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਰਜਿ:) 1680 ਸਟੇਟ ਸਬ ਕਮੇਟੀ ਡਰਾਇਵਰ ਤੇ ਟੈਕਨੀਕਲ ਇੰਪਲਾਈਜ਼, ਪੰਜਾਬ ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ) 1680 ਸਬ ਦਫਤਰ ਐਸ.ਏ.ਐਸ. ਨਗਰ ਮੋਹਾਲੀ ਵਲੋਂ ਮੁੱਖ ਇੰਜੀਨੀਅਰ ਪੰਜਾਬ ਦੇ ਦਫਤਰ ਨਿਰਮਾਣ ਭਵਨ ਮਿੰਨੀ ਸਕੱਤਰੇਤ ਵਿਖੇ ਆਪਣੀਆਂ ਮੰਗਾਂ ਸਮੇਤ ਪਦ ਉਨਤੀਆਂ ਨੂੰ ਲੈ ਕੇ ਧਰਨਾ ਦੇਣ ਉਪਰੰਤ ਰੈਲੀ ਕੀਤੀ ਅਤੇ ਤਿੰਨ ਘੰਟੇ ਤੱਕ ਮੁੱਖ ਇੰਜੀਨੀਅਰ ਦਫਤਰ ਦਾ ਘੇਰਾਓ ਕੀਤਾ। ਮੁੱਖ ਇੰਜੀਨੀਅਰ ਸ੍ਰ. ਏ.ਐਸ. ਆਨੰਦ ਦੇ ਸੱਦੇ ਤੇ ਉਹਨਾਂ ਨਾਲ ਲੰਮਾ ਸਮਾਂ ਚੱਲੀ ਗੱਲਬਾਤ ਉਪਰੰਤ ਘੇਰਾਓ ਖਤਮ ਕੀਤਾ ਗਿਆ। ਇਸ ਮੌਕੇ ਤੇ ਰੋਸ ਭਰਪੂਰ ਰੈਲੀ ਵੀ ਕੀਤੀ ਗਈ। ਫੈਡਰੇਸ਼ਨ ਦੇ ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਡਰਾਇਵਰ ਤੇ ਟੈਕਨੀਕਲ ਯੂਨੀਅਨ ਦੇ ਸੂਬਾ ਪ੍ਰਧਾਨ ਦਲਵੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਸੋਮਨਾਥ, ਗੁਰਨਾਮ ਸਿੰਘ, ਜਨਰਲ ਸਕੱਤਰ ਵਰਿੰਦਰ ਸਿੰਘ, ਮੁੱਖ ਸਲਾਹਕਾਰ ਬਲਰਾਜ ਸ਼ਰਮਾ, ਕਾਰਜਕਾਰੀ ਮੈਂਬਰਜ ਨਾਰੰਗ ਸਿੰਘ, ਸ਼ਮਿੰਦਰ ਸਿੰਘ ਸਮੇਤ ਨਿਸ਼ਾ ਰਾਣੀ, ਹਰਨਾਮ ਸਿੰਘ, ਹਰਦੀਪ ਸਿੰਘ, ਸਤਨਾਮ ਸਿੰਘ, ਇੰਦਰ ਸਿੰਘ ਫਤਿਹਗੜ੍ਹ ਸਾਹਿਬ, ਆਦਿ ਇੱਕ ਦਰਜਨ ਤੋਂ ਵੀ ਵੱਧ ਆਗੂ ਸ਼ਾਮਲ ਹੋਏ, ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਵਿਭਾਗ ਵਿਚਲਿਆ ਡਰਾਇਵਰਾਂ ਦੀ ਬਦਲੀਆਂ ਵਾਪਸ ਕਰਨਾ, ਕੰਡਮ ਵਹਿਕਲਾਂ ਨੂੰ ਬੋਲੀ ਕਰਵਾ ਕੇ ਇਹਨਾਂ ਦੀ ਥਾਂ ਤੇ ਘੱਟੋ-ਘੱਟ 50 ਵਹਿਕਲ ਦਫਤਰਾਂ ਦੀ ਵਰਤੋ ਲਈ, ਨਵੇਂ ਖਰੀਦ ਕਰਨੇ, ਬਗਾਰਾਂ ਵਿੱਚ ਚਲ ਰਹੇ ਵਹਿਕਲਾ ਨੂੰ ਵਿਭਾਗ ਵਿੱਚ ਖਪਾਉਣਾ, ਇਹਨਾਂ ਵਹਿਕਲਾਂ ਤੇ ਲਗਾਤਾਰ ਕੰਮ ਕਰ ਰਹੇ, ਆਊਟ ਸੋਰਸ ਡਰਾਇਵਰਾਂ ਨੂੰ ਮਾਨਯੋਗ ਸੁਪਰੀਮ ਕੋਰਟ ਦੇ ਤਾਜੇ ਫੈਸਲੇ ਦੀ ਰੋਸ਼ਨੀ ਵਿੱਚ ਵਿਭਾਗ ਵਿੱਚ ਖਪਾਉਣਾ, ਬਰਾਬਰ-ਕੰਮ-ਬਰਾਬਰ ਤਨਖਾਹ ਦੇਣਾ ਅਤੇ ਸੇਵਾਵਾਂ ਦੀਆਂ ਨਿਯਮਤ ਨਿਯੁਕਤੀਆਂ ਕਰਨਾ, ਵਿਭਾਗ ਵਿਚਲਿਆਂ ਫੋਰਮੈਨਾਂ ਦੀਆਂ ਅਸਾਮੀਆਂ ਤੇ ਪਦ-ਉਨਤ ਕਰਨਾ, ਫੀਲਡ ਦੇ ਕਲਿਨਰਾਂ ਨੂੰ ਡਰਾਇਵਰ ਪਦ ਉਨਤ ਕਰਨਾ, ਵਰਦੀਆਂ ਦੇਣਾ, ਵਹਿਕਲਾਂ ਦੀ ਮੁਰੰਮਤਾ ਸਮੇਂ ਸਿਰ ਕਰਵਾਉਣਾ, ਡਰਾਇਵਰਾਂ ਦੇ ਆਰਾਮ ਲਈ ਫੀਲਡ ਦਫਤਰਾਂ ਵਿੱਚ ਵਿਸ਼ਰਾਮ ਦਾ ਪ੍ਰਬੰਧ ਕਰਨਾ, ਬਗਾਰਾਂ ਕਰਵਾਉਣਾ ਬੰਦ ਕਰਨਾ, ਮਾਨਯੋਗ ਅਦਾਲਤਾਂ ਦੇ ਫੈਸਲੇ ਅਨੁਸਾਰ ਉਚੇਰਾ ਤਨਖਾਹ ਸਕੇਲ ਡਿਊ ਮਿਤੀ ਤੋਂ ਦੇਣਾ ਅਤੇ ਇਸ ਸਾਰਾ ਬਕਾਇਆ ਦੇਣਾ, ਵਿਭਾਗ ਦੇ ਬਿਜਲੀ ਵਿੰਗ ਵਿੱਚ ਟੈਕਨੀਕਲ ਦੀਆਂ ਪਦ ਉਨਤੀਆਂ ਕਰਨਾ, ਆਦਿ-ਆਦਿ ਡੇਡ ਦਰਜਨ ਇਸ਼ੂ ਸ਼ਾਮਲ ਸਨ। ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਪ੍ਰਧਾਨ ਡਰਾਇਵਰ ਤੇ ਟੈਕਨੀਕਲ ਦੇ ਸੂਬਾ ਪ੍ਰਧਾਨ ਦਲਬੀਰ ਸਿੰਘ ਨੇ ਇਸ ਪ੍ਰੈਸ ਨੋਟ ਰਾਹੀਂ ਕਿਹਾ ਕਿ ਵਿਭਾਗ ਦੇ ਮੋਹਾਲੀ ਸਮੇਤ ਖੇਤਰੀ ਸਰਕਲਾਂ ਤੇ ਮੰਡਲਾਂ ਅਧੀਨ ਸੈਂਕੜੇ ਕੰਡਮ ਵਹਿਲਕ ਖੜੇ ਹਨ, ਜ਼ੋ ਗਲ ਸੜ ਰਹੇ ਹਨ। ਇਨ੍ਹਾਂ ਕੰਡਮ ਵਹਿਕਲਾਂ ਵੇਚ ਕੇ ਨਵੇਂ ਵਹਿਕਲ ਖਰੀਦੇ ਜਾ ਸਕਦੇ ਹਨ। ਇਹਨਾਂ ਆਗੂਆਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਵਿਭਾਗ ਨੇ ਵੱਡੀ ਗਿਣਤੀ ਵਿੱਚ ਵਹਿਕਲ ਪ੍ਰਾਈਵੇਟ ਕਿਲੋਮੀਟਰ ਸਕੀਮ ਤੇ ਸਮੇਤ ਡਰਾਇਵਰ ਲਏ ਹੋਏ ਹਨ, ਲੱਖਾਂ-ਲੱਖਾਂ ਰੁਪਏ ਹਰ ਮਹੀਨੇ ਖਰਚੇ ਜਾ ਰਹੇ ਹਨ ਤੇ ਵਿਭਾਗੀ ਡਰਾਇਵਰਾਂ ਨੂੰ ਸਰਪਲੱਸ ਘੋਸ਼ਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ ਆਪਣੇ ਵਹਿਕਲ ਖਰੀਦੇ ਜਾਣ ਤਾਂ ਜ਼ੋ ਸਰਕਾਰ ਦਾ ਹਰ ਸਾਲ ਕਰੋੜਾਂ ਰੁਪਏ ਬਚ ਸਕਦਾ ਹੈ। ਇਸ ਤਰ੍ਹਾਂ ਮੁੱਖ ਇੰਜੀਨੀਅਰ ਵਲੋਂ ਬਦਲੀਆ ਅਰਜਸਟ ਕਰਨ ਸਮੇਤ ਬਾਕੀ ਮੰਗਾਂ ਲਈ ਇੱਕ ਰਵਿਊ ਮੀਟਿੰਗ ਅਪ੍ਰੈਲ ਮਹੀਨੇ ਦੇ ਪਹਿਲੇ ਹਫਤੇ ਵਿੱਚ ਇੱਕ ਪੈਨਲ ਮੀਟਿੰਗ ਮੁੱਖ ਇੰਜੀਨੀਅਰ ਹੈਡ ਕੁਆਟਰ 1 ਤੇ 3, ਬਿਜਲੀ, ਮਕੈਨਿਕਲ ਤੇ ਸਬੰਧਤ ਅਧਿਕਾਰੀਆਂ ਨਾਲ ਕੀਤੀ ਜਾਵੇਗੀ। ਇਹਨਾਂ ਆਗੂਆਂ ਨੇ ਦੱਸਿਆ ਕਿ ਮੰਗਾਂ ਪ੍ਰਵਾਨ ਕਰਨ ਤੇ ਲਾਗੂ ਕਰਨ ਦਾ ਭਰੋਸਾ ਦੇਣ ਤੇ ਧਰਨਾ ਖਤਮ ਕੀਤਾ ਗਿਆ। ਇਹਨਾਂ ਆਗੂਆਂ ਨੇ ਇਹ ਵੀ ਸਪਸ਼ਟ ਕੀਤਾ ਕਿ ਜੇਕਰ ਵਿਚਾਰੀਆਂ ਮੰਗਾਂ 15 ਦਿਨਾਂ ਵਿੱਚ ਲਾਗੂ ਨਾ ਕੀਤੀਆਂ ਗਈਆਂ ਤਾਂ ਸੰਘਰਸ਼ ਮੁੜ ਸ਼ੁਰੂ ਕੀਤਾ ਜਾਵੇਗਾ।

# ਚਿਲਡਰਨ ਮਮੋਰੀਅਲ ਸਕੂਲ ਨੇ ਕਰਵਾਇਆ ਇਨਾਮ ਵੰਡ ਸਮਾਰੋਹ




**ਪਟਿਆਲਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚਿਲਡਰਨ ਮੈਮੋਰੀਅਲ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪਟਿਆਲਾ ਵਿਖੇ ਕਲਾਸਾ ਦੇ ਫਾਈਨਲ ਨਤੀਜਿਆਂ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਮੇਅਰ ਕੁੰਦਨ ਗੋਗੀਆ ਪਹੁੰਚੇ। ਪ੍ਰੋਗਰਾਮ ਦੀ ਸ਼ੁਰੂਆਤ ਡਾਕਟਰ ਮੀਨਾ ਗਰਗ (ਪ੍ਰਸਿੱਧ ਸਮਾਜ ਸੇਵਕ) ਜਸ ਧੰਨੋਆ ਨਿਰਮਾਤਾ ਜਸ਼ਨ ਇੰਟਰਟੇਨਮੈਂਟ ਸਕੂਲ ਦੀ ਮੈਨੇਜਮੈਂਟ ਨੇ ਸ਼ਮਾਂ ਰੌਸ਼ਨ ਕਰਕੇ ਕੀਤੀ। ਇਸ ਮੌਕੇ ਸ਼ਹਿਰ ਦੀਆਂ ਉੱਘੀਆਂ ਹਸਤੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਮਾਪੇ ਅਤੇ ਬੱਚੇ ਬਹੁਤ ਖੁਸ਼ ਨਜ਼ਰ ਆਏ।ਕਲਾਸ ਵਿੱਚੋਂ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਨਤੀਜਾ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਪਹੁੰਚੇ 25 ਮਾਪਿਆਂ ਨੂੰ ਸਕੂਲ ਵੱਲੋਂ ਪੌਦੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੱਚਿਆਂ ਨੇ ਰੰਗਾਂ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਜੀ ਨੇ ਇਸ ਪ੍ਰੋਗਰਾਮ ਵਿੱਚ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਡਾਕਟਰ ਮੀਨਾ ਗਰਗ ਜੀ ਨੇ ਪਹੁੰਚ ਕੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜਸ ਧੰਨੋਆ ਨਿਰਮਾਤਾ ਜਸ਼ਨ ਇੰਟਰਟੇਨਮੈਂਟ ਅਤੇ ਬਿੱਟੂ ਰੰਧਾਵਾ ਜੀ ਨੇ ਸ਼ਿਰਕਤ ਕੀਤੀ ਅਤੇ ਸਕੂਲ ਨੂੰ ਵਿੱਤੀ ਸਹਾਇਤਾ ਵੀ ਦਿੱਤੀ। ਉੱਘੇ ਸਮਾਜ ਸੇਵੀ ਸੰਜੇ ਗੋਇਲ ਜੀ ਨੇ ਵੀ ਸਕੂਲ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ। ਰਾਕੇਸ਼ ਠਾਕੁਰ ਡਾਇਰੈਕਟਰ ਰਾਸ਼ਟਰੀਆ ਜਯੋਤੀ ਕਲਾ ਮੰਚ ਜੀ ਨੇ ਪਹੁੰਚ ਕੇ ਪ੍ਰੋਗਰਾਮ ਨੂੰ ਸਚਾਰੂ ਢੰਗ ਨਾਲ ਚਲਾਇਆ। ਉੱਘੇ ਸਮਾਜ ਸੇਵੀ ਸੰਦੀਪ ਰਾਜਾ ਤੁੜ ਜੀ ਨੇ ਪਹੁੰਚ ਕੇ ਪ੍ਰੋਗਰਾਮ ਦੀ ਸ਼ਾਨ ਵਧਾਈ। ਸਕੂਲ ਦੇ ਚੇਅਰਮੈਨ ਸ੍ਰੀ ਅਤੁਲ ਮਲਹੋਤਰਾ ਫਾਇਨਾਂਸ ਸੈਕਟਰੀ ਸਿਮਲਾ ਸਿੰਗਲਾ ਅਤੇ ਸੈਕਟਰੀ ਸ. ਚਿਰਨਜੀਵ ਸਿੰਘ ਵਿਰਮਾਨੀ ਜੀ ਨੇ ਵੀ ਸ਼ਿਰਕਤ ਕੀਤੀ। ਸਕੂਲ ਦੇ ਪ੍ਰਿੰਸੀਪਲ ਹਰਮਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਚੰਗੇ ਭਵਿੱਖ ਲਈ ਅਸ਼ੀਰਵਾਦ ਦਿੱਤਾ।

# ਸ਼੍ਰੀ ਸੂਰਜਕੁੰਡ ਸਰਵਹਿੱਤਕਾਰੀ ਵਿੱਦਿਆ ਮੰਦਿਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ



**ਸੁਨਾਮ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਹਨਤ ਅਤੇ ਅਨੁਸ਼ਾਸਨ ਅਤੇ ਸਮਰਪਣ ਹੀ ਸਫਲਤਾ ਦੀ ਅਸਲ ਕੁੰਜੀ ਹੈ। ਇਸੇ ਪ੍ਰੇਰਨਾਦਾਇਕ ਉਦੇਸ਼ ਨਾਲ ਸਥਾਨਕ ਸ਼੍ਰੀ ਸੂਰਜਕੁੰਡ ਸਰਵਹਿੱਤਕਾਰੀ ਵਿੱਦਿਆ ਮੰਦਿਰ ਵਿਖੇ ਬੀਤੇ ਵਿਦਿਅਕ ਵਰ੍ਹੇ (2025-26) ਦੀ ਸਫਲਤਾ ਲਈ ਸ਼ੁਕਰਾਨਾ ਕਰਨ ਅਤੇ ਨਵੇਂ ਵਿੱਦਿਅਕ ਸੈਸ਼ਨ (2026-27) ਦੇ ਸ਼ੁਭ ਆਰੰਭ ਨਮਿਤ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਪਾਵਨ ਮੌਕੇ 'ਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ, ਪ੍ਰਿੰਸੀਪਲ, ਸਮੂਹ ਸਟਾਫ਼, ਵਿਦਿਆਰਥੀਆਂ ਅਤੇ ਮਾਪਿਆਂ ਨੇ ਬੜੀ ਸ਼ਰਧਾ ਨਾਲ ਸ਼ਮੂਲੀਅਤ ਕੀਤੀ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੇ ਸਾਲਾਨਾ ਨਤੀਜੇ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ ਅਤੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ।

ਸਕੂਲ ਪ੍ਰਿੰਸੀਪਲ ਅਮਿਤ ਡੋਗਰਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਕੂਲ ਦੀਆਂ ਮਾਣਮੱਤੀ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਸਕੂਲ ਦਾ ਨਤੀਜਾ ਪਿਛਲੇ ਕਈ ਸਾਲਾਂ ਤੋਂ ਸਰਵੋਤਮ ਰਿਹਾ ਹੈ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਇਸੇ ਲੜੀ ਤਹਿਤ ਵਿਦਿਆਰਥੀਆਂ ਨੂੰ ਸਰਬਪੱਖੀ ਵਿਕਾਸ ਪੁਰਸਕਾਰ, ਸਮਰਪਣ ਪੁਰਸਕਾਰ, 100% ਹਾਜ਼ਰੀ ਪੁਰਸਕਾਰ, ਐਨ.ਸੀ.ਸੀ. ਅਤੇ ਜੀਨੀਅਸ ਪ੍ਰੀਖਿਆ ਪੁਰਸਕਾਰ ਵੀ ਦਿੱਤੇ ਗਏ। ਇਸ ਮੌਕੇ ਹਰ ਵਿਸ਼ੇ ਨਾਲ ਸਬੰਧਤ ਇੱਕ ਆਕਰਸ਼ਕ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸਦੀ ਸਭ ਨੇ ਭਰਪੂਰ ਸ਼ਲਾਘਾ ਕੀਤੀ। ਪ੍ਰੋਗਰਾਮ ਵਿੱਚ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਰਾਜ, ਦੀਵਾਨ, ਪਿਆਰੇ ਲਾਲ, ਡਾ. ਰਾਜੀਵ, ਰਾਜਿੰਦਰ ਗੋਇਲ, ਸਤੀਸ਼, ਯੋਗੇਸ਼, ਡਾ. ਮਨੋਜ ਅਤੇ ਅਸ਼ਵਨੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਅੰਤ ਵਿੱਚ ਸਮੂਹ ਹਾਜ਼ਰੀਨ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਪ੍ਰੋਗਰਾਮ ਦੀ ਸਮਾਪਤੀ ਬੜੇ ਹੀ ਉਤਸ਼ਾਹ ਅਤੇ ਖ਼ੁਸ਼ੀ ਨਾਲ ਹੋਈ।

# ਹਰਮੀਤ ਸਿੰਘ ਕਾਲਕਾ ਦੀ ਮਾਤਾ ਸ੍ਰੀਮਤੀ ਪ੍ਰੀਤ ਮੋਹਿਨੀ ਕੌਰ ਜੀ ਨੂੰ ਅੰਤਿਮ ਵਿਦਾਈ ਦੌਰਾਨ ਸਮਾਜ ਦੇ ਹਰ ਵਰਗ ਵੱਲੋਂ ਨਮਨ ਅੱਖਾਂ ਨਾਲ ਸ਼ਰਧਾਂਜਲੀ



**ਨਵੀਂ ਦਿੱਲੀ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਜੀ ਦੀ ਸਤਿਕਾਰਯੋਗ ਮਾਤਾ ਸ੍ਰੀਮਤੀ ਪ੍ਰੀਤ ਮੋਹਿਨੀ ਕੌਰ ਜੀ ਦਾ ਕੱਲ੍ਹ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦਾ ਅੱਜ ਲੋਧੀ ਰੋਡ ਸ਼ਮਸ਼ਾਨ ਘਾਟ ਵਿਖੇ ਪੂਰਨ ਸਿੱਖੀ ਰਸਮਾਂ ਅਨੁਸਾਰ ਅੰਤਿਮ ਸੰਸਕਾਰ ਕੀਤਾ ਗਿਆ।

ਇਸ ਦੁਖਦਾਈ ਮੌਕੇ 'ਤੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸੰਬੰਧਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ੍ਰੀਮਤੀ ਪ੍ਰੀਤ ਮੋਹਿਨੀ ਕੌਰ ਜੀ ਨੂੰ ਨਮਨ ਅੱਖਾਂ ਨਾਲ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਸਰਦਾਰ ਹਰਮੀਤ ਸਿੰਘ ਕਾਲਕਾ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ 'ਤੇ ਦਿੱਲੀ ਸਰਕਾਰ ਦੇ ਕੈਬਿਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਅਤੇ ਦਿੱਲੀ ਦੇ ਉਪਰਾਜਪਾਲ ਸ੍ਰੀ ਤਰਨਜੀਤ ਸਿੰਘ ਸੰਧੂ ਸਮੇਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸਮਾਜ ਦੇ ਪ੍ਰਮੁੱਖ ਪ੍ਰਤੀਨਿਧਾਂ ਮੌਕੇ 'ਤੇ ਪਹੁੰਚ ਕੇ ਦੁਖੀ ਪਰਿਵਾਰ ਨਾਲ ਅਫਸੋਸ ਪ੍ਰਗਟ ਕੀਤੀ ਅਤੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਸ੍ਰੀਮਤੀ ਪ੍ਰੀਤ ਮੋਹਿਨੀ ਕੌਰ ਦੀ ਅੰਗੀਠਾ ਸੰਭਾਲ ਦੀ ਰਸਮ ਕੱਲ੍ਹ ਸਵੇਰੇ 8.00 ਵਜੇ ਲੋਧੀ ਰੋਡ ਸ਼ਮਸ਼ਾਨ ਘਾਟ ਵਿਖੇ ਅਦਾ ਕੀਤੀ ਜਾਵੇਗੀ।

ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਿੱਛੇ ਰਹਿੰਦੇ ਪਰਿਵਾਰ ਨੂੰ ਇਹ ਅਪਾਰ ਦੁੱਖ ਸਹਿਣ ਦੀ ਤਾਕਤ ਬਖ਼ਸ਼ਣ।

# ਦਿੱਲੀ ਫ਼ਤਹਿ ਦਿਵਸ ਮਨਾਉਣ ਲਈ ਇਸਤਰੀ ਵਿੰਗ ਦੀ ਸਰਗਰਮ ਭਾਗੀਦਾਰੀ : ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਮੀਤ ਸਿੰਘ ਕਾਲਕਾ ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸ ਦੀ ਮਹਾਨ ਘਟਨਾ ਦਿੱਲੀ ਫ਼ਤਹਿ ਦੀ ਯਾਦ ਨੂੰ ਸਮਰਪਿਤ 28 ਅਤੇ 29 ਮਾਰਚ ਨੂੰ ਬੜੇ ਉਤਸ਼ਾਹ, ਸ਼ਾਨ ਅਤੇ ਸੰਗਤ ਦੀ ਵਿਸ਼ਾਲ ਭਾਗੀਦਾਰੀ ਨਾਲ ਦਿੱਲੀ ਫ਼ਤਹਿ ਦਿਵਸ ਮਨਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਹ ਇਤਿਹਾਸਕ ਫ਼ਤਹਿ ਮਹਾਨ ਸਿੱਖ ਜਰਨੈਲਾਂ — ਬਾਬਾ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਤਾਰਾ ਸਿੰਘ ਘੇਬਾ ਅਤੇ ਮਹਾਂ ਸਿੰਘ ਸ਼ੁਕਰਚੱਕੀਆ ਦੀ ਅਗਵਾਈ ਹੇਠ ਸਿੰਘਾਂ ਵੱਲੋਂ ਪ੍ਰਾਪਤ ਕੀਤੀ ਗਈ ਸੀ, ਜਿਸ ਨੇ ਸਿੱਖ ਕੌਮ ਦੇ ਬਹਾਦਰੀ, ਅਟੱਲ ਵਿਸ਼ਵਾਸ ਅਤੇ ਕੁਰਬਾਨੀ ਦੀ ਅਮਿੱਟ ਛਾਪ ਇਤਿਹਾਸ ਵਿੱਚ ਦਰਜ ਕੀਤੀ।

ਇਸ ਵਿਸ਼ੇਸ਼ ਸਮਾਗਮ ਦੀ ਸੁਚਾਰੂ ਤਿਆਰੀ ਲਈ ਡੀ.ਐਸ.ਜੀ.ਐਮ.ਸੀ. ਦੇ ਦਫ਼ਤਰ ਦੇ ਕਾਨਫਰੰਸ ਹਾਲ ਵਿੱਚ ਇਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਇਸਤਰੀ ਵਿੰਗ ਦੀਆਂ ਬੀਬੀਆਂ ਨੇ ਵੀ ਸਰਗਰਮ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸਮਾਗਮ ਨੂੰ ਵੱਡੇ ਪੱਧਰ 'ਤੇ ਮਨਾਉਣ, ਸੰਗਤ ਦੀ ਵੱਡੀ ਭਾਗੀਦਾਰੀ ਯਕੀਨੀ ਬਣਾਉਣ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਵਿਚਾਰ-ਵਟਾਂਦਰਾ ਕੀਤਾ ਗਿਆ।ਸਰਦਾਰ ਕਾਲਕਾ ਨੇ ਕਿਹਾ ਕਿ ਦਿੱਲੀ ਫ਼ਤਹਿ ਦਿਵਸ ਸਿਰਫ਼ ਇੱਕ ਇਤਿਹਾਸਕ ਯਾਦਗਾਰ ਨਹੀਂ, ਸਗੋਂ ਸਿੱਖ ਕੌਮ ਦੀ ਸ਼ਾਨ, ਅਤੇ ਕੁਰਬਾਨੀ ਦੀ ਰੂਹ ਦਾ ਪ੍ਰਤੀਕ ਹੈ, ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਮੇਂ ਦੀ ਮਹੱਤਵਪੂਰਨ ਲੋੜ ਹੈ। ਉਨ੍ਹਾਂ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਇਤਿਹਾਸਕ ਦਿਵਸ ਨੂੰ ਸ਼ਾਨਦਾਰ ਢੰਗ ਨਾਲ ਮਨਾਇਆ ਜਾਵੇ।

# ਸਪੀਕਰ ਸੰਧਵਾਂ ਦੀ ਅਗਵਾਈ ਹੇਠ ਵਿਧਾਇਕਾਂ ਦੇ ਵ਼ਫ਼ਦ ਵੱਲੋਂ ਸਮਾਣਾ ਟਾਵਰ ਮੋਰਚੇ ਦੀ ਸੰਗਤ ਨਾਲ ਮੁਲਾਕਾਤ



**ਸਮਾਣਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਇਕਾਂ ਦੇ ਵਫ਼ਦ ਨੂੰ ਨਾਲ ਲੈ ਕੇ ਅੱਜ ਸਮਾਣਾ ਟਾਵਰ ਮੋਰਚੇ ਦੀ ਸੰਗਤ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸਪੀਕਰ ਸੰਧਵਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿਖੇ ਸੰਗਤ ਦੇ ਵਿਸ਼ਾਲ ਇਕੱਠ ਵਿੱਚ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008 ਵਿੱਚ ਸੋਧ ਕਰਨ ਅਤੇ ਸਖ਼ਤ ਕਾਨੂੰਨ ਲਿਆਉਣ ਲਈ 13 ਅਪ੍ਰੈਲ ਨੂੰ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਪਾਸ ਕੀਤੇ ਗਏ ਕਾਨੂੰਨ ਦਾ ਖਰੜਾ ਲੈਕੇ ਉਹ 14 ਅਪ੍ਰੈਲ ਨੂੰ ਸਮਾਣਾ ਮੋਰਚੇ ਵਿੱਚ ਪੁੱਜਣਗੇ। ਇਸ ਮੌਕੇ ਉਹ ਖੁਦ ਇਸ ਪਾਸ ਕਾਨੂੰਨ ਦਾ ਖਰੜਾ ਅਕਤੂਬਰ 2024 ਤੋਂ ਟਾਵਰ ਉੱਤੇ ਬੈਠੇ ਭਾਈ ਗੁਰਜੀਤ ਸਿੰਘ ਖ਼ਾਲਸਾ ਨੂੰ ਸੌਂਪਣਗੇ।

ਇਸ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਬਲਤੇਜ ਪੰਨੂ, ਸੰਤ ਸਮਾਜ ਵੱਲੋਂ ਬਾਬਾ ਭੁਪਿੰਦਰ ਸਿੰਘ ਰਾਮਪੁਰ ਖੇੜੇ ਵਾਲੇ, ਵਿਧਾਨ ਸਭਾ ਦੀ ਸਿਲੈਕਟ ਕਮੇਟੀ ਦੇ ਚੇਅਰਮੈਨ ਡਾ. ਇੰਦਰਬੀਰ ਸਿੰਘ ਨਿੱਜਰ, ਚੇਤਨ ਸਿੰਘ ਜੌੜਾਮਾਜਰਾ, ਅਜੀਤਪਾਲ ਸਿੰਘ ਕੋਹਲੀ, ਗੁਰਲਾਲ ਘਨੌਰ, ਨਰਿੰਦਰ ਕੌਰ ਭਰਾਜ, ਗੁਰਦੇਵ ਸਿੰਘ ਦੇਵ ਮਾਨ ਅਤੇ ਕੁਲਵੰਤ ਸਿੰਘ ਬਾਜ਼ੀਗਰ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਮੋਰਚੇ ਦੇ ਆਗੂਆਂ ਨਾਲ ਕੀਤੀ ਗਈ ਬੈਠਕ ਵਿੱਚ ਸਮਾਣਾ ਮੋਰਚੇ ਦੇ ਕੋਆਰਡੀਨੇਟਰ ਗੁਰਪ੍ਰੀਤ ਸਿੰਘ, ਅਮਿਤੋਜ ਸਿੰਘ ਮਾਨ, ਪੁਸ਼ਪਿੰਦਰ ਸਿੰਘ ਕਾਕਾ, ਤਲਵਿੰਦਰ ਸਿੰਘ ਔਲਖ, ਅਮਰਜੀਤ ਸਿੰਘ ਮਰਿਆਦਾ ਅਤੇ ਕਾਕਾ ਸਿੰਘ ਕੋਟੜਾ ਸ਼ਾਮਲ ਸਨ। ਇਸ ਦੌਰਾਨ ਟਾਵਰ ਉਤੇ ਬੈਠੇ ਭਾਈ ਗੁਰਜੀਤ ਸਿੰਘ ਖ਼ਾਲਸਾ ਨੇ ਮੋਬਾਇਲ 'ਤੇ ਸਪੀਕਰ ਸੰਧਵਾਂ ਨਾਲ ਗੱਲਬਾਤ ਕਰਦਿਆਂ ਜਿੱਥੇ ਪੰਜਾਬ ਸਰਕਾਰ ਵੱਲੋਂ ਬੇਅਦਬੀ ਵਿਰੋਧੀ ਸਖ਼ਤ ਕਾਨੂੰਨ ਬਣਾਉਣ ਲਈ ਇਹ ਵਿਸ਼ੇਸ਼ ਸੈਸ਼ਨ ਸੱਦਣ 'ਤੇ ਧੰਨਵਾਦ ਕੀਤਾ ਉੱਥੇ ਹੀ ਕਿਹਾ ਕਿ ਉਹ ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਟਾਵਰ ਤੋਂ ਹੇਠਾਂ ਉਤਰ ਆਉਣਗੇ।

ਸੰਗਤ ਨੂੰ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਗੱਲੋਂ ਪੂਰੀ ਤਰ੍ਹਾਂ ਸੰਜੀਦਾ ਤੇ ਵਚਨਬੱਧ ਹੈ ਕਿ ਪ੍ਰਸਤਾਵਿਤ ਕਾਨੂੰਨ ਵਿੱਚ ਸਖ਼ਤ ਸਜ਼ਾ, ਭਾਰੀ ਜੁਰਮਾਨੇ, ਜਾਇਦਾਦ ਜ਼ਬਤ ਕਰਨ ਅਤੇ ਡਿਜੀਟਲ ਸਮੱਗਰੀ ਰਾਹੀਂ ਕੀਤੇ ਗਏ ਅਪਰਾਧਾਂ ਨੂੰ ਇਸ ਦੇ ਦਾਇਰੇ ਹੇਠ ਲਿਆਉਣ ਦੀ ਵਿਵਸਥਾ ਹੋਵੇਗੀ, ਜਿਸ ਦਾ ਖਰੜਾ ਸੰਤ ਸਮਾਜ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਤਿਆਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਤੇ ਦਿਨ ਹੀ ਸੰਤ ਸਮਾਜ ਨਾਲ ਬੈਠਕ ਕਰਕੇ ਸਰਕਾਰ ਦੀ ਮਨਸ਼ਾ ਤੋਂ ਪੂਰੀ ਸੰਗਤ ਨੂੰ ਜਾਣੂ ਕਰਵਾਇਆ ਹੈ। ਉਨ੍ਹਾਂ ਨੇ 'ਬੇਅਦਬੀ' ਵਿਰੋਧੀ ਇਤਿਹਾਸਕ ਕਾਨੂੰਨ ਲਿਆਉਣ ਲਈ ਸੰਤ ਸਮਾਜ ਦੇ ਸਹਿਯੋਗ ਵਾਸਤੇ ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਵੀ ਸੰਤ ਭੁਪਿੰਦਰ ਸਿੰਘ ਰਾਮ ਖੇੜਾ ਵਾਲੇ ਸੰਗਤ ਵਿੱਚ ਸ਼ਾਮਲ ਹੋਣ ਲਈ ਆਏ ਹਨ।

ਸਪੀਕਰ ਸੰਧਵਾਂ ਨੇ ਦੁਹਰਾਇਆ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਕੋਈ ਝੂਠਾ ਵਾਅਦਾ ਨਹੀਂ ਕਰਦੀ ਸਗੋਂ ਕੰਮ ਕਰਨ ਵਿੱਚ ਯਕੀਨ ਰੱਖਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕੋਈ ਲਿਹਾਜ਼ ਨਾ ਵਰਤਣ ਦੇ ਸਟੈਂਡ 'ਤੇ ਜ਼ੋਰ ਦੇ ਰਹੀ ਹੈ।

# ਰੰਧਾਵਾ ਖੁਦਖੁਸ਼ੀ ਮਾਮਲੇ ਦੀ ਹੋਵੇ ਸੀ ਬੀ ਆਈ ਜਾਂਚ : ਰੱਖੜਾ



**ਪਟਿਆਲਾ, 30 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਦੇ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਡੀ ਐਮ ਡਾਕਟਰ ਗਗਨਦੀਪ ਸਿੰਘ ਰੰਧਾਵਾ ਵੱਲੋਂ ਸਬੰਧਿਤ ਵਿਭਾਗ ਦੇ ਮੰਤਰੀ ਤੋ ਦੁਖੀ ਹੋ ਕੇ ਕੀਤੀ ਆਤਮ ਹੱਤਿਆ ਦੀ ਗਹਿਰੀ ਨਿੰਦਾ ਕਰਦੇ ਹੋਏ ਪੰਜਾਬ ਦੇ ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਘਟਨਾ ਬੇਹੱਦ ਮੰਦਭਾਗੀ ਹੈ ਜਿਸ ਨਾਲ ਰੰਧਾਵਾ ਪਰਿਵਾਰ ਨੂੰ ਇੱਕ ਨਾ ਪੂਰਾ ਹੋਣ ਵਾਲਾ ਜਿੱਥੇ ਘਾਟਾ ਪਿਆ ਹੈ ਉਥੇ ਹੀ ਇਸ ਖੁਦਕੁਸ਼ੀ ਮਾਮਲੇ ਤੋਂ ਸਾਫ ਪਤਾ ਚਲਦਾ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਦੇ ਮੰਤਰੀ ਕਿਵੇਂ ਲੁੱਟਾ ਕਸੂਟਾ ਸ਼ਰੇਆਮ ਕਰ ਰਹੇ ਹਨ ਲਿਹਾਜਾ ਅਧਿਕਾਰੀਆਂ ਨੂੰ ਜੀ ਇਹ ਕੰਮਾਂ ਲਈ ਧਮਕਾਉਣਾ ਬੇਹੱਦ ਮੰਦਭਾਗਾ ਹੈ ਰੱਖੜਾ ਨੇ ਕਿਹਾ ਕੀ ਗਗਨਦੀਪ ਰੰਧਾਵਾ ਨੇ ਆਤਮ ਹਤਿਆ ਕਰਨ ਤੋਂ ਪਹਿਲਾਂ ਜੋ 12 ਸਕਿੰਡ ਦੀ ਵੀਡੀਓ ਵਾਇਰਲ ਕੀਤੀ ਹੈ ਉਸ ਤੋਂ ਸਾਫ ਪਤਾ ਚੱਲਦਾ ਹੈ ਕਿ ਮੌਜੂਦਾ ਸਰਕਾਰ ਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਕਿਵੇਂ ਖੌਫ ਦੇ ਸਾਏ ਅੰਦਰ ਜੀਣ ਲਈ ਮਜਬੂਰ ਹਨ ਰੱਖੜਾ ਨੇ ਕਿਹਾ ਕੀ ਸੂਬੇ ਅੰਦਰ ਇਹ ਪਹਿਲੀ ਆਪ ਸਰਕਾਰ ਹੈ

ਜਿਸ ਦੀਆਂ ਧੱਕੇਸ਼ਾਹੀਆਂ ਕਾਰਨ ਹੁਣ ਪੰਜਾਬ ਦੇ ਅਧਿਕਾਰੀ ਵੀ ਆਤਮ ਹੱਤਿਆ ਕਰਨ ਲਈ ਮਜਬੂਰ ਹੋਣ ਲੱਗ ਪਏ ਹਨ ਉਨ੍ਹਾਂ ਨੂੰ ਕਿਹਾ ਕਿ ਇਹ ਸਮੁੱਚੇ ਮਾਮਲੇ ਦੀ ਤੁਰੰਤ ਸੀ ਬੀ ਆਈ ਜਾਂਚ ਸ਼ੁਰੂ ਹੋਣੀ ਚਾਹੀਦੀ ਹੈ ਤਾਂ ਜੋ ਸਰਕਾਰ ਦੇ ਮੰਤਰੀ ਦੀਆਂ ਹੋਰ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਪੋਲਾਂ ਖੁੱਲ ਸਕਣ ਜੇਕਰ ਟਰਾਂਸਪੋਰਟ ਮੰਤਰੀ ਟੈਂਡਰ ਘਪਲਿਆਂ ਵਿੱਚ ਸ਼ਾਮਿਲ ਹੈ ਤਾਂ ਬਾਕੀ ਦੇਵੀ ਭ੍ਰਿਸ਼ਟਾਚਾਰ ਦੇ ਮਾਮਲੇ ਜਾਂ ਉਪਰੰਤ ਸਾਹਮਣੇ ਆਉਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਉਹਨਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਵਾਲੀ ਸਰਕਾਰ ਖੁਦ ਭ੍ਰਿਸ਼ਟਾਚਾਰ ਦੀ ਆੜ ਵਿੱਚ ਪੰਜਾਬ ਦੇ ਖਜ਼ਾਨੇ ਨੂੰ ਖਾਣ ਤੇ ਲੱਗੀ ਹੋਈ ਹੈ ਰੱਖੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਆਪਣੀ ਸਰਕਾਰ ਦੀਆਂ ਵੱਡੀਆਂ ਵੱਡੀਆਂ ਗੱਲਾਂ ਦੇ ਦਮ ਗਜੇ ਮਰ ਰਹੇ ਹਨ ਪਰ ਡੀ ਐਮ ਰੰਧਾਵਾ ਦੀ ਮੌਤ ਤੋਂ ਬਾਅਦ ਇਹ ਸਾਫ ਹੋ ਚੁੱਕਿਆ ਹੈ ਕਿ ਸੂਬੇ ਅੰਦਰ ਆਪ ਸਰਕਾਰ ਵੀ ਭ੍ਰਿਸ਼ਟਾਚਾਰ ਦੀ ਲਪੇਟ ਵਿੱਚ ਹੈ ਜਿਸ ਦੇ ਮੰਤਰੀ ਅਤੇ ਵਿਧਾਇਕ ਖੁਦ ਭ੍ਰਿਸ਼ਟਾਚਾਰ ਦੇ ਸਿਸਟਮ ਵਿੱਚ ਲਿਪਤ ਹਨ

# ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਨੂੰ ਲੈ ਕੇ ਚੱਠਾ ਨੇ ਸ਼ਹਿਰੀ ਖੇਤਰ ਦੇ ਵਾਰਡਾਂ ਅੰਦਰ ਕੀਤੀਆਂ ਮੀਟਿੰਗਾਂ



**ਪਟਿਆਲਾ, 30 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਏਜੰਡੇ ਤੇ ਪੰਜਾਬ ਦੇ ਵਿਕਾਸ ਕਾਰਜ ਕਰਨਾ ਹੋਵੇਗਾ ਕਿਉਂਕਿ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਰਾਜ ਸੂਬੇ ਅੰਦਰ ਗਿਆ ਹੈ ਉਦੋਂ ਤੋਂ ਕਾਂਗਰਸ ਅਤੇ ਆਪ ਨੇ ਪੰਜਾਬ ਦਾ ਵਿਕਾਸ ਨਹੀਂ ਵਿਨਾਸ ਕਰਨ ਨੂੰ ਵੀ ਤਰਜੀਹ ਦਿੱਤੀ ਹੈ ਜਿਸ ਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪਟਿਆਲਾ ਦਿਹਾਤੀ ਦੇ ਸੀਨੀਅਰ ਆਗੂ ਜਸਪਾਲ ਸਿੰਘ ਬਿੱਟੂ ਚੱਠਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਚੱਠਾ ਦੀ ਅਗਵਾਈ ਹੇਠ 5 ਅਪ੍ਰੈਲ ਨੂੰ ਪਟਿਆਲਾ ਦਿਹਾਤੀ ਖੇਤਰ ਅੰਦਰ ਵੱਡੀ ਅਨਾਜ ਮੰਡੀ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਲੈ ਕੇ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕੀਤਾ ਹੋਇਆ ਹੈ ਜਿਸ ਸਬੰਧੀ ਪਿੰਡ ਮਿਰਜਾਪੁਰ, ਵਿਕਾਸ ਨਗਰ ,ਬਾਬਾ ਦੀਪ ਸਿੰਘ ਨਗਰ, ਬਾਬੂ ਸਿੰਘ ਕਲੋਨੀ ਆਦਿ ਸ਼ਹਿਰੀ ਖੇਤਰ ਅੰਦਰ ਪੂਰਾ ਦਿਨ ਲੋਕਾਂ ਨਾਲ ਮੀਟਿੰਗਾਂ ਕਰਕੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਕੀਤੇ ਕਾਰਜਾਂ ਪ੍ਰਤੀ ਜਾਗਰੂਕ ਕਰਾਇਆ ਜਾਵੇਗਾ ਉਹਨਾਂ ਸਮੁੱਚੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰੈਲੀ ਵਿੱਚ ਆ ਕੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੇ ਵਿਚਾਰ ਸੁਣਨ ਤਾਂ ਜੋ ਕਾਂਗਰਸ ਅਤੇ ਆਪ ਪਾਰਟੀ ਵੱਲੋਂ ਆਪੋ ਆਪਣੇ ਰਾਜ ਅੰਦਰ ਕੀਤੀ ਗਈ ਮਾੜੀ ਕਾਰਗੁਜ਼ਾਰੀ ਦਾ ਪਤਾ ਚੱਲ ਸਕੇ ਉਨ੍ਹਾ ਕਿਹਾ ਕੀ ਆਪ ਸਰਕਾਰ ਤੋਂ ਹੁਣ ਪੰਜਾਬ ਦੇ ਲੋਕਾਂ ਦਾ ਭਰੋਸਾ ਉੱਠ ਚੁੱਕਿਆ ਹੈ। ਤਾਂ ਹੀ ਸ਼੍ਰੋਮਣੀ ਅਕਾਲੀ ਦਲ ਦੀਆਂ ਰੈਲੀਆਂ ਵਿੱਚ ਹੋ ਰਿਹਾ ਬੇਹਤਾਸਾ ਇਕੱਠ ਇਹ ਸਾਬਤ ਕਰ ਰਿਹਾ ਕਿ ਪੰਜਾਬ ਦੇ ਲੋਕ ਭਵਿੱਖ ਵਿੱਚ ਆ ਰਹੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ

# ਹਲਕਾ ਕਾਦੀਆਂ ਦੇ ਚਹੁਪੱਖੀ ਲਗਾਤਾਰ ਯਤਨਸ਼ੀਲ ਹਾਂ : ਐਡਵੋਕੇਟ ਜਗਰੂਪ ਸਿੰਘ ਸੇਖਵਾਂ



**ਸ੍ਰੀ ਹਰਗੋਬਿੰਦਪੁਰ 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਦੀਆਂ ਵਿਧਾਨ ਸਭਾ ਹਲਕੇ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵਲੋਂ ਕਾਦੀਆਂ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਵਿਕਾਸ ਕਾਰਜਾਂ ਨੂੰ ਹੋਰ ਹੁਲਾਰਾ ਦਿੰਦਿਆਂ ਉਨ੍ਹਾਂ ਵਲੋਂ 5 ਕਰੋੜ ਦੀ ਲਾਗਤ ਨਾਲ ਰਣੀਆਂ ਤੋਂ ਜੋੜਾ ਛੱਤੜਾਂ ਰੋਡ ਤਕਰੀਬਨ 8.57 ਕਿਲੋਮੀਟਰ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਹਲਕਾ ਕਾਦੀਆਂ ਦੇ ਚਹੁਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡ ਵਾਸੀਆਂ ਦੀ ਮੰਗ ਪੂਰੀ ਕਰਦਿਆਂ ਲਗਾਤਾਰ ਹਲਕੇ ਅੰਦਰ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿੰਡਾਂ ਦੀਆਂ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤਾਂ ਜੋ ਰਾਹਗੀਰਾਂ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ।

ਉਨ੍ਹਾਂ ਦੁਹਰਾਇਆ ਕਿ ਪਿੰਡਾਂ ਵਿਖੇ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ।

ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਸੋਚ ਹੈ ਕਿ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਵੱਧ ਤੋਂ ਵੱਧ ਵਿਕਾਸ ਪ੍ਰੋਜੈਕਟ ਉਲੀਕੇ ਜਾਣ ਤਾਂ ਜੋ ਪਿੰਡ ਤੇ ਸ਼ਹਿਰ ਵਿਕਾਸ ਦੀਆਂ ਲੀਹਾਂ ਤੋਂ ਵਾਂਝੇ ਨਾ ਰਹਿਣ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਸੜਕਾਂ, ਗਲੀਆਂ, ਨਾਲੀਆਂ ਆਦਿ ਹਰ ਪੱਖੋਂ ਸਹੂਲਤਾਂ ਦੀ ਪੂਰਤੀ ਨਾਲ ਲੈੱਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਰਾਤ ਲੋਕ ਭਲਾਈ ਕਾਰਜਾਂ ਵਿਚ ਲੱਗੇ ਹੋਏ ਹਨ ਤਾਂ ਜੋ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਤੇ ਯੋਜਨਾਵਾਂ ਦਾ ਲਾਹਾ ਮੁਹੱਈਆ ਕਰਵਾਇਆ ਜਾ ਸਕੇ।

ਇਸ ਮੌਕੇ ਪਿੰਡਾਂ ਦੇ ਵਸਨੀਕਾਂ ਨੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਪਾਰਦਰਸ਼ੀ ਢੰਗ ਨਾਲ ਹਲਕੇ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ, ਜੋ ਬਹੁਤ ਸ਼ਲਾਘਾਯੋਗ ਹੈ।

# ਵਾਈਸ ਚੇਅਰਮੈਨ ਕੀਮਤੀ ਭਗਤ ਨੇ ਗਊਧਨ ਦੀ ਸਾਂਭ-ਸੰਭਾਲ ਤੇ ਸੁਰੱਖਿਆ ਲਈ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ



**ਬਠਿੰਡਾ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਗਊ ਸੇਵਾ ਕਮਿਸ਼ਨ ਦੇ ਵਾਈਸ ਚੇਅਰਮੈਨ ਸ੍ਰੀ ਕੀਮਤੀ ਭਗਤ ਵੱਲੋਂ ਅੱਜ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਗਊਧਨ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਗਊਸ਼ਾਲਾਵਾਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।

ਇਸ ਮੌਕੇ ਉਨ੍ਹਾਂ ਗਊਧਨ ਦੀ ਸੰਭਾਲ ਸਬੰਧੀ ਮੌਜੂਦਾ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਉਨ੍ਹਾਂ ਕਿਹਾ ਕਿ ਐੱਸ ਪੀ ਦੀ ਅਗਵਾਈ ਹੇਠ ਗਊ ਰੱਖਿਆ ਸੈੱਲ ਮੁੜ ਸੁਰਜੀਤ ਕੀਤਾ ਜਾਵੇਗਾ ਤਾਂ ਜੋ ਗਊ ਧਨ ਦੀ ਰੱਖਿਆ ਹਰ ਹਾਲ ਵਿਚ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਨੇ ਕਿਹਾ ਕਿ ਗਊਧਨ ਦੀ ਸੰਭਾਲ ਲਈ ਸਾਰੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲਾਵਾਰਸ ਗਊ ਵੰਸ਼ ਦੀ ਸੰਭਾਲ ਲਈ ਗਊਸ਼ਾਲਾ ਵਿਖੇ ਉਨ੍ਹਾਂ ਨੂੰ ਭੇਜ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੰਜਾਬ ਸਰਕਾਰ ਦੀਆਂ ਹਿਦਾਇਤਾਂ ਦੀ ਸਖ਼ਤ ਪਾਲਣਾ ਕੀਤੀ ਜਾਂਦਾ ਹੈ ।

ਸ਼੍ਰੀ ਕੀਮਤੀ ਭਗਤ ਨੇ ਨਗਰ ਨਿਗਮ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਲ 2016 ਤੋਂ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਗਊ ਸੇਵਾ ਸੈੱਸ ਬਾਰੇ ਮੁਕੰਮਲ ਰਿਪੋਰਟ ਤਿਆਰ ਕਰਕੇ ਪੇਸ਼ ਕੀਤੀ ਜਾਵੇ। ਇਸ ਤੋਂ ਇਲਾਵਾ ਉਹਨਾਂ ਪਿੰਡ ਹਰਰਾਏਪੁਰ ਵਿਖੇ ਬਣੀ ਸਰਕਾਰੀ ਕੈਟਲ ਪਾਊਂਡ ਗਊਸ਼ਾਲਾ ਵਿੱਚ ਗਊਧਨ ਦੀ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਉਸ ਦਾ ਦੌਰਾ ਕੀਤਾ ।

ਵਾਈਸ ਚੇਅਰਮੈਨ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਅੰਦਰ ਚੱਲ ਰਹੀਆਂ ਪ੍ਰਾਈਵੇਟ ਗਊਸ਼ਾਲਾਵਾਂ ਦੀ ਗਿਣਤੀ, ਉਥੇ ਪਸ਼ੂ ਪਾਲਣ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਡਾਕਟਰੀ ਸਹੂਲਤਾਂ ਅਤੇ ਦਵਾਈਆਂ ਸਬੰਧੀ ਵਿਸਥਾਰਪੂਰਵਕ ਰਿਪੋਰਟ ਜਮ੍ਹਾਂ ਕਰਵਾਈ ਜਾਵੇ। ਉਨ੍ਹਾਂ ਪ੍ਰਾਈਵੇਟ ਗਊਸ਼ਾਲਾਵਾਂ ਦੇ ਬਿਜਲੀ ਬਿਲਾਂ ਦੀ ਮਾਫ਼ੀ ਨਾਲ ਜੁੜੇ ਮਾਮਲਿਆਂ ਵਿੱਚ ਹੋ ਰਹੀ ਕਾਰਵਾਈ ਬਾਰੇ ਵੀ ਜਾਣਿਆ।

ਉਨ੍ਹਾਂ ਜ਼ੋਰ ਦਿੰਦਿਆ ਕਿਹਾ ਕਿ ਨਸਲ ਸੁਧਾਰ ਯੋਜਨਾ ਤਹਿਤ ਸਾਹੀਵਾਲ ਨਸਲ ਦਾ ਸੀਮਨ ਗਊਸ਼ਾਲਾਵਾਂ ਅਤੇ ਗਊ ਭਗਤਾਂ ਤੱਕ ਸਮੇਂ ਸਿਰ ਪਹੁੰਚਾਇਆ ਜਾਵੇ। ਇਸਦੇ ਨਾਲ ਹੀ ਸ਼ਹਿਰ ਅੰਦਰ ਡੇਅਰੀ ਫਾਰਮਾਂ ਵੱਲੋਂ ਗਊਧਨ ਨੂੰ ਸੜਕਾਂ 'ਤੇ ਛੱਡਣ ਦੀ ਪ੍ਰਵਿਰਤੀ 'ਤੇ ਸਖ਼ਤ ਕਾਰਵਾਈ ਕਰਨ ਲਈ ਕਿਹਾ ਗਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਵਾਰਾ ਗਊਆਂ ਨੂੰ ਫੜ ਕੇ ਗਊਸ਼ਾਲਾਵਾਂ ਵਿੱਚ ਰੱਖਣ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਗਊਸ਼ਾਲਾਵਾਂ ਵਿੱਚ ਗਊਧਨ ਦੀ ਵੈਕਸੀਨੇਸ਼ਨ ਸਮੇਂ ਸਿਰ ਕਰਵਾਉਣ 'ਤੇ ਵੀ ਖਾਸ ਜ਼ੋਰ ਦਿੱਤਾ।

ਇਸ ਮੀਟਿੰਗ ਵਿੱਚ ਪਸ਼ੂ ਪਾਲਣ ਵਿਭਾਗ, ਪੁਲਿਸ ਵਿਭਾਗ, ਨਗਰ ਨਿਗਮ ਅਤੇ ਗਊਧਨ ਨਾਲ ਸੰਬੰਧਿਤ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਨੁਮਾਇੰਦੇ ਹਾਜ਼ਰ ਸਨ।

# ਪ੍ਰਮੁੱਖ ਜ਼ਿਲ੍ਹਿਆਂ ਤੋਂ ਓ.ਟੀ.ਐਸ. ਸਕੀਮ ਤਹਿਤ 111.16 ਕਰੋੜ ਰੁਪਏ ਦੀ ਪ੍ਰਾਪਤੀ ਨਾਲ ਭਗਵੰਤ ਮਾਨ ਸਰਕਾਰ ਵਿੱਚ ਕਾਰੋਬਾਰੀਆਂ ਦਾ ਭਰੋਸਾ ਹੋਇਆ ਪ੍ਰਤੱਖ

**ਚੰਡੀਗੜ੍ਹ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਵੈਟ ਬਕਾਏ ਲਈ ਯਕਮੁਸ਼ਤ ਨਿਪਟਾਰਾ (ਓ.ਟੀ.ਐਸ.) ਸਕੀਮ ਨੂੰ ਭਾਰੀ ਹੁੰਗਾਰਾ ਮਿਲਿਆ ਹੈ, ਜਿਸ ਤਹਿਤ ਲਗਭਗ 298.39 ਕਰੋੜ ਰੁਪਏ ਦੇ ਬਕਾਏ ਵਾਲੀਆਂ 7,845 ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ 111.16 ਕਰੋੜ ਪ੍ਰਾਪਤ ਕੀਤੇ ਜਾ ਚੁੱਕੇ ਹਨ। ਪੁਰਾਣੇ ਟੈਕਸ ਬੋਝ ਨੂੰ ਖਤਮ ਕਰਨ ਦੇ ਨਾਲ-ਨਾਲ ਮਾਲੀਏ ਨੂੰ ਹੁਲਾਰਾ ਦੇਣ ਲਈ ਇਸ ਨੂੰ ਇੱਕ ਫੈਸਲਾਕੁੰਨ ਕਦਮ ਦੱਸਦਿਆਂ, ਵਿੱਤ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਇਸ ਰਾਹਤ ਦੀ ਸਮਾਂ ਸੀਮਾ 31 ਮਾਰਚ ਤੱਕ ਹੈ, ਜਿਸ ਤੋਂ ਬਾਅਦ ਸਰਕਾਰ ਸਖ਼ਤ ਵਸੂਲੀ ਦੇ ਮੋਡ ਵਿੱਚ ਆ ਜਾਵੇਗੀ, ਅਤੇ ਇਸ ਕਾਰਵਾਈ ਲਈ ਲਗਭਗ 8,000 ਜਾਇਦਾਦਾਂ ਦੀ ਪਹਿਲਾਂ ਹੀ ਪਛਾਣ ਕੀਤੀ ਜਾ ਚੁੱਕੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇਸ ਸਕੀਮ ਨਾਲ ਪਹਿਲਾਂ ਹੀ ਕੁੱਲ 111.16 ਕਰੋੜ ਰੁਪਏ ਦੀ ਪ੍ਰਾਪਤੀ ਹੋ ਚੁੱਕੀ ਹੈ। ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਰੋਪੜ ਡਿਵੀਜ਼ਨਾਂ ਦੀ ਸਰਗਰਮ ਸ਼ਮੂਲੀਅਤ ਸ਼ਲਾਘਾਯੋਗ ਹੈ। ਇਨ੍ਹਾਂ ਪ੍ਰਮੁੱਖ ਜ਼ਿਲ੍ਹਿਆਂ ਤੋਂ ਮਿਲਿਆ ਭਰਵਾਂ ਹੁੰਗਾਰਾ ਸਕੀਮ ਦੇ ਵੱਡੇ ਵਿੱਤੀ ਲਾਭਾਂ ਬਾਰੇ ਵੱਧ ਰਹੀ ਜਾਗਰੂਕਤਾ ਨੂੰ ਦਰਸਾਉਂਦਾ ਹੈ।

ਇੱਕ ਜ਼ੋਰਦਾਰ ਅਪੀਲ ਜਾਰੀ ਕਰਦਿਆਂ ਉਨ੍ਹਾਂ ਕਿਹਾ, ਕਿਉਂਕਿ ਇਹ ਸਕੀਮ 31 ਮਾਰਚ, 2026 ਨੂੰ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਰਹੀ ਹੈ, ਇਸ ਲਈ ਸਾਰੇ ਯੋਗ ਟੈਕਸਦਾਤਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਸੂਬੇ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਕਾਰੋਬਾਰੀਆਂ ਨੂੰ ਓ.ਟੀ.ਐਸ. ਖਿੜਕੀ ਪੱਕੇ ਤੌਰ 'ਤੇ ਬੰਦ ਹੋਣ ਤੋਂ ਪਹਿਲਾਂ ਲੰਬਿਤ ਵੈਟ ਬਕਾਏ ਹੱਲ ਕਰਨ ਅਤੇ ਸੂਬੇ ਦੇ ਟੈਕਸ ਢਾਂਚੇ ਨਾਲ ਸਹਿਜੇ ਹੀ ਜੁੜਨ ਦੇ ਇਸ ਆਖਰੀ ਮੌਕੇ ਨੂੰ ਨਹੀਂ ਗੁਆਉਣਾ ਚਾਹੀਦਾ। ਇਸ ਸਕੀਮ ਤਹਿਤ ਦਿੱਤੀ ਗਈ ਬੇਮਿਸਾਲ ਨਰਮੀ ਅਤੇ ਵੱਡੀਆਂ ਛੋਟਾਂ ਪੂਰੀ ਤਰ੍ਹਾਂ ਸਮਾਂਬੱਧ ਹਨ।

ਟੈਕਸਦਾਤਾਵਾਂ ਨੂੰ ਇਸ ਆਖਰੀ ਮੌਕੇ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕਰਦਿਆਂ, ਵਿੱਤ ਮੰਤਰੀ ਨੇ ਸੁਚੇਤ ਕੀਤਾ, ÷ਸਮਾਂ ਸੀਮਾ ਖਤਮ ਹੋਣ ਤੋਂ ਬਾਅਦ ਸੂਬਾ ਸਰਕਾਰ ਦਾ ਮੌਜੂਦਾ ਸਹੂਲਤਾਂ ਅਤੇ ਛੋਟਾਂ ਵਾਲਾ ਰਵੱਈਆ ਕੁਦਰਤੀ ਤੌਰ 'ਤੇ ਸਖ਼ਤ ਕਾਨੂੰਨੀ ਪਾਲਣਾ ਅਤੇ ਬਿਨਾਂ ਸਮਝੌਤੇ ਵਾਲੇ ਵਸੂਲੀ ਪ੍ਰੋਟੋਕੋਲ ਵਿੱਚ ਬਦਲ ਜਾਵੇਗਾ, ਜਿਸ ਨਾਲ ਨਿਪਟਾਰੇ ਵਾਲੇ ਰਹਿ ਗਏ ਪੁਰਾਣੇ ਖਾਤੇ ਬਿਨਾਂ ਕਿਸੇ ਛੋਟ ਦੇ ਆਮ ਕਾਨੂੰਨੀ ਜਾਂਚ ਦੇ ਘੇਰੇ ਵਿੱਚ ਆ ਜਾਣਗੇ।÷

ਵਿੱਤ ਮੰਤਰੀ ਨੇ ਅੱਗੇ ਕਿਹਾ ਕਿ 31 ਮਾਰਚ 2026 ਤੋਂ ਬਾਅਦ, ਜਿਨ੍ਹਾਂ ਮਾਮਲਿਆਂ ਵਿੱਚ ਬਕਾਏ ਅਦਾ ਨਹੀਂ ਕੀਤੇ ਗਏ ਹਨ, ਉਨ੍ਹਾਂ ਵਿੱਚ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਵਸੂਲੀ ਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਤਿਆਰੀ ਦੇ ਹਿੱਸੇ ਵਜੋਂ, ਜਿੱਥੇ ਵੀ ਜ਼ਰੂਰੀ ਹੋਵੇ, ਲੋੜੀਂਦੀ ਕਾਰਵਾਈ ਲਈ ਲਗਭਗ 8,000 ਜਾਇਦਾਦਾਂ ਦੀ ਪਹਿਲਾਂ ਹੀ ਪਛਾਣ ਕੀਤੀ ਜਾ ਚੁੱਕੀ ਹੈ।

ਇਸ ਉਪਰਾਲੇ ਪਿੱਛੇ ਮੁੱਖ ਉਦੇਸ਼ 'ਤੇ ਜ਼ੋਰ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ÷ਓ.ਟੀ.ਐਸ. ਸਕੀਮ ਨੂੰ ਮਿਲਿਆ ਭਰਵਾਂ ਹੁੰਗਾਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਪਾਰਦਰਸ਼ੀ ਅਤੇ ਵਪਾਰ-ਪੱਖੀ ਨੀਤੀਆਂ ਵਿੱਚ ਕਰਦਾਤਾਵਾਂ ਦੇ ਭਰੋਸੇ ਨੂੰ ਦਰਸਾਉਂਦਾ ਹੈ। ਇਸ ਉਪਰਾਲੇ ਦਾ ਉਦੇਸ਼ ਰਾਹਤ ਪ੍ਰਦਾਨ ਕਰਨਾ, ਮੁਕੱਦਮੇਬਾਜ਼ੀ ਨੂੰ ਘਟਾਉਣਾ ਅਤੇ ਸੂਬੇ ਦੀ ਮਾਲੀਆ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸਰਕਾਰ ਵੱਲੋਂ ਇਹ ਸਕੀਮ ਖਾਸ ਤੌਰ 'ਤੇ ਪੁਰਾਣੀਆਂ ਵੈਟ ਦੇਣਦਾਰੀਆਂ ਦਾ ਵਿਆਜ ਅਤੇ ਜੁਰਮਾਨੇ ਵਿੱਚ ਭਾਰੀ ਛੋਟ ਨਾਲ ਨਿਪਟਾਰਾ ਕਰਨ ਦਾ ਸੁਨਹਿਰੀ ਮੌਕਾ ਦੇਣ ਲਈ ਤਿਆਰ ਕੀਤੀ ਗਈ, ਤਾਂ ਜੋ ਕਾਰੋਬਾਰੀਆਂ ਨੂੰ ਸਾਫ਼-ਸੁਥਰੇ ਵਿੱਤੀ ਖਾਤੇ ਨਾਲ ਨਵੀਂ ਸ਼ੁਰੂਆਤ ਕਰਨ ਦੇ ਯੋਗ ਬਣਾਇਆ ਜਾ ਸਕੇ।

# ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜੈਤੋ ਵਿਖੇ ਵਿਸ਼ੇਸ਼ ਮੀਟਿੰਗ ਆਯੋਜਿਤ

**ਜੈਤੋਂ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਜਿਲ੍ਹਾ ਫਰੀਦਕੋਟ ਦੇ ਹਲਕਾ ਜੈਤੋ ਵਿੱਚ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਵਿਧਾਇਕ ਜੈਤੋ ਸ. ਅਮੋਲਕ ਸਿੰਘ ਦੀ ਰਹਿਨੁਮਾਈ ਹੇਠ ਸ੍ਰੀ ਗੋਪਾਲ ਕ੍ਰਿਸ਼ਨ ਚੇਅਰਮੈਨ ਪੀਐਸਟੀਸੀ ਜੈਤੋ ਦੀ ਅਗਵਾਈ ਹੇਠ ਰੇਲਵੇ ਬਾਜ਼ਾਰ ਜੈਤੋ ਵਿਖੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਐਸਡੀਐਮ ਜੈਤੋ ਸ੍ਰੀ ਵਿਕਰਮਜੀਤ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਆਪਣੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ।

ਵਿਧਾਇਕ ਸ. ਅਮੋਲਕ ਸਿੰਘ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਤਰਜੀਹ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਸੰਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਜਲਦ ਨਿਪਟਾਰਾ ਯਕੀਨੀ ਬਣਾਇਆ ਜਾਵੇ।ਉਹਨਾ ਕਿਹਾ ਕਿ ਵਪਾਰਿਕ ਮਾਹੌਲ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ।

ਇਸ ਮੌਕੇ ਸ੍ਰੀ ਭੀਮ ਸੈਨ, ਮੈਡਮ ਸ਼ੀਨਮ ਰਾਣੀ ਐਸ. ਟੀ.ਓ ਜੈਤੋ, ਮੈਡਮ ਊਸ਼ਾ ਐਸ.ਟੀ.ਓ, ਮਨਿੰਦਰਪਾਲ ਸਿੰਘ ਈ.ਓ, ਗੁਰਪਾਲ ਸਿੰਘ ਜੇ.ਈ, ਪ੍ਰਤੀਕ ਗੁਪਤਾ, ਰਾਜੇਸ਼ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਪਾਰੀ ਹਾਜ਼ਰ ਸਨ।

# ਪ੍ਰੇਮ ਕੌਰ ਕਲਿਆਣ: ਜਿਨ੍ਹਾਂ ਦੀ ਛਾਂ ਹੇਠ ਹਰਿਆਣਾ ਦਾ ਸਭ ਤੋਂ ਵੱਡਾ ਰਾਜਨੀਤਿਕ ਪਰਿਵਾਰ ਇਕਜੁੱਟ ਰਿਹਾ

**ਕਰਨਾਲ, 30 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ, ਹਰਿਆਣਾ ਦੇ ਚੋਣ ਆਯੁਕਤ ਦੇਵੇਂਦਰ ਸਿੰਘ ਕਲਿਆਣ ਅਤੇ ਸਮਰ ਸਿੰਘ ਕਲਿਆਣ ਦੀ ਮਾਤਾ ਸ੍ਰੀਮਤੀ ਪ੍ਰੇਮ ਕੌਰ ਕਲਿਆਣ ਦਾ ਜੀਵਨ ਮਨੁੱਖੀ ਮੁੱਲਾਂ, ਸੇਵਾ ਭਾਵਨਾ ਅਤੇ ਸਿੱਖ ਪਰੰਪਰਾਵਾਂ ਨਾਲ ਭਰਪੂਰ ਰਿਹਾ। ਸਾਦਗੀ ਅਤੇ ਸਮਾਜਸੇਵਾ ਲਈ ਜਾਣੀਆਂ ਜਾਣ ਵਾਲੀਆਂ ਪ੍ਰੇਮ ਕੌਰ ਕਲਿਆਣ ਨੇ ਆਪਣੇ ਬੱਚਿਆਂ ਨੂੰ ਆਦਰਸ਼ਾਂ, ਸੰਸਕਾਰਾਂ ਅਤੇ ਸੱਚ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ ਦਿੱਤੀ।

ਸ੍ਰੀਮਤੀ ਪ੍ਰੇਮ ਕੌਰ ਕਲਿਆਣ ਸਿੱਖ ਪਰਿਵਾਰ ਨਾਲ ਸੰਬੰਧਿਤ ਸਨ ਅਤੇ ਉਨ੍ਹਾਂ ਦਾ ਵਿਆਹ ਉੱਤਰੀ ਭਾਰਤ ਦੇ ਪ੍ਰਸਿੱਧ ਸਮਾਜਵਾਦੀ ਰਾਜਨੀਤਿਕ ਪਰਿਵਾਰ ਵਿੱਚ ਦੇਵੀ ਸਿੰਘ ਕਲਿਆਣ ਨਾਲ ਹੋਇਆ ਸੀ। ਉਨ੍ਹਾਂ ਨੇ ਜੀਵਨ ਭਰ ਹਰ ਮੋਰਚੇ 'ਤੇ ਆਪਣੇ ਪਤੀ ਦਾ ਸਾਥ ਨਿਭਾਇਆ। ਉਨ੍ਹਾਂ ਦੀ ਸਮਝਦਾਰੀ ਅਤੇ ਮਜ਼ਬੂਤ ਚਰਿੱਤਰ ਦਾ ਪ੍ਰਭਾਵ ਉਨ੍ਹਾਂ ਦੇ ਸਭ ਬੱਚਿਆਂ ਦੇ ਜੀਵਨ ਵਿੱਚ ਸਪੱਸ਼ਟ ਤੌਰ 'ਤੇ ਦਿੱਸਦਾ ਹੈ। ਅੱਜ ਹਰਵਿੰਦਰ ਕਲਿਆਣ, ਦੇਵੇਂਦਰ ਸਿੰਘ ਕਲਿਆਣ ਅਤੇ ਸਮਰ ਸਿੰਘ ਕਲਿਆਣ ਜਿਸ ਮੌਕੇ 'ਤੇ ਹਨ, ਉਸ ਦੇ ਪਿੱਛੇ ਮਾਤਾ-ਪਿਤਾ ਵੱਲੋਂ ਦਿੱਤੇ ਸੰਸਕਾਰ ਅਤੇ ਪ੍ਰੇਰਣਾ ਹੀ ਮੁੱਖ ਆਧਾਰ ਹਨ।

ਉਨ੍ਹਾਂ ਦੇ ਬਿਛੋੜੇ ਤੋਂ ਬਾਅਦ ਪਰਿਵਾਰ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ 'ਚ ਅਖੰਡ ਪਾਠ ਦਾ ਆਯੋਜਨ ਕੀਤਾ ਗਿਆ। ਪ੍ਰੇਮ ਕੌਰ ਕਲਿਆਣ ਖੁਦ ਗੁਰਮਾਰਗ 'ਤੇ ਤੁਰਨ ਵਾਲੀ, ਸਾਦੀ, ਨਿਮਰ ਅਤੇ ਅਧਿਆਤਮਿਕ ਵਿਚਾਰਾਂ ਵਾਲੀ ਇਸਤਰੀ ਸਨ।

ਪਰਿਵਾਰ ਨੂੰ ਇਕ ਡੋਰ ਵਿੱਚ ਜੋੜ ਕੇ ਰੱਖਣ ਵਿੱਚ ਉਨ੍ਹਾਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਣ ਰਹੀ। ਕਲਿਆਣ ਪਰਿਵਾਰ ਖੇਤਰ ਦਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਪਰਿਵਾਰ ਮੰਨਿਆ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਪਰਿਵਾਰਕ ਮੁੱਲ ਟੁੱਟ ਰਹੇ ਹਨ, ਓਥੇ ਇਸ ਪਰਿਵਾਰ ਦਾ ਇਕਜੁੱਟ ਰਹਿਣਾ ਪ੍ਰੇਮ ਕੌਰ ਕਲਿਆਣ ਦੇ ਮਜ਼ਬੂਤ ਵਿਅਕਤਿਤਵ ਅਤੇ ਉਨ੍ਹਾਂ ਵੱਲੋਂ ਦਿਖਾਏ ਰਾਹ ਦਾ ਨਤੀਜਾ ਹੈ। ਉਹ ਪਰਿਵਾਰ ਦੀ ਧੁਰੀ ਅਤੇ ਰਾਹ ਦਰਸਾਉਣ ਵਾਲੇ ਦੀਪਸਥੰਭ ਵਾਂਗ ਸਨ।



# ਮਾਵਾਂ ਤੇ ਧੀਆਂ...

**ਜਗ ਭਾਵੇਂ ਧੀਆਂ ਅਤੇ ਪੁੱਤਰਾਂ ਵਿਚ ਅੰਤਰ ਕਰੇ ਪਰ ਮਾਂ ਦੇ ਦਿਲੋਂ ਤਾਂ ਦੋਹਾਂ ਲਈ ਹੀ ਅਸੀਸਾਂ ਹੀ ਨਿਕਲਦੀਆਂ ਹਨ। ਜਿੰਨਾ ਇਕ ਮਾਂ ਆਪਣੀ ਧੀ ਨੂੰ ਸਮਝਦੀ ਹੈ ਓਨਾ ਕੋਈ ਹੋਰ ਨਹੀਂ ਸਮਝ ਸਕਦਾ। ਇਹ ਮਾਂ ਹੀ ਹੁੰਦੀ ਹੈ ਜੋ ਪੁੱਤਾਂ ਬਰਾਬਰ ਧੀਆਂ ਨੂੰ ਵੀ ਲਾਡ ਲਡਾਉਂਦੀ ਹੈ...**

• ਜਸਪ੍ਰੀਤ ਕੌਰ 'ਸੰਘਾ'

ਪਰਮਾਤਮਾ ਦੀ ਸਿਰਜੀ ਹੋਈ ਸ੍ਰਿਸ਼ਟੀ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਜੇ ਕੁਝ ਨਹੀਂ ਬਦਲਦਾ ਤਾਂ ਉਹ ਹੈ ਮਾਂ ਦੇ ਅੰਦਰ ਦੀ ਮਮਤਾ ਤੇ ਉਸ ਦਾ ਪਿਆਰ। ਉਹ ਕੱਲ੍ਹ ਵੀ ਉਹੀ ਸੀ, ਅੱਜ ਵੀ ਉਹੀ ਹੈ ਤੇ ਜੁਗਾਂ-ਜੁਗਾਂਤਰਾਂ ਤਕ ਉਵੇਂ ਹੀ ਰਹੇਗਾ। ਮਾਂ ਤਾਂ ਹੁੰਦੀ ਹੀ ਮੋਹ-ਮਮਤਾ ਦੀ ਮੂਰਤ ਹੈ। ਇਕ ਨਵੇਂ ਜੀਵਨ ਨੂੰ ਧਰਤੀ 'ਤੇ ਲਿਆਉਣ ਦਾ ਬਲ ਪਰਮਾਤਮਾ ਨੇ ਔਰਤ ਨੂੰ ਹੀ ਬਖ਼ਸ਼ਿਆ ਹੈ। ਔਰਤ ਹੀ ਹੈ ਜੋ ਇਕ ਮਾਂ ਬਣ ਖੁਦ ਤੱਤੀਆਂ ਹਵਾਵਾਂ, ਝੱਖੜ ਜਰ ਕੇ ਵੀ ਆਪਣੇ ਬੱਚਿਆਂ ਲਈ ਹਮੇਸ਼ਾ ਠੰਢੀਆਂ ਛਾਵਾਂ ਚਾਹੁੰਦੀ ਹੈ। ਇਹ ਸੱਚ ਹੈ ਕਿ ਬੱਚੇ ਦੀ ਇਕ ਮੁਸਕਾਨ ਮਾਂ ਦਾ ਸਦੀਆਂ ਦਾ ਥਕੇਵਾਂ ਦੂਰ ਕਰ ਦਿੰਦੀ ਹੈ। ਖੁਦ ਗਿੱਲੀ ਥਾਵੇਂ ਪੈ ਕੇ ਆਪਣੇ ਬੱਚੇ ਨੂੰ ਸੁੱਕੀ ਥਾਂ ਪਾਉਣਾ, ਖੁਦ ਭੁੱਖੇ ਰਹਿ ਕੇ ਆਪਣੇ ਬੱਚੇ ਦਾ ਢਿੱਡ ਭਰਨ ਵਰਗੀਆਂ ਕੁਰਬਾਨੀਆਂ ਮਾਂ ਹੀ ਕਰ ਸਕਦੀ ਹੈ। ਇਹ ਵੀ ਸੱਚ ਹੈ ਕਿ ਅਸੀਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਦੇਣ ਕਦੇ ਨਹੀਂ ਦੇ ਸਕਦੇ। ਮਮਤਾ ਦਾ ਵਰਨਣ ਸਾਡੇ ਲੋਕ ਗੀਤਾਂ ਵਿਚ ਵੀ ਬਾਖ਼ੂਬੀ ਝਲਕਦਾ ਹੈ :

**ਮੈਂ ਸੌ-ਸੌ ਰੁੱਖ ਪਈ ਲਾਵਾਂ,**
**ਰੁੱਖ ਤਾਂ ਹਰੇ-ਭਰੇ।**
**ਮਾਵਾਂ ਠੰਢੀਆਂ ਛਾਵਾਂ**
**ਛਾਵਾਂ ਕੌਣ ਕਰੇ।**

ਇਕ ਮਾਂ ਆਪਣੇ ਬੱਚਿਆਂ ਲਈ ਮੋਹ-ਮਮਤਾ ਦਾ ਅਜਿਹਾ ਝਰਨਾ ਹੁੰਦੀ ਹੈ, ਜਿਸ 'ਚੋਂ ਸਦਾ ਅੰਮ੍ਰਿਤ ਹੀ ਵਗਦਾ ਹੈ। ਮਾਂ ਦੀ ਆਪਣੇ ਬੱਚਿਆਂ ਨਾਲ ਸਾਂਝ ਅਟੁੱਟ ਹੁੰਦੀ ਹੈ। ਜੇ ਰਿਸ਼ਤਾ ਮਾਂ ਤੇ ਧੀ ਦਾ ਹੋਵੇ ਤਾਂ ਇਹ ਸਾਂਝ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਧੀ ਲਈ ਮਾਂ ਸਹੇਲੀ ਹੁੰਦੀ ਹੈ ਤੇ ਉਸ ਦੀ ਮਾਰਗ-ਦਰਸ਼ਕ ਵੀ। ਧੀ ਦੇ ਦਿਲ ਦੇ ਦਰਦ ਨੂੰ, ਉਸ ਦੀ ਖ਼ੁਸ਼ੀ ਨੂੰ ਇਕ ਮਾਂ ਤੋਂ ਵੱਧ ਹੋਰ ਕੋਈ ਨਹੀਂ ਸਮਝ ਸਕਦਾ, ਕਿਉਂਕਿ ਧੀ ਤਾਂ ਹੁੰਦੀ ਹੀ ਮਾਂ ਦਾ ਪਰਛਾਵਾਂ ਹੈ। ਸਾਰਾ ਜਗ ਭਾਵੇਂ ਧੀਆਂ-ਪੁੱਤਾਂ ਵਿਚ ਅੰਤਰ ਕਰੇ ਪਰ ਮਾਂ ਦੇ ਦਿਲੋਂ ਤਾਂ ਦੋਹਾਂ ਲਈ ਹੀ ਅਸੀਸਾਂ ਨਿਕਲਦੀਆਂ ਹਨ। ਜਿੰਨਾ ਇਕ ਮਾਂ ਆਪਣੀ ਧੀ ਨੂੰ ਸਮਝਦੀ ਹੈ, ਓਨਾ ਕੋਈ ਹੋਰ ਨਹੀਂ ਸਮਝ ਸਕਦਾ। ਇਕ ਮਾਂ ਹੀ ਹੁੰਦੀ ਹੈ ਜੋ ਪੁੱਤਾਂ ਬਰਾਬਰ ਧੀਆਂ ਨੂੰ ਵੀ ਪਿਆਰ ਕਰਦੀ ਹੈ। ਸਮਾਜ ਵਿਚ ਉਸ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਂਦੀ ਹੈ। ਮਾਂ-ਧੀ ਦੇ ਪਿਆਰ ਦਾ ਜ਼ਿਕਰ ਲੋਕ ਗੀਤ ਵੀ ਕਰਦੇ ਹਨ :

**ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏਂ**
**ਕੋਈ ਟੁੱਟਦੀ ਏ ਕਹਿਰਾਂ ਨਾਲ।**
**ਨੀ ਕਣਕਾਂ ਨਿਸਰੀਆਂ**
**ਧੀਆਂ ਕਿਉਂ ਵਿਸਰੀਆਂ ਨੀ ਮਾਏਂ...।**

ਇਹ ਇਕ ਅੱਟੁਟ ਸਚਾਈ ਹੈ ਕਿ ਚਾਵਾਂ-ਲਾਡਾਂ ਨਾਲ ਪਾਲੀ ਧੀ ਨੇ ਇਕ ਨਾ ਇਕ ਦਿਨ ਮਾਂ ਕੋਲੋਂ ਵਿੱਛੜਨਾ ਹੁੰਦਾ ਹੈ। ਕਿੰਨਾ ਵੱਡਾ ਜਿਗਰਾ ਹੁੰਦਾ ਹੈ ਮਾਂ ਦਾ, ਜੋ ਆਪਣੇ ਜਿਗਰ ਦਾ ਟੋਟਾ ਆਪਣੇ ਹੱਥੀਂ ਬੇਗ਼ਾਨਿਆਂ ਦੀ ਝੋਲੀ ਪਾ ਦਿੰਦੀ ਹੈ।

ਜਿੰਨਾ ਪਿਆਰ ਧੀ ਨੂੰ ਮਾਂ ਕੋਲੋਂ ਮਿਲਦਾ ਹੈ ਓਨਾ ਹੋਰ ਕਿਸੇ ਹੋਰ ਕੋਲੋਂ ਨਹੀਂ ਮਿਲਦਾ। ਧੀ ਵੀ ਰੋਂਦੀ ਕੁਰਲਾਉਂਦੀ ਆਪਣੀ ਮਾਂ ਅੱਗੇ ਵਾਸਤੇ ਪਾਉਂਦੀ ਹੈ :

**ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ,**
**ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ...।**

ਵਿਆਹ ਤੋਂ ਬਾਅਦ ਵੀ ਧੀ ਸਹੁਰੇ ਘਰ ਬੈਠੀ ਪਲ-ਪਲ ਆਪਣੀ ਮਾਂ ਨੂੰ ਉਡੀਕਦੀ ਰਹਿੰਦੀ ਹੈ ਤਾਂ ਕਿ ਉਸ ਨਾਲ ਆਪਣਾ ਦੁੱਖ-ਸੁੱਖ ਸਾਂਝਾ ਕਰ ਸਕੇ ਪਰ ਸਾਡੇ ਸਮਾਜ ਵਿਚ ਧੀ ਦੇ ਘਰ ਪੇਕਿਆਂ ਦਾ ਵਾਰ-ਵਾਰ ਆਉਣਾ-ਜਾਣਾ ਠੀਕ ਨਹੀਂ ਸਮਝਿਆ ਜਾਂਦਾ। ਇਸ ਲਈ ਜਦੋਂ ਮਾਂ ਕਾਫੀ ਦੇਰ ਤਕ ਧੀ ਨੂੰ ਨਹੀਂ ਮਿਲਦੀ ਤਾਂ ਧੀ ਆਪ ਮੁਹਾਰੇ ਹੀ ਬੋਲ ਉਠਦੀ ਹੈ :

**ਕਾਹਨੂੰ ਤੈਂ ਭੇਜਿਆ ਸਹੁਰੇ ਨੀ ਮਾਂ,**
**ਕਾਹਨੂੰ ਤੈਂ ਭੇਜਿਆ ਦੂਰ ਨੀ ਮਾਂ।**

ਇਸੇ ਤਰ੍ਹਾਂ ਜਦੋਂ ਵਿਆਹ ਤੋਂ ਬਾਅਦ ਧੀ ਆਪਣੇ ਪੇਕੇ ਘਰ ਆਉਂਦੀ ਹੈ ਤਾਂ ਮਾਂ ਨੂੰ ਸਭ ਤੋਂ ਵੱਧ ਚਾਅ ਚੜ੍ਹਦਾ ਹੈ। ਅਸਲ ਵਿਚ ਪੇਕੇ ਹੁੰਦੇ ਹੀ ਮਾਵਾਂ ਨਾਲ ਹਨ। ਇਸ ਗੱਲ ਦਾ ਜ਼ਿਕਰ ਪੰਜਾਬ ਦੇ ਲੋਕ ਗੀਤ ਵੀ ਬਾਖ਼ੂਬੀ ਕਰਦੇ ਹਨ।

ਭਾਵੇਂ ਜਵਾਨ ਧੀ ਨੂੰ ਮਾਂ ਹੱਥੀਂ ਪ੍ਰਦੇਸ ਤੋਰ ਕੇ ਆਪਣੇ ਤੋਂ ਦੂਰ ਕਰ ਦਿੰਦੀ ਹੈ ਪਰ ਇਹ ਦੂਰੀ ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਤੇ ਉਸ ਦੇ ਪਿਆਰ ਨੂੰ ਕਦੇ ਖ਼ਤਮ ਨਹੀਂ ਕਰ ਸਕਦੀ। ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਅਟੁੱਟ ਹੈ ਤੇ ਸਦੀਆਂ ਤਕ ਅਟੁੱਟ ਹੀ ਰਹੇਗੀ। •

ਮੋਬਾਈਲ : 99150-33176





# ਸਮਾਜ ਦਾ ਨਜ਼ਰੀਆ

• ਕੁਲਦੀਪ ਸਿੰਘ ਬੰਗੀ

ਔਰਤ ਜਗ ਦੀ ਜਣਨੀ ਹੈ ਅਤੇ ਸਾਡੇ ਸਮਾਜ ਦਾ ਧੁਰਾ ਵੀ। ਸਾਡੇ ਮੁਲਕ ਦੇ ਕਾਨੂੰਨ ਅਨੁਸਾਰ ਔਰਤ ਤੇ ਮਰਦ ਬਰਾਬਰ ਦਾ ਦਰਜਾ ਰੱਖਦੇ ਹਨ। ਅਸੀਂ ਇਹ ਵੀ ਭਲੀ-ਭਾਂਤ ਜਾਣਦੇ ਹਾਂ ਕਿ ਔਰਤ ਨੇ ਹਰ ਖੇਤਰ ਵਿਚ ਆਪਣਾ ਲੋਹਾ ਮਨਵਾਇਆ ਹੈ। ਉਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਮਾਜ ਵਿਚ ਉਹ ਮਰਦ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਅਸੀਂ ਕਿਸੇ ਵੀ ਖੇਤਰ ਵਿਚ ਨਜ਼ਰ ਮਾਰ ਕੇ ਵੇਖ ਸਕਦੇ ਹਾਂ ਕਿ ਕਿਵੇਂ ਹਰ ਪਾਸੇ ਹੀ ਔਰਤਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ।

ਐਵਰੈਸਟ ਦੀ ਚੋਟੀ ਦੀ ਚੜ੍ਹਾਈ ਤੋਂ ਲੈ ਕੇ ਪੁਲਾੜ ਦੀ ਯਾਤਰਾ ਤਕ ਦੀ ਉਡਾਰੀ ਆਦਿ ਦੇ ਹੈਰਾਨੀਜਨਕ ਕਾਰਨਾਮੇ ਇਸ ਵਿਚ ਸ਼ਾਮਲ ਹਨ। ਫਿਰ ਵੀ ਸਾਡੇ ਸਮਾਜ ਵਿਚ ਔਰਤ ਦੀ ਉਹ ਪਛਾਣ ਅਤੇ ਦਰਜਾ ਨਹੀਂ, ਜਿਸ ਦੀ ਉਹ ਹੱਕਦਾਰ ਹੈ। ਇਸ ਦੇ ਉਲਟ ਸਮਾਜ ਦੀ ਜਣਨੀ ਔਰਤ ਨਾਲ ਸਮਾਜ ਨੇ ਪੈਰ-ਪੈਰ 'ਤੇ ਧੱਕਾ ਕੀਤਾ ਹੈ। ਉਸ ਨੂੰ ਕੇਵਲ ਨਕਾਰਿਆ ਹੀ ਨਹੀਂ ਸਗੋਂ ਉਸ ਨੂੰ ਗ਼ੁਲਾਮਾਂ ਵਾਲੀ ਤੇ ਘਟੀਆ ਜ਼ਿੰਦਗੀ ਜਿਉਣ ਲਈ ਮਜ਼ਬੂਰ ਵੀ ਕੀਤਾ ਹੈ।

ਇਤਿਹਾਸ ਨਾਲ ਸਬੰਧਤ ਲਿਖਤਾਂ, ਵੇਦ, ਗ੍ਰੰਥ ਤੇ ਹੋਰ ਪੁਰਾਤਨ ਦਸਤਾਵੇਜ਼ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਔਰਤ ਮੁੱਢ ਤੋਂ ਹੀ ਮਰਦ ਜਾਤ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੀ ਆ ਰਹੀ ਹੈ। ਆਧੁਨਿਕ ਯੁੱਗ ਵਿਚ ਵੀ ਸਭ ਕੁਝ ਪੁਰਾਤਨ ਸਮੇਂ ਵਰਗਾ ਹੀ ਵਾਪਰ ਰਿਹਾ ਹੈ। ਜੇ ਕਰ ਕੁਝ ਬਦਲਿਆ ਹੈ ਤਾਂ ਉਹ ਹਨ ਢੰਗ-ਤਰੀਕੇ ਅਤੇ ਤਕਨੀਕ।

ਸਮੇਂ-ਸਮੇਂ ਮਰਦ ਪ੍ਰਧਾਨ ਸਮਾਜ ਅਤੇ ਸਰਕਾਰਾਂ ਚਾਹੇ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਦਾ ਢਿੰਡੋਰਾ ਪਿੱਟਦੀਆਂ ਰਹੀਆਂ ਹਨ ਤੇ ਵੱਡੇ-ਵੱਡੇ ਦਾਅਵੇ ਵੀ ਕਰਦੀਆਂ ਰਹੀਆਂ ਹਨ, ਜਿਵੇਂ ਕਿ ਔਰਤ ਸ਼ਕਤੀਕਰਨ ਵਰ੍ਹਾ, ਮਹਿਲਾ ਦਿਵਸ, ਨੰਨ੍ਹੀ ਛਾਂ ਵਰਗੇ ਕਾਰਜ, ਮੁਹਿੰਮਾਂ, ਪ੍ਰਦਰਸ਼ਨਾਂ ਤੋਂ ਇਲਾਵਾ ਅਸੀਂ ਕੰਧਾਂ 'ਤੇ ਲਿਖਿਆ ਵੀ ਅਕਸਰ ਪੜ੍ਹਦੇ ਹਾਂ :

**- ਲੜਕੀ-ਲੜਕਾ ਏਕ ਸਮਾਨ।**
**- ਧੀ ਜੰਮੀ ਵੰਡੋ ਮਠਿਆਈ।**
**ਇਹ ਸਾਕਾਰ ਲੱਛਮੀ ਆਈ।**

ਪਰ ਹਕੀਕਤ ਇਸ ਤੋਂ ਬਿਲਕੁਲ ਉਲਟ ਇਸ਼ਾਰਾ ਕਰ ਰਹੀ ਹੈ। ਕੁੜੀ ਜੰਮਣ 'ਤੇ ਅੱਜ ਵੀ ਸਾਡੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਵਿਚ ਸੋਗ ਫੈਲ ਜਾਂਦਾ ਹੈ। ਅੱਜ ਵੀ ਜਨਮ ਲੈਣ ਵਾਲੀ ਬੱਚੀ ਨੂੰ ਪੱਥਰ ਕਹਿ ਕੇ ਦੁਰਕਾਰਿਆ ਜਾਂਦਾ ਹੈ। ਮਠਿਆਈ ਵੰਡਣਾਂ ਤਾਂ ਦੂਰ ਰਿਹਾ, ਕੋਈ ਗੁੜ ਵੰਡ ਕੇ ਵੀ ਖ਼ੁਸ਼ੀ ਨਹੀਂ ਮਨਾਉਂਦਾ।

ਅੱਜੋਕੀ ਔਰਤ ਵੀ ਕੇਵਲ ਪੁੱਤਰ ਨੂੰ ਜਨਮ ਦੇਣ ਵਿਚ ਹੀ ਮਾਣ ਮਹਿਸੂਸ ਕਰਦੀ ਹੈ ਅਤੇ ਪੁੱਤਰ ਦੇ ਜਨਮ ਦੀ ਹੀ ਕਾਮਨਾ ਕਰਦੀ ਹੈ। ਔਰਤ ਦੀ ਪਛਾਣ ਕਿਸੇ ਮਰਦ ਦੀ ਬੇਟੀ, ਭੈਣ, ਪਤਨੀ, ਨੂੰਹ, ਮਾਂ ਆਦਿ ਤੋਂ ਹੀ ਹੁੰਦੀ ਹੈ। ਚੇਅਰਮੈਨ, ਕਰੋੜਪਤੀ, ਅਰਬਪਤੀ ਆਦਿ ਅਨੇਕਾਂ ਸ਼ਬਦ ਇਸ ਦੀ ਸਚਾਈ ਹਨ। ਮਰਦ ਦੀ ਸੋਚ ਵਿਚ ਔਰਤ ਅੱਜ ਵੀ ਦੂਜੇ ਨੰਬਰ 'ਤੇ ਹੈ। ਉਸ ਦੀ ਸੋਚ ਵਿਚ ਔਰਤ ਮਨੋਰੰਜਨ ਦਾ ਸਾਧਨ, ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੋਂ ਵੱਧ ਕੁਝ ਨਹੀਂ।

ਪੁਰਾਤਨ ਕਾਲ ਦੀ ਸੀਤਾ, ਦਰੋਪਦੀ, ਤਾਰਾਮਤੀ ਦੀ ਤਰ੍ਹਾਂ ਹੀ ਅੱਜ ਵੀ ਸ਼ਰੇ-ਬਾਜ਼ਾਰ, ਗਲੀਆਂ-ਮੁਹੱਲਿਆਂ ਵਿਚ 'ਦਾਮਿਨੀ ਕਾਂਡ' ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਔਰਤ ਪ੍ਰਤੀ ਮੁੱਢ ਤੋਂ ਹੀ ਸਮਾਜ ਦਾ ਨਜ਼ਰੀਆ ਇਹੋ-ਜਿਹਾ ਹੀ ਰਿਹਾ ਹੈ।

ਮਰਹੂਮ ਲੇਖਿਕਾ ਅੰਮ੍ਰਿਤਾ ਪ੍ਰੀਤਮ ਵੀ ਔਰਤ ਦੀ ਅਜਿਹੀ ਸਥਿਤੀ ਅਤੇ ਸਮਾਜਿਕ ਵਰਤਾਰੇ ਦਾ ਜ਼ਿਕਰ ਕਰਦਿਆਂ ਆਖਦੀ ਹੈ, **''ਸਾਡੀਆਂ ਮੰਡੀਆਂ ਵਿਚ ਕਣਕ ਵਿਕਦੀ ਹੈ, ਜਵਾਰ ਅਤੇ ਔਰਤ ਵੀ।''**

ਸੱਚਮੁੱਚ ਔਰਤ ਅੱਜ ਵੀ ਮੰਡੀ ਵਿਚ ਵਿੱਕਣ ਵਾਲੀ ਵਸਤੂ ਹੀ ਸਮਝੀ ਜਾਂਦੀ ਹੈ। ਅੱਜ ਵੀ ਉਸ ਨੂੰ ਜਾਇਦਾਦ ਵਾਂਗ ਹੀ ਵਿਕਣਾ ਪੈ ਰਿਹਾ ਹੈ।

ਮਰਦ ਵੱਲੋਂ ਇਸ਼ਤਿਹਾਰਬਾਜ਼ੀ ਲਈ ਔਰਤ ਨੂੰ ਵਸਤੂ ਦੇ ਰੂਪ ਵਿਚ ਹੀ ਪਰੋਸਿਆ ਜਾ ਰਿਹਾ ਹੈ। ਸਮਾਜ 'ਚ ਅੱਜ ਵੀ ਲੱਖਾਂ ਲੜਕੀਆਂ ਦੀ ਖ਼ਰੀਦੋ-ਫਰੋਖ਼ਤ ਹੋ ਰਹੀ ਹੈ।

ਕੁਲ ਮਿਲਾ ਕੇ ਔਰਤ ਦੀ ਦਸ਼ਾ ਕੇਵਲ ਅਖ਼ਬਾਰਾਂ, ਰਸਾਲਿਆਂ, ਭਾਸ਼ਣਾਂ ਵਿਚ ਹੀ ਸੁਧਰੀ ਨਜ਼ਰ ਆ ਰਹੀ ਹੈ ਜਦਕਿ ਅਸਲ ਜੀਵਨ ਵਿਚ ਔਰਤ ਨਾਲ ਘਿਨਾਉਣੇ ਤੋਂ ਘਿਨਾਉਣੇ ਕਾਰਨਾਮੇ ਉਸੇ ਤਰ੍ਹਾਂ ਹੀ ਹੋ ਰਹੇ ਹਨ, ਜੋ ਅਸੀਂ ਇਤਿਹਾਸ ਵਿਚ ਪੜ੍ਹਦੇ-ਸੁਣਦੇ ਰਹੇ ਹਾਂ। ਵੱਡੀ ਉਮਰ ਦੀਆਂ ਔਰਤਾਂ ਤੋਂ ਲੈ ਕੇ ਕੁੱਖ ਵਿਚ ਪਲ ਰਹੀਆਂ ਬੱਚੀਆਂ ਨਾਲ ਸ਼ਰੇਆਮ ਵਧੀਕੀਆਂ ਹੋ ਰਹੀਆਂ ਹਨ। ਔਰਤਾਂ ਨਾਲ ਜਬਰ ਜਨਾਹ ਹੋ ਰਹੇ ਹਨ ਅਤੇ ਅਣਜੰਮੀਆਂ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ।

ਇਨ੍ਹਾਂ ਸਭ ਗੱਲਾਂ ਨੂੰ ਘੋਖ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਾਨੂੰ ਸਿਰਫ਼ ਵਿਖਾਵੇ ਅਤੇ ਸੋਸ਼ੇਬਾਜ਼ੀ ਵਾਲੇ ਦਿਵਸ ਜਿਵੇਂ ਮਹਿਲਾ ਦਿਵਸ, ਨਾਰੀ ਸ਼ਕਤੀ ਵਰ੍ਹਾ, ਨੰਨ੍ਹੀ ਛਾਂ ਵਰਗੀਆਂ ਲਹਿਰਾਂ ਚਲਾ ਕੇ ਦਿਖਾਵੇ ਕਰਨ ਦੀ ਥਾਂ ਲੋਕਾਂ ਦੀ ਮਾਨਸਿਕਤਾ ਵਿਚ ਉਸਾਰੂ ਬਦਲਾਅ ਲਿਆਂਦੇ ਜਾਣ। ਇਸ ਨਾਲ ਹੀ ਸਾਡੇ ਸਮਾਜ ਵਿਚ ਇਨਕਲਾਬੀ ਤਬਦੀਲੀ ਆਵੇਗੀ। •

ਮੋਬਾਈਲ : 94174-07778

# ਸ਼ੇਰਨੀ

**ਮੈਂ ਵੇਖਿਆ ਕਿ ਸਦਾ ਚੁੱਪਚਾਪ ਰਹਿਣ ਵਾਲੀ ਕੁੜੀ ਬੱਸ ਦੇ ਕੰਡਕਟਰ ਨਾਲ ਉੱਚੀ-ਉੱਚੀ ਬਹਿਸ ਰਹੀ ਸੀ...**

ਗੱਲ ਪਿਛਲੇ ਸਾਲ ਦੀ ਹੈ। ਜਦੋਂ ਮੈਂ ਬਠਿੰਡੇ ਐੱਮਫਿਲ ਵਿਚ ਦਾਖ਼ਲ ਹੁੰਦਿਆਂ ਹੀ ਹੋਰ ਵਿਦਿਆਰਥੀਆਂ ਦੀ ਤਰ੍ਹਾਂ ਬੱਸ ਦੀ ਸਵਾਰੀ ਬਣ ਗਿਆ। ਅਸੀਂ ਹਰ ਰੋਜ਼ ਸਵੇਰੇ ਰਾਮਪੁਰੇ ਤੋਂ ਬਠਿੰਡੇ ਜਾਣ ਲਈ ਸਰਕਾਰੀ ਬੱਸ ਦੀ ਉਡੀਕ ਕਰਨ ਲਗਦੇ। ਬੱਸ ਆਉਣ 'ਤੇ ਉਸ ਵਿਚ ਸਭ ਤੋਂ ਪਹਿਲਾਂ ਚੜ੍ਹਨ ਲਈ ਹੱਲਾ ਬੋਲ ਦੇਣਾ। ਮੇਰੀ ਨਜ਼ਰ ਅਕਸਰ ਉਸ ਕੁੜੀ ਉੱਪਰ ਜਾ ਪੈਂਦੀ, ਜਿਸ ਨੇ ਬੱਸ ਆਉਣ 'ਤੇ ਸਾਰੀਆਂ ਕੁੜੀਆਂ ਤੋਂ ਪਿੱਛੇ ਖੜ੍ਹੀ ਹੋ ਜਾਣਾ ਤੇ ਆਪ ਓਦੋਂ ਚੜ੍ਹਨਾ ਜਦੋਂ ਸਾਰੀਆਂ ਕੁੜੀਆਂ ਨੇ ਬੱਸ 'ਚ ਚੜ੍ਹ ਜਾਣਾ।

ਉਸ ਕੁੜੀ ਦੀ ਇਹ ਅਨੋਖੀ ਆਦਤ ਅਕਸਰ ਮੇਰਾ ਧਿਆਨ ਆਪਣੇ ਵੱਲ ਖਿੱਚ ਲੈਂਦੀ। ਬੇਸ਼ੱਕ ਚੜ੍ਹਦੀ ਉਮਰੇ ਹਰ ਇਕ ਨੂੰ ਸੋਹਣਾ ਦਿਖਣ ਦਾ ਸ਼ੌਕ ਹੁੰਦਾ ਹੈ ਪ੍ਰੰਤੂ ਬਹੁਤ ਸਾਰੇ ਮੁੰਡੇ-ਕੁੜੀਆਂ ਨੇ ਅਜਿਹਾ ਹਾਰ-ਸ਼ਿੰਗਾਰ ਕੀਤਾ ਹੁੰਦਾ ਸੀ ਕਿ ਵੇਖਣ ਵਾਲੇ ਨੂੰ ਪਹਿਲੀ ਨਜ਼ਰੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਪੜ੍ਹਨ ਲਈ ਨਹੀਂ ਸਗੋਂ ਕਿਸੇ ਫ਼ਿਲਮ ਦੀ ਸ਼ੂਟਿੰਗ 'ਤੇ ਜਾ ਰਹੇ ਹੋਣ, ਪ੍ਰੰਤੂ ਮੈਂ ਕਦੇ ਵੀ ਉਸ ਕੁੜੀ ਦੀ ਕੁਦਰਤੀ ਸੁੰਦਰਤਾ ਨੂੰ ਨਕਲੀ ਸਜਾਵਟ ਦੇ ਬੋਝ ਥੱਲੇ ਦੱਬੀ ਹੋਈ ਨਹੀਂ ਸੀ ਵੇਖਿਆ। ਜਿਵੇਂ ਉਹ ਜਾਣਦੀ ਹੋਵੇ ਕਿ ਸੁੰਦਰਤਾ ਤਨ ਦੀ ਨਹੀਂ, ਮਨ ਦੀ ਹੋਣੀ ਬਹੁਤ ਜ਼ਰੂਰੀ ਹੈ।

ਜਦੋਂ ਬੱਸ ਵਿਚ ਬੈਠ ਕੇ ਮੁੰਡੇ-ਕੁੜੀਆਂ ਨੇ ਕੰਨਾਂ ਵਿਚ ਈਅਰ-ਪਲੱਗ ਫਸਾ ਲੈਣੇ ਤਾਂ ਉਸ ਕੁੜੀ ਨੇ ਕੋਈ ਨਾ ਕੋਈ ਕਿਤਾਬ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦੇਣਾ ਤੇ ਬੱਸ ਵਿਚ ਪੈਂਦੀ ਕਾਵਾਂ-ਰੌਲੀ ਦੀ ਪ੍ਰਵਾਹ ਕੀਤੇ ਬਿਨਾਂ ਪੜ੍ਹਨ ਵਿਚ ਮਗਨ ਹੋ ਜਾਣਾ। ਖ਼ੁਦ ਕਿਤਾਬੀ-ਕੀੜਾ ਹੋਣ ਕਰਕੇ ਉਸ ਦੀ ਕਿਤਾਬਾਂ ਪੜ੍ਹਨ ਦੀ ਆਦਤ ਮੈਨੂੰ ਬਹੁਤ ਚੰਗੀ ਲੱਗਦੀ ਸੀ। ਫਿਰ ਇਕ ਦਿਨ ਮੈਂ ਉਸ ਦਾ ਇਕ ਅਜਿਹਾ ਰੂਪ ਵੇਖਿਆਂ ਕਿ ਮੈਂ ਹੈਰਾਨ ਰਹਿ ਗਿਆ। ਉਸ ਦਿਨ ਮੇਰੇ ਪਿੰਡ ਤੋਂ ਜਾਣ ਵਾਲੀ ਬੱਸ ਜਦ ਦੇਰੀ ਨਾਲ ਸ਼ਹਿਰ ਪਹੁੰਚੀ ਤਾਂ ਮੈਂ ਵੇਖਿਆ ਕਿ ਸਦਾ ਚੁੱਪਚਾਪ ਰਹਿਣ ਵਾਲੀ ਕੁੜੀ ਬੱਸ ਦੇ ਕੰਡਕਟਰ ਨਾਲ ਉੱਚੀ-ਉੱਚੀ ਬਹਿਸ ਰਹੀ ਸੀ। ਅਸਲ ਵਿਚ ਬਹਿਸ ਦਾ ਕਾਰਨ ਇਹ ਸੀ ਕਿ ਉਹ ਕੰਡਕਟਰ ਪੰਦਰਾਂ ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਬੱਸ ਵਿਚ ਚੜ੍ਹਾਉਣ ਤੋਂ ਮਨ੍ਹਾਂ ਕਰ ਰਿਹਾ ਸੀ ਤੇ ਉਹ ਕੁੜੀ ਸਾਰੇ ਵਿਦਿਆਰਥੀਆਂ ਨੂੰ ਚੜ੍ਹਾਉਣ ਲਈ ਬਜ਼ਿਦ ਖੜ੍ਹੀ ਸੀ। ਮੈਨੂੰ ਦੁੱਖ ਇਸ ਗੱਲ ਦਾ ਹੋ ਰਿਹਾ ਸੀ ਕਿ ਗੱਲ-ਗੱਲ 'ਤੇ ਮਰਦਾਨਗੀ ਦਿਖਾਉਣ ਵਾਲੇ ਮੁੰਡੇ ਠੰਢੀਆਂ ਅੱਖਾਂ ਨਾਲ ਤਮਾਸ਼ਾ ਵੇਖ ਰਹੇ ਸਨ ਤੇ ਮਾਣ ਮੈਨੂੰ ਇਸ ਗੱਲ ਦਾ ਹੋ ਰਿਹਾ ਸੀ ਕਿ ਅੱਜ ਦੀ ਔਰਤ ਚੰਮ ਦੀ ਗੁੱਡੀ ਨਹੀਂ ਰਹੀ ਸਗੋਂ ਉਹ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਖ਼ੁਦ ਲੜ ਸਕਦੀ ਹੈ। ਮੈਂ ਸੋਚ ਰਿਹਾ ਸੀ ਕਿ ਕਾਸ਼! ਹਰ ਮਾਪਿਆਂ ਦੀ ਇਕ ਅਜਿਹੀ ਸਚੁੱਜੀ ਧੀ ਹੋਵੇ ਤਾਂ ਜੋ ਉਨ੍ਹਾਂ ਨੂੰ ਕਦੇ ਵੀ ਧੀ ਦੇ ਮਾਪੇ ਹੋਣ ਕਾਰਨ ਕਿਸੇ ਡਰ ਦਾ ਸਾਹਮਣਾ ਨਾ ਕਰਨਾ ਪਵੇ। ਸੋਹਣੀ ਸੀਰਤ ਤੇ ਉੱਚੇ-ਸੁੱਚੇ ਖ਼ਿਆਲਾਂ ਦੀ ਮਾਲਕ ਉਹ ਕੁੜੀ ਮੈਨੂੰ ਸੱਚਮੁੱਚ ਸ਼ੇਰਨੀ ਜਾਪੀ।

• ਧੀਰਾ ਖੋਖਰ
90413-33768



# ਕੰਮ ਦੀਆਂ ਗੱਲਾਂ...

- ਅਕਸਰ ਖੰਡ ਦੇ ਡੱਬੇ 'ਚ ਕੀੜੀਆਂ ਵੜ ਜਾਂਦੀਆਂ ਹਨ। ਮੁਸ਼ਕ-ਕਪੂਰ ਦੀ ਪੁੜੀ ਬੰਨ੍ਹ ਕੇ ਚੀਨੀ ਵਾਲੇ ਡੱਬੇ ਵਿਚ ਰੱਖ ਦਿਓ, ਕੀੜੀਆਂ ਨਹੀਂ ਆਉਣਗੀਆਂ।
- ਮਿਕਸਰ ਜਾਂ ਰਸੋਈ ਦੇ ਹੋਰ ਉਪਕਰਣਾਂ ਦੀ ਮੋਟਰ ਵਿਚ ਕੌਕਰੋਚ ਨਾ ਵੜ ਸਕਣ, ਇਸ ਲਈ ਉਨ੍ਹਾਂ ਦੇ ਪੇਚ ਖੋਲ੍ਹ ਕੇ ਇਕ-ਦੋ ਨੈਪਥੈਲੀਨ (ਫਿਨਾਇਲ) ਦੀਆਂ ਗੋਲੀਆਂ ਵਿਚ ਰੱਖ ਦਿਓ।
- ਜੇ ਰਸੋਈ ਦੀ ਸਿੰਕ ਵਾਲੀ ਨਾਲੀ ਵਿਚ ਦੋ-ਤਿੰਨ ਫਿਨਾਈਲ ਦੀਆਂ ਗੋਲੀਆਂ ਪਾ ਦੇਈਏ ਤਾਂ ਨਾਲੀ ਰਾਹੀਂ ਆਉਣ ਵਾਲੇ ਕੌਕਰੋਚ ਤੇ ਦੂਜੇ ਕੀੜੇ-ਮਕੌੜੇ ਰਸੋਈ 'ਚ ਨਹੀਂ ਆਉਣਗੇ।
- ਕਾਕਰੋਚਾਂ ਤੋਂ ਛੁਟਕਾਰਾ ਪਾਉਣ ਲਈ ਬੋਰਿਕ ਐਸਿਡ ਪਾਊਡਰ ਅਤੇ ਕਣਕ ਦਾ ਆਟਾ ਬਰਾਬਰ ਮਾਤਰਾ ਵਿਚ ਗੁੰਨ੍ਹ ਕੇ ਛੋਟੀਆਂ-ਛੋਟੀਆਂ ਗੋਲੀਆਂ ਬਣਾ ਲਓ। ਜਿੱਥੇ ਜ਼ਿਆਦਾ ਕੌਕਰੋਚ ਹੋਣ, ਉੱਥੇ ਰੱਖ ਦਿਓ, ਕੌਕਰੋਚ ਆਪੇ ਗਾਇਬ ਹੋ ਜਾਣਗੇ।
- ਥੋੜ੍ਹਾ ਜਿਹਾ ਬੋਰਿਕ ਐਸਿਡ ਪਾਊਡਰ ਜਾਂ ਸਵਾਹ ਨੂੰ ਹਲਦੀ ਵਿਚ ਮਿਲਾ ਕੇ ਕੀੜੀਆਂ ਦੀ ਖੁੱਡ ਦੇ ਬਾਹਰ ਪਾ ਦਿੱਤਾ ਜਾਵੇ ਤਾਂ ਕੀੜੀਆਂ ਬਾਹਰ ਨਹੀਂ ਆਉਣਗੀਆਂ।
- ਕਾਲੀਆਂ ਕੀੜੀਆਂ ਰਸੋਈ ਵਿਚ ਨਾ ਆਉਣ, ਇਸ ਲਈ ਰਸੋਈ ਦੀ ਖਿੜਕੀ ਵਿਚ ਗੰਧਕ ਦਾ ਟੁਕੜਾ ਰੱਖ ਦਿਓ। ਸ਼ਹਿਦ ਵਿਚ ਦੋ-ਚਾਰ ਲੌਂਗ ਪਾ ਦਿਓ, ਕੀੜੀਆਂ ਨਹੀਂ ਚੜ੍ਹਨਗੀਆਂ।
- ਸ਼ੱਕਰ ਦੇ ਪਾਣੀ ਵਾਲਾ ਗਿੱਲਾ ਕੱਪੜਾ ਕੀੜੀਆਂ ਦੀ ਖੁੱਡ ਦੇ ਕੋਲ ਰੱਖ ਦਿਓ, ਕੀੜੀਆਂ ਉਸ ਨਾਲ ਹੀ ਚਿੰਬੜ ਕੇ ਮਰ ਜਾਣਗੀਆਂ।
- ਮਿੱਠੀਆਂ ਚੀਜ਼ਾਂ, ਜਿਸ ਬਰਤਨ ਵਿਚ ਰੱਖੀਆਂ ਹੋਣ, ਉਸ ਬਰਤਨ ਦੇ ਕਿਨਾਰਿਆਂ 'ਤੇ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਲਗਾ ਦਿਓ, ਕੀੜੀਆਂ ਨਹੀਂ ਆਉਣਗੀਆਂ।
- ਅਲਮਾਰੀ ਵਿਚ ਤੇਜਪੱਤਰ ਦਾ ਗੁੱਛਾ ਲਟਕਾਓ, ਮੱਖੀ-ਮੱਛਰ ਅਤੇ ਕੀੜੀਆਂ ਨਹੀਂ ਆਉਣਗੀਆਂ।
- ਮੱਛਰਾਂ ਤੋਂ ਬਚਾਅ ਲਈ ਥੋੜ੍ਹੇ ਜਿਹੇ ਪਿਆਜ਼ ਕਮਰੇ ਵਿਚ ਲਟਕਾ ਦਿਓ।
- ਵਰਤੋਂ ਵਿਚ ਲਿਆਂਦੀਆਂ ਹੋਈਆਂ ਮੱਛਰ ਮਾਰਨ ਵਾਲੀਆਂ ਟਿੱਕੀਆਂ ਨੂੰ ਟੀਨ ਦੇ ਡੱਬੇ ਵਿਚ ਇਕੱਠੀਆਂ ਕਰ ਲਓ। ਜਿਸ ਦਿਨ ਘਰ ਵਿਚ ਬਿਜਲੀ ਨਾ ਹੋਵੇ, ਉਸ ਦਿਨ ਇਨ੍ਹਾਂ ਨੂੰ ਇਕੱਠਿਆਂ ਬਾਲ ਕੇ ਬੁਝਾ ਦਿਓ। ਥੋੜ੍ਹੀ ਦੇਰ ਵਿਚ ਹੀ ਘਰ 'ਚੋਂ ਸਾਰੇ ਮੱਛਰ ਭੱਜ ਜਾਣਗੇ।
- ਗਰਮ ਪਾਣੀ ਵਿਚ ਸਪੰਜ ਭਿਉਂ ਕੇ ਉਸ ਨੂੰ ਨਿਚੋੜ ਲਓ ਤੇ ਉਸ ਉੱਤੇ 2-3 ਬੂੰਦਾਂ ਚਮੇਲੀ ਦੇ ਤੇਲ ਦੀਆਂ ਪਾ ਕੇ ਕਮਰੇ ਵਿਚ ਲਟਕਾ ਦਿਓ, ਮੱਖੀ-ਮੱਛਰ ਦੂਰ ਰਹਿਣਗੇ।
- ਮੱਛਰ ਨੂੰ ਭਜਾਉਣ ਦਾ ਆਸਾਨ ਤਰੀਕਾ ਹੈ ਕਿ ਪਲੰਘ, ਕੁਰਸੀ ਆਦਿ ਦੇ ਹੇਠਾਂ ਪਿਆਜ਼ ਦਾ ਰਸ ਛਿੜਕ ਦਿਓ।
- ਇਕ ਚਮਚਾ ਕੌਫੀ ਪਾਊਡਰ ਨੂੰ ਤਵੇ 'ਤੇ ਸਾੜ ਕੇ ਧੂਣੀ ਦਿਓ, ਰਸੋਈ ਵਿੱਚੋਂ ਮੱਖੀ-ਮੱਛਰ ਭੱਜ ਜਾਣਗੇ।
- ਜੇ ਘਰ 'ਚ ਮੱਛਰ ਭਜਾਉਣ ਵਾਲੀ ਮਸ਼ੀਨ ਨਹੀਂ ਹੈ ਤਾਂ ਨਾਈਟ ਲੈਂਪ ਜਗਾ ਕੇ ਉਸ 'ਤੇ ਮੱਛਰ ਭਜਾਉਣ ਵਾਲੀ ਟਿੱਕੀ ਰੱਖ ਦਿਓ, ਉਹ ਮਸ਼ੀਨ ਦਾ ਹੀ ਕੰਮ ਕਰੇਗੀ ਤੇ ਇਸ ਨਾਲ ਮੱਛਰ ਭੱਜ ਜਾਣਗੇ।
- ਮੰਜੇ 'ਤੇ ਸ਼ਹਿਤੂਤ ਦੇ ਪੱਤੇ ਵਿਛਾ ਦੇਣ ਨਾਲ ਖਟਮਲ ਭੱਜ ਜਾਂਦੇ ਹਨ।
- ਘਰ ਵਿਚ ਚੂਹੇ ਹੋਣ ਤਾਂ ਕਿਤਾਬਾਂ ਦੇ ਰੈਕ ਜਾਂ ਕੱਪੜਿਆਂ ਵਾਲੀ ਅਲਮਾਰੀ ਵਿਚ ਫਿਨਾਈਲ ਦੀਆਂ ਗੋਲੀਆਂ ਰੱਖੋ, ਚੂਹੇ ਭੱਜ ਜਾਣਗੇ।
- ਫਟਕੜੀ ਦਾ ਚੂਰਾ ਚੂਹਿਆਂ ਦੀ ਖੁੱਡ ਅਤੇ ਘੁੰਮਣ ਵਾਲੀ ਥਾਂ 'ਤੇ ਰੱਖ ਦਿਓ, ਚੂਹੇ ਨਹੀਂ ਆਉਣਗੇ।
- ਚੂਹੇ ਫੜਨ ਲਈ ਚੂਹੇਦਾਨੀ ਵਿਚ ਰੋਟੀ ਲਗਾਉਂਦੇ ਸਮੇਂ ਜੇਕਰ ਰੋਟੀ 'ਤੇ ਜੈਮ ਲਗਾ ਦਿੱਤਾ ਜਾਵੇ ਤਾਂ ਚੂਹੇ ਖ਼ੁਸ਼ਬੂ ਕਾਰਨ ਉਸ ਵਿਚ ਜ਼ਰੂਰ ਫਸਣਗੇ।
- ਕਿਰਲੀਆਂ ਭਜਾਉਣ ਲਈ ਕਮਰੇ ਵਿਚ ਮੋਰ ਦੇ ਖੰਭ ਰੱਖੋ।
- ਗੱਦਿਆਂ ਵਿਚ ਵੜ ਕੇ ਪਰੇਸ਼ਾਨ ਕਰਨ ਵਾਲੇ ਛੋਟੇ-ਛੋਟੇ ਕੀੜਿਆਂ ਤੋਂ ਬਚਣ ਲਈ ਗੱਦਿਆਂ ਦੇ ਹੇਠ ਜੇ ਥੋੜ੍ਹੀ ਕਾਲੀ ਮਿਰਚ ਦਾ ਪਾਊਡਰ ਪਾ ਦਿੱਤਾ ਜਾਵੇ ਤਾਂ ਬੈੱਡ ਉੱਪਰ ਕੀੜੇ ਨਹੀਂ ਆਉਣਗੇ।
- ਜੇ ਬੱਚਿਆਂ ਦੇ ਸਿਰ ਵਿਚ ਜੂੰਆਂ ਪੈ ਗਈਆਂ ਹੋਣ ਤਾਂ ਰਾਤ ਸਮੇਂ ਸਿਰਹਾਣੇ 'ਤੇ ਤੁਲਸੀ ਦੀਆਂ ਪੱਤੀਆਂ ਖਿਲਾਰਨ ਨਾਲ ਜੂੰਆਂ ਭੱਜ ਜਾਣਗੀਆਂ। ਜੇ ਜੂੰਆਂ ਇਕ ਵਾਰ ਨਾ ਭੱਜਣ ਤਾਂ ਇਸ ਪ੍ਰਕਿਰਿਆ ਨੂੰ ਦੋ-ਤਿਨ ਵਾਰ ਦੋਹਰਾਓ।

• ਪੰਕਜ ਸੂਦ

# ਦਰਦ ਨਾ ਜਾਣੇ ਕੋਈ

**ਉਹ ਆਪ ਹੀ ਦੱਸਣ ਲੱਗੀ ਕਿ ਉਸ ਦੀ ਭੈਣ ਮੇਰੇ ਘਰ ਵਾਲੇ ਨਾਲ ਵਿਆਹੀ ਹੋਈ ਸੀ ਪਰ ਉਹ ਉਸ ਨੂੰ ਚੰਗੀ ਨਾ ਲੱਗੀ ਕਿਉਂਕਿ ਉਹ ਸੁਸਤ ਸੀ ਥੋੜ੍ਹੀ, ਇਸ ਲਈ ਤਲਾਕ ਹੋ ਗਿਆ ਤੇ ਮੇਰਾ ਵਿਆਹ ਭੈਣ ਦੇ ਘਰ ਵਾਲੇ ਨਾਲ ਕਰ ਦਿੱਤਾ ਮੇਰੇ ਪਿਓ ਨੇ...**

• ਸਤਨਾਮ ਚੌਹਾਨ

ਗੇਟ ਦੀ ਘੰਟੀ ਵੱਜਦੀ ਹੈ। ਬਾਹਰ ਵੇਖਦੀ ਹਾਂ। ਕੋਈ ਔਰਤ ਗੇਟ 'ਤੇ ਖੜ੍ਹੀ ਹੈ। ਪਛਾਨਣ ਦੀ ਕੋਸ਼ਿਸ਼ ਕਰਦੀ ਹਾਂ। ਇਹ ਸਫ਼ਾਈ ਸੇਵਿਕਾ ਤਾਂ ਲੱਗ ਨਹੀਂ ਰਹੀ, ਉਹ ਤਾਂ ਪੈਸੇ ਲੈ ਗਈ ਸੀ। ਪਰ ਇਹ ਹੈ ਕੌਣ, ਜਾਣੀ-ਪਛਾਣੀ ਲੱਗ ਰਹੀ ਹੈ। ਦਿਮਾਗ਼ 'ਤੇ ਜ਼ੋਰ ਦੇ ਕੇ ਸੋਚਦੀ ਹਾਂ ਤਾਂ ਕੁਝ ਯਾਦ ਨਹੀਂ ਆਉਂਦਾ। ਉਹ ਆਪ ਹੀ ਬੋਲ ਪਈ, 'ਭੈਣ ਜੀ ਬੂਹਾ ਖੋਲ੍ਹੋ ਮੈਂ...ਮੈਂ ਜੀਤੀ।'

'ਜੀਤੀ...?' ਇਸ ਤਰ੍ਹਾਂ ਦੀ ਹਾਲਤ 'ਚ ਕਿਥੋਂ ਆ ਰਹੀ ਏਂ? ਭੈਣ ਜੀ....ਇਸ ਤੋਂ ਅੱਗੇ ਉਸ ਤੋਂ ਬੋਲਿਆ ਨਹੀਂ ਜਾ ਰਿਹਾ ਸੀ। ਛੰਮ-ਛੰਮ ਅੱਥਰੂ ਉਸ ਦੀਆਂ ਅੱਖਾਂ ਚੋਂ ਵਗ ਤੁਰੇ। ਜੀਤੀ ਨੂੰ ਬੈਠਣ ਲਈ ਕਹਿ ਕੇ ਪਾਣੀ ਦਾ ਗਿਲਾਸ ਉਸ ਨੂੰ ਫੜਾਉਂਦੇ ਹੋਏ ਪੁੱਛਿਆ, 'ਕੀ ਹੋਇਆ?' 'ਬਸ...ਭੈਣ ਜੀ! ਮੇਰੀ ਤਾਂ ਕਿਸਮਤ ਹੀ ਮਾੜੀ ਹੈ' ਕਹਿ ਕੇ ਉਹ ਰੋਣ ਲੱਗੀ। ਮੈਂ ਉਸ ਨੂੰ ਚੁੱਪ ਕਰਾਉਂਦਿਆਂ ਪੁੱਛਿਆ,

'ਦੱਸ ਤਾਂ ਸਹੀ ਕੀ ਹੋਇਆ?

'ਭੈਣ ਜੀ, ਥਾਣੇ ਰਿਪੋਰਟ ਲਿਖਵਾ ਕੇ ਆਈ ਹਾਂ।'

'ਕਿਉਂ, ਕੀ ਹੋਇਆ?'

'ਮੇਰੇ ਦਿਓਰ ਦਾ ਕੀ ਹੱਕ ਹੈ ਮੈਨੂੰ ਮਾਰਨ ਦਾ, ਉਹ ਨੇ ਮੈਨੂੰ ਕੁੱਟਿਆ ਹੈ।' ਤੇ ਉਹ ਫਿਰ ਡੁਸਕਣ ਲੱਗੀ।

ਜੀਤੀ ਸਾਡੇ ਘਰ ਕਿਰਾਏ 'ਤੇ ਰਹਿ ਕੇ ਗਈ ਸੀ। ਸੋਹਣੀ-ਸਨੁੱਖੀ, ਹੱਥ ਲਾਇਆਂ ਮੈਲੀ ਹੁੰਦੀ ਪਰ...! ਰੱਬ ਨੇ ਕਿਸਮਤ ਚੰਗੀ ਨਾ ਲਿਖੀ। ਜੀਤੀ ਜਦੋਂ ਆਈ ਤਾਂ ਉਸ ਦਾ ਪੈਰ ਭਾਰੀ ਸੀ, ਇਕ ਕੁੜੀ ਪਹਿਲਾਂ ਸੀ। ਮੈਂ ਪੁੱਛਿਆ ਕਿ ਜੀਤੀ ਦੂਜੀ ਧੀ ਹੋ ਗਈ, ਇਸ ਲਈ...? ਨਹੀਂ ਭੈਣ ਜੀ, ਇਹ ਮੇਰੀ ਨਹੀਂ ਮੇਰੀ ਭੈਣ ਦੀ ਬੇਟੀ ਹੈ। ਮੇਰੇ ਤਾਂ ਲੜਕਾ ਹੈ। ਮੈਂ ਹੈਰਾਨ ਹੋ ਕੇ ਪੁੱਛਿਆ ਕਿ ਤੁਹਾਡੀ ਭੈਣ? ਉਹ ਆਪ ਹੀ ਦੱਸਣ ਲੱਗੀ ਕਿ ਉਸ ਦੀ ਭੈਣ ਹੀ ਮੇਰੇ ਘਰ ਵਾਲੇ ਨੂੰ ਵਿਆਹੀ ਹੋਈ ਸੀ ਪਰ ਉਹ ਉਸ ਨੂੰ ਚੰਗੀ ਨਾ ਲੱਗੀ ਕਿਉਂਕਿ ਉਸ ਸੁਸਤ ਸੀ ਥੋੜ੍ਹੀ, ਇਸ ਲਈ ਤਲਾਕ ਹੋ ਗਿਆ ਤੇ ਮੇਰਾ ਵਿਆਹ ਭੈਣ ਦੇ ਘਰ ਵਾਲੇ ਨਾਲ ਕਰ ਦਿੱਤਾ ਮੇਰੇ ਪਿਓ ਨੇ।



ਹੈਂ! ਮੈਂ ਹੈਰਾਨ ਹੋ ਪੁੱਛਿਆ, 'ਇਹ ਕਿਸ ਤਰ੍ਹਾਂ, ਜਦੋਂ ਕਿ ਪਹਿਲੀ ਧੀ ਦਾ ਤਲਾਕ ਹੋਇਆ ਹੋਵੇ ਤੇ ਫਿਰ ਕਿਸ ਤਰ੍ਹਾਂ ਮਾਪਿਆਂ ਨੇ ਆਪਣੀ ਦੂਜੀ ਬੇਟੀ ਦਾ ਰਿਸ਼ਤਾ ਕਰ ਦਿੱਤਾ, ਪਹਿਲੀ ਧੀ ਦੇ ਘਰ ਵਾਲੇ ਨਾਲ ਵਿਆਹ?

ਜੀਤੀ ਕਹਿੰਦੀ 'ਭੈਣ ਜੀ ਕੀ ਕਰਦੀ, ਮੇਰਾ ਪਿਓ ਅੰਤਾਂ ਦੀ ਦਾਰੂ ਪੀਂਦਾ। ਫ਼ੌਜ ਵਿੱਚੋਂ ਰਿਟਾਇਰ ਹੋ ਕੇ ਆਇਆ ਹੈ, ਥੋੜ੍ਹੀ ਬਹੁਤੀ ਜੋ ਪੈਨਸ਼ਨ ਮਿਲਦੀ ਹੈ ਉਹ ਦਾਰੂ 'ਚ ਉੱਡਾ ਦਿੰਦਾ ਹੈ। ਘਰ ਬਿਮਾਰ ਮਾਂ ਸ਼ੂਗਰ ਦੀ ਮਰੀਜ਼, ਰੱਜ ਕੇ ਦਾਰੂ ਨਾਲ ਪਿਓ ਮਾਂ ਨੂੰ ਮਾਰਦਾ, ਗਾਲ੍ਹਾਂ ਕੱਢਦਾ। ਘਰ 'ਚ ਭੰਗ ਭੁੱਜਦੀ, ਮੈਂ ਇਸ ਨਰਕ 'ਚੋਂ ਨਿਕਲਣਾ ਚਾਹੁੰਦੀ ਸੀ। ਇਸ ਲਈ ਬਿਨਾਂ ਕਿਸੇ ਨਾਂਹ-ਨੁਕਰ ਤੋਂ ਸ਼ਿੰਦੇ ਨਾਲ ਵਿਆਹ ਕਰਾ ਲਿਆ ਪਰ ਕਹਿੰਦੇ ਹਨ ਕਿ ਬੰਦੇ ਦੇ ਭਾਗ ਨਾਲ ਹੀ ਰਹਿੰਦੇ ਹਨ, ਉਹ ਚਾਹੇ ਜਿੱਥੇ ਮਰਜ਼ੀ ਚਲਾ ਜਾਵੇ। ਮੇਰੇ ਨਾਲ ਵੀ ਇਹੋ-ਜਿਹਾ ਹੀ ਵਾਪਰਿਆ। ਜਿਸ ਸ਼ਰਾਬੀ ਪਿਓ ਤੋਂ ਡਰਦੀ ਨੇ ਤਲਾਕਸ਼ੁਦਾ ਜੀਜੇ ਨਾਲ ਵਿਆਹ ਕਰਵਾਇਆ ਸੀ, ਉਹ ਵੀ ਸ਼ਰਾਬੀ ਹੈ, ਨਾ ਕੋਈ ਕੰਮ, ਨਾ ਕਾਰ, ਸਿਰਫ਼ ਵਿਖਾਵਾ।' ਜਦੋਂ ਮੇਰੀ ਕੋਠੀ ਕਿਰਾਏ 'ਤੇ ਲੈਣੀ ਸੀ ਤਾਂ ਜੀਤੀ ਦਾ ਸਹੁਰਾ ਆਇਆ ਸੀ ਪੁੱਛਣ। ਉਸ ਨੇ ਦੱਸਿਆ ਕਿ ਮੈਂ ਡੀਐੱਸਪੀ ਹਾਂ। ਅਸੀਂ ਸੋਚਿਆਂ ਚਲੋ ਛੋਟਾ ਜਿਹਾ ਪਰਿਵਾਰ ਹੈ, ਇਸ ਲਈ ਕਿਰਾਏ 'ਤੇ ਕੋਠੀ ਦੇ ਦਿੱਤੀ ਪਰ ਜੀਤੀ ਦੇ ਹਾਲਾਤ ਤਾਂ ਬਹੁਤੀ ਵਧੀਆ ਨਹੀਂ ਸਨ। ਸ਼ਿੰਦਾ ਨਿੱਤ ਸ਼ਰਾਬ ਪੀ ਕੇ ਆਉਂਦਾ, ਸਹੁਰਾ ਵੀ ਪੀਂਦਾ। ਅਸੀਂ ਪਰੇਸ਼ਾਨ ਹੋ ਗਏ। ਸਾਡਾ ਧੀਆਂ ਵਾਲਾ ਘਰ ਤੇ ਇਹ ਕਿੱਥੋਂ ਸ਼ਰਾਬੀ ਟੱਬਰ ਕਿਰਾਏ 'ਤੇ ਰੱਖ ਲਿਆ। ਮਕਾਨ ਖਾਲੀ ਕਰਨ ਨੂੰ ਕਿਹਾ। ਜੀਤੀ ਆਪਣੀ ਧੀ ਤੇ ਹੋਣ ਵਾਲੇ ਬੱਚੇ ਦਾ ਵਾਸਤਾ ਦੇ ਕੇ ਕਹਿੰਦੀ, 'ਭੈਣ ਜੀ, ਸਾਨੂੰ ਥੋੜ੍ਹੀ ਦੇਰ ਹੋਰ ਰਹਿਣ ਦਿਓ। ਅਸੀਂ ਇਨਸਾਨੀਅਤ ਦੇ ਨਾਂ 'ਤੇ ਉਸ ਨੂੰ ਜਣੇਪੇ ਤਕ ਰਹਿਣ ਲਈ ਹਾਂ ਕਰ ਦਿੱਤੀ। ਜੀਤੀ ਨੇ ਧੀ ਨੂੰ ਜਨਮ ਦਿੱਤਾ।

ਉਹ ਕਿਰਾਇਆ ਬੜੀ ਮੁਸ਼ਕਿਲ ਦਿੰਦੀ ਸੀ, ਪੈਸੇ ਕਦੀ ਆਪਣੀ ਭੈਣ ਤੋਂ ਮੰਗਵਾਉਂਦੀ। ਪਤਾ ਨਹੀਂ ਕਿਸ ਤਰ੍ਹਾਂ ਉਹ ਘਰ ਚਲਾਉਂਦੀ ਸੀ। ਉਸ ਦਾ ਦਿਓਰ ਜਦੋਂ ਵੀ ਆਉਂਦਾ ਰੋਅਬ ਪਾਉਂਦਾ ਉਸ 'ਤੇ। ਉਹ ਵਿਚਾਰੀ ਪਿੱਛੋਂ ਪੇਕਿਆਂ ਤੋਂ ਕੋਈ ਡਰ ਨਾ ਹੋਣ ਕਰਕੇ ਉਸ ਨੂੰ ਸਹੁਰੇ ਪਰਿਵਾਰ ਵਾਲੇ ਜੋ ਮਰਜੀ ਕਹਿੰਦੇ। ਕੀ ਕਰਦੀ ਉਹ ਕਦੇ ਲੜਦੀ, ਕਦੇ ਰੋਂਦੀ ਪਰ ਫਿਰ ਜਿਵੇਂ ਕਿਵੇਂ ਆਪਣੀ ਜ਼ਿੰਦਗੀ ਨੂੰ ਚਲਾਉਣ ਦੀ ਕੋਸ਼ਿਸ਼ ਕਰਦੀ।

'ਜੀਤੀ ਹੁਣ ਤਾਂ ਕਿਤੇ ਹੋਰ ਰਹਿੰਦੀ ਏਂ ਤੂੰ।' ਮੈਂ ਉਹ ਨੂੰ ਪੁੱਛਿਆ, 'ਫੇਰ ਅੱਜ ਇਸ ਹਾਲਤ 'ਚ ਕਿਸ ਤਰ੍ਹਾਂ ਇੱਥੇ?' ਭੈਣ ਜੀ, ਮੈਂ ਵੱਡੀ ਕੁੜੀ ਨੂੰ ਲੈਣ ਆਈ ਸਾਂ, ਉਹ ਇੱਥੇ ਦਿਓਰ ਤੇ ਸੱਸ-ਸਹੁਰੇ ਨਾਲ ਰਹਿੰਦੀ ਹੈ। ਇਸ ਦੀ ਮਾਂ ਇਸ ਲਈ ਮੁੰਡੇ ਦੀ ਦੱਸ ਪਾ ਰਹੀ ਹੈ, ਮੈਂ ਲੈਣ ਆਈ ਸੀ ਇਸ ਨੂੰ। ਜੇ ਇਹਦਾ ਕਿਤੇ ਚੰਗੇ ਥਾਂ ਰਿਸ਼ਤਾ ਹੋ ਜਾਵੇ ਤਾਂ ਘੱਟੋ-ਘੱਟ ਇਹ ਤਾਂ ਇਸ ਨਰਕ 'ਚੋਂ ਨਿਕਲੇ।

ਸ਼ਿੰਦਾ ਹੁਣ ਵੀ ਸ਼ਰਾਬ ਪੀਂਦਾ ਹੈ ਤੇ ਕੋਈ ਕੰਮਕਾਰ ਵੀ ਨਹੀਂ ਕਰਦਾ, ਜੇ ਕਿਤੇ ਕੰਮ ਲੱਗ ਵੀ ਜਾਂਦਾ ਤਾਂ ਥੋੜ੍ਹੀ ਦੇਰ ਬਾਅਦ ਛੱਡ ਆਉਂਦਾ। ਭੈਣ ਜੀ, ਮੈਂ ਪਤਾ ਨਹੀਂ ਕਿਵੇਂ ਗੁਜ਼ਾਰਾ ਕਰਦੀ ਹਾਂ। ਖ਼ਰਚਾ ਮੇਰੀ ਭੈਣ ਭੇਜਦੀ ਹੈ ਤੇ ਕੁਝ ਮੈਂ ਕੰਮ ਕਰ ਕੇ ਲਿਆਉਂਦੀ ਹਾਂ। ਕਿਰਾਏ ਦਾ ਮਕਾਨ ਹੈ। ਹੁਣ ਮੇਰਾ ਦਿਓਰ ਕਹਿੰਦੈ ਕਿ ਵਿਆਹ ਨਾਨਕੇ ਹੀ ਕਰਨਗੇ ਕੁੜੀ ਦਾ। ਮੈਂ ਕਿਹਾ ਕਿ ਕਿਉਂ ਵਿਆਹ ਤੁਸੀਂ ਕਰੋ। ਬੱਸ ਭੈਣ ਜੀ, ਇਸੇ ਗੱਲ ਤੋਂ ਵੱਧ ਗਈ ਗੱਲ। ਬਹਿਸ ਹੋਈ ਤੇ ਉਸ ਨੇ ਮੈਨੂੰ ਧੱਕੇ ਮਾਰੇ ਤੇ ਕੁੱਟਿਆ ਵੀ। ਇੰਨੀ ਦੇਰ 'ਚ ਪੁਲਿਸ ਵਾਲੇ ਦਾ ਫੋਨ ਆਇਆ ਕਿ ਅਸੀਂ ਆ ਰਹੇ ਹਾਂ, ਤੇ ਉਹ ਚੱਲੀ ਗਈ।

ਫਿਰ ਪਤਾ ਨਹੀਂ ਕੀ ਹੋਇਆ ਹੋਵੇਗਾ ਪਰ ਮੈਂ ਜ਼ਰੂਰ ਉਸ ਦੀ ਹਾਲਤ ਵੇਖ ਕੇ ਸੋਚੀਂ ਪੈ ਗਈ ਕਿ ਇਸ ਔਰਤ ਦਾ ਦਰਦ ਕੌਣ ਜਾਣਦਾ ਹੈ। ਸਾਰੀ ਉਮਰ ਬਚਪਨ ਤੋਂ ਲੈ ਕੇ ਆਖ਼ਰੀ ਸਮੇਂ ਤਕ ਧੱਕੇ ਹੀ ਧੱਕੇ। ਫਿਰ ਵੀ ਜੀ ਰਹੀ ਹੈ। ਬੱਚਿਆਂ ਦੀ ਖ਼ਾਤਿਰ, ਆਖ਼ਰ ਮਾਂ ਹੈ! ਪਰ ਇਸ ਦਾ ਦਰਦ ਕੌਣ ਪਛਾਣੇਗਾ? •

ਮੋਬਾਈਲ : 98886-15531



# ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥ ਵੇਦ

ਅਥਰਵੇਦ:-ਅਥਰਵ ਤੋਂ ਭਾਵ ਹੈ ਹਵਨ ਕਰਨ ਵਾਲਾ। ਇਸ ਵੇਦ ਵਿਚ ਵਧੇਰੇ ਭੌਤਿਕਤਾ ਪ੍ਰਧਾਨ ਮਜ਼ਮੂਨ ਸ਼ਾਮਲ ਕੀਤੇ ਗਏ ਹਨ। ਯੱਗ, ਹਵਨ ਆਦਿ ਕਰਨ ਦੀ ਵਿਧੀ, ਯੱਗ ਕਰਾਉਣ ਵਾਲਿਆਂ ਦੇ ਪ੍ਰਕਾਰ ਬਾਰੇ ਦੱਸਿਆ ਗਿਆ ਹੈ। ਜੜ੍ਹੀਆਂ-ਬੂਟੀਆਂ ਅਤੇ ਔਸ਼ਧੀਆਂ ਬਾਬਤ ਵੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਅਰਥ ਸ਼ਾਸਤਰ ਇਸੇ ਹੀ ਵੇਦ ਦਾ ਉਪ ਵੇਦ ਹੈ। ਸ਼ਿਲਪ ਕਲਾ ਨਾਲ ਸਬੰਧਤ ਜਾਣਕਾਰੀ ਵੀ ਇਸ ਵੇਦ ਵਿਚੋਂ ਮਿਲ ਜਾਂਦੀ ਹੈ। ਅਥਰਵੇਦ ਵਿਚ ਮੰਤਰਾਂ ਦੀ ਗਿਣਤੀ 5977 ਹੈ। ਸਰਪ, ਪਿਸਾਚ, ਅਸੁਰ, ਇਤਿਹਾਸ ਅਤੇ ਪੁਰਾਣ ਇਸ ਦੇ ਪੰਜ ਉਪ ਵੇਦ ਸਵੀਕਾਰੇ ਗਏ ਹਨ। ਸਵਾਮੀ ਦਯਾਨੰਦ ਨੇ ਸ਼ਸਤ੍ਰ-ਅਸਤ੍ਰ ਵਿੱਦਿਆ ਨੂੰ ਵੀ ਇਸ ਦਾ ਹੀ ਉੱਪਵੇਦ ਮੰਨਿਆ ਹੈ।

ਇਸ ਵੇਦ ਦਾ ਮੁਤਾਲਿਆ ਕਰਨ ਨਾਲ ਰਿਸ਼ੀਆਂ-ਮੁਨੀਆਂ ਦੀ ਵਿਆਪਕ ਦ੍ਰਿਸ਼ਟੀ ਅਤੇ ਜੜ੍ਹੀਆਂ-ਬੂਟੀਆਂ ਸਬੰਧੀ ਡੂੰਘੀ ਖੋਜ ਦਾ ਪਤਾ ਵੀ ਚੱਲਦਾ ਹੈ। ਇਸ ਵਿਚ 289 ਔਸ਼ਧੀਆਂ ਦੇ ਗੁਣਾਂ ਅਤੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅਜਰ-ਅਮਰ ਕਰ ਦੇਣ ਵਾਲੀਆਂ ਔਸ਼ਧੀਆਂ ਦੀ ਗੱਲ ਵੀ ਅਥਰਵੇਦ ਵਿਚ ਹੀ ਕੀਤੀ ਗਈ ਹੈ। ਜਾਦੂ-ਟੂਣਿਆਂ ਦਾ ਵਿਸਥਾਰਤ ਗਿਆਨ ਵੀ ਇਸ ਵਿਚ ਦਿੱਤਾ ਗਿਆ ਹੈ।

ਭੂਤਾਂ-ਪ੍ਰੇਤਾਂ ਅਤੇ ਹੋਰ ਨਾਸ਼ਕ ਸ਼ਕਤੀਆਂ ਤੋਂ ਬਚਾਅ ਦੇ ਉਪਾਅ ਇਸ ਵੇਦ ਵਿਚ ਮੌਜੂਦ ਹਨ। ਬਦਰੂਹਾਂ ਤੋਂ ਮਹਿਫ਼ੂਜ ਰਹਿਣ ਲਈ ਪਹਿਨੇ ਜਾਣ ਵਾਲੇ ਤਵੀਤ ਵੀ ਇਸ ਵੇਦ ਦੇ ਮੰਤਰਾਂ ਨਾਲ ਹੀ ਲਾਹੇਵੰਦ ਬਣਾਏ ਜਾਂਦੇ ਰਹੇ ਹਨ। ਔਰਤਾਂ ਲਈ ਸੋਨੇ ਦਾ ਮਹੱਤਵ ਵਰਨਣ ਕੀਤਾ ਗਿਆ ਹੈ ਜੋ ਕਿ ਸ਼ਾਂਤੀ ਪ੍ਰਦਾਨ ਕਰਨ ਦਾ ਚਿੰਨ੍ਹ ਹੈ। ਔਰਤ ਨੂੰ ਧਰਤੀ ਦੇ ਵਿਸ਼ਾਲ ਗੁਣਾਂ ਨਾਲ ਤੁਲਨਾਇਆ ਗਿਆ ਹੈ ਜੋ ਸਭ ਨੂੰ ਸੁਖ, ਸ਼ਾਂਤੀ ਅਤੇ ਕੁਦਰਤੀ ਵਸਤਾਂ ਪ੍ਰਦਾਨ ਕਰਦੀ ਹੈ।

ਉਪਰੋਕਤ ਚਰਚਾ ਤੋਂ ਅਸੀਂ ਇਸ ਨਿਰਣੇ ’ਤੇ ਪਹੁੰਚਦੇ ਹਾਂ ਕਿ ਇਹ ਚਾਰੇ ਵੇਦ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਭਾਰਦੇ ਹਨ। ਇਨ੍ਹਾਂ ਵਿੱਚੋਂ ਅਸੀਂ ਭਾਰਤੀ ਸਮਾਜ ਅਤੇ ਸਭਿਆਚਾਰ ਦੇ ਆਦਿ-ਕਾਲ ਦੀ ਨੁਹਾਰ ਦੇਖ ਸਕਦੇ ਹਾਂ।

ਇਨ੍ਹਾਂ ਵੇਦਾਂ ਦੀ ਵਿਚਾਰਧਾਰਾ ਮਨੁੱਖੀ ਮੁਸ਼ਕਿਲਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਨਿਵਾਰਨ ਦੀ ਬਾਤ ਵੀ ਪਾਉਂਦੀ ਹੈ। ਭਾਵੇਂ ਸਮੇਂ ਦੇ ਨਾਲ-ਨਾਲ ਬਹੁਤ ਕੁੱਝ ਬਦਲਦਾ ਰਹਿੰਦਾ ਹੈ ਪਰ ਇਨ੍ਹਾਂ ਵੇਦਾਂ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ। ਵੇਦਾਂ ਦੇ ਇਸ ਮਹੱਤਵ ਦੀ ਪੁਸ਼ਟੀ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਪਾਵਨ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ :

**ਚਾਰੇ ਵੇਦ ਹੋਏ ਸਚਿਆਰ॥**
**ਪੜਹਿ ਗੁਣਹਿ ਤਿੰਨ ਚਾਰ ਵੀਚਾਰ॥**
(ਅੰਗ 470)

**ਰਮੇਸ਼ ਬੱਗਾ ਚੋਹਲਾ**
**ਮੋਬਾਈਲ** : 94631 32718

# ਸਿੱਖ ਧਰਮ ਅਤੇ ਵਿਗਿਆਨ

• ਰਣਜੀਤ ਸਿੰਘ

ਰੂਹਾਨੀਅਤ ਨਾਲ ਭਰਪੂਰ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨਾਲ ਇਕਮਿਕ ਹੋ ਕੇ ਜੋ ਵਿਗਿਆਨਕ ਤੱਥ ਸਾਡੇ ਸਾਹਮਣੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਰੱਖੇ ਹਨ, ਉਨ੍ਹਾਂ ਨੂੰ ਅੱਜ ਦੇ ਵਿਗਿਆਨੀਆਂ ਨੇ ਹੁਣ ਖੋਜਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਖੋਜਦੇ ਰਹਿਣਗੇ। ਗੁਰੂ ਨਾਨਕ ਦੇਵ ਜੀ ਸੰਸਾਰ ਦੇ ਪਹਿਲੇ ਅਜਿਹੇ ਪੈਗੰਬਰ ਹੋਏ ਹਨ ਜਿਨ੍ਹਾਂ ਨੇ ਇਹ ਵਿਚਾਰ ਰੱਦ ਕਰ ਦਿੱਤਾ ਹੈ ਕਿ ਧਰਤੀ ਬਲਦ ਦੇ ਸਿੰਗਾਂ ਦੇ ਸਹਾਰੇ ਖੜ੍ਹੀ ਹੈ। ਆਪ ਨੇ ਦੱਸਿਆ ਕਿ ਧਰਤੀ ਕੇਵਲ ਇਕ ਉਹ ਹੀ ਨਹੀਂ ਹੈ ਜਿਸ ’ਤੇ ਅਸੀਂ ਜੀਵਨ ਬਤੀਤ ਕਰ ਰਹੇ ਹਾਂ ਸਗੋਂ ਇਸ ਤੋਂ ਅੱਗੇ ਹੋਰ ਵੀ ਕਈ ਧਰਤੀਆਂ ਹਨ ਤਾਂ ਉਹ ਕਿਸ ਦੇ ਸਹਾਰੇ ਖੜ੍ਹੀਆਂ ਹਨ? ਆਪ ਨੇ ਸਭ ਨੂੰ ਵੰਗਾਰ ਪਾ ਕੇ ਇਹ ਸਿਧਾਂਤ ਦ੍ਰਿੜ ਕਰਵਾਇਆ

ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

ਕਾਪਰਨੀਕਸ ਤੇ ਗੈਲੀਲੀਓ ਮਹਾਨ ਵਿਗਿਆਨੀਆਂ ਨੇ ਅੰਬਰ ਦੀਆਂ ਡੂੰਘਾਈਆਂ ਨੂੰ ਆਪਣੀ ਖੋਜ ਨਾਲ ਦੇਖ ਕੇ ਸਾਡੇ ਸਾਹਮਣੇ ਇਹ ਤੱਥ ਪੇਸ਼ ਕੀਤੇ ਕਿ ਸੂਰਜ, ਧਰਤੀ, ਚੰਦ ਤੇ ਹੋਰ ਗ੍ਰਹਿ ਲਗਾਤਾਰ ਘੁੰਮ ਰਹੇ ਹਨ। ਇਹ ਧਾਰਨਾ ਈਸਾਈ ਜਗਤ ਦੇ ਧਾਰਮਿਕ ਗ੍ਰੰਥਾਂ ਦੇ ਅਨੁਕੂਲ ਨਹੀਂ ਸੀ। ਇਸ ਲਈ ਯੂਰਪ ਦੀਆਂ ਧਾਰਮਿਕ ਸੰਸਥਾਵਾਂ, ਚਰਚ ਅਤੇ ਪੋਪ ਵੱਲੋਂ ਇਸ ਦੀ ਸਖ਼ਤ ਵਿਰੋਧਤਾ ਕੀਤੀ ਗਈ। ਜਿਸ ਦੇ ਸਿੱਟੇ ਵਜੋਂ ਕਾਪਰਨੀਕਸ ਤਾਂ ਆਪਣੀ ਖੋਜ ਜਾਹਿਰ ਹੀ ਨਾ ਕਰ ਸਕਿਆ ਅਤੇ ਗੈਲੀਲੀਓ ਨੇ ਮਾਫ਼ੀ ਮੰਗ ਕੇ ਜੇਲ੍ਹ ਵਿੱਚੋਂ ਆਪਣੀ ਜਾਨ ਬਚਾਈ। ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਗੈਲੀਲੀਓ ਤੋਂ ਸੌ ਸਾਲ ਪਹਿਲਾਂ ਹੀ ਦੁਨੀਆ ਸਾਹਮਣੇ ਇਹ ਵਿਚਾਰ ਰੱਖਿਆ ਸੀ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥

ਗੁਰੂ ਨਾਨਕ ਸਾਹਿਬ ਨੇ ਬ੍ਰਹਿਮੰਡ ਦੇ ਲੱਖਾਂ ਹੀ ਚੰਦ, ਤਾਰੇ ਅਤੇ ਹੋਰ ਗ੍ਰਹਿਆਂ ਦੇ ਭੇਦ ਪਹਿਲੀ ਵਾਰ ਖੋਲ੍ਹੇ। ਉਹ ਕਿਹੜੀ ਸ਼ਕਤੀ ਜਾਂ ਈਂਧਨ ਹੈ ਜੋ ਇਨ੍ਹਾਂ ਗ੍ਰਹਿਆਂ ਨੂੰ ਕਰੋੜਾਂ ਸਾਲਾਂ ਤੋਂ ਇਕਸਾਰ ਲਗਾਤਾਰ ਚਲਾ ਰਹੀ ਹੈ ਅਤੇ ਅਰਬਾਂ ਖਰਬਾਂ ਮੀਲ ਚੱਲ ਕੇ ਵੀ ਜਿਉਂ ਦੇ ਤਿਉਂ ਚੱਲ ਰਹੇ ਹਨ। ਅਕਾਲ ਪੁਰਖ ਨੇ ਇਨ੍ਹਾਂ ਵਿਚ ਅਮੁੱਕ ਸ਼ਕਤੀ ਇਕੋ ਵਾਰੀ ਭਰ ਦਿੱਤੀ ਹੈ ਅਤੇ ਵਾਰ-ਵਾਰ ਇਹ ਸ਼ਕਤੀ ਭਰਨ ਦੀ ਲੋੜ ਨਹੀਂ।

ਆਪ ਜੀ ਨੇ ਜਪੁ ਬਾਣੀ ਵਿਚ ਫੁਰਮਾਇਆ ਹੈ :

ਆਸਣੁ ਲੋਇ ਲੋਇ ਭੰਡਾਰੁ॥
ਜੋ ਕਿਛੁ ਪਾਇਆ ਸੁ ਏਕਾ ਵਾਰ॥

ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਵਿਗਿਆਨਕ ਤੱਥ ਸਾਡੇ ਸਾਹਮਣੇ ਰੱਖਿਆ ਜਿਸ ਨੂੰ ਅੱਜ ਸਾਰੇ ਸਾਇੰਸਦਾਨ ਮੰਨਦੇ ਹਨ ਕਿ ਚੰਦਰਮਾ ਦੀ ਆਪਣੀ ਕੋਈ ਰੋਸ਼ਨੀ ਨਹੀਂ ਹੈ। ਇਹ ਸੂਰਜ ਦੀ ਰੋਸ਼ਨੀ ਨੂੰ ਹੀ ਪਰਿਵਰਤਿਤ ਕਰਦਾ ਹੈ। ਚੰਦਰਮਾ ਦੇ ਜਿਸ ਭਾਗ ਤੇ ਸੂਰਜ ਦੀ ਰੋਸ਼ਨੀ ਪੈਂਦੀ ਹੈ, ਉਹ ਭਾਗ ਸਾਨੂੰ ਦਿਖਾਈ ਦਿੰਦਾ ਹੈ :

ਸਸਿ ਘਰਿ ਸੂਰੁ ਦੀਪਕੁ ਗੈਣਾਰੇ॥
ਅਤੇ
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥

ਸੰਸਾਰ ਦੀ ਉਤਪਤੀ ਅਤੇ ਨਾਸ਼ਵਾਨਤਾ ਦੀ ਸਚਾਈ ਬਾਰੇ ਗੁਰਬਾਣੀ ਦੀ ਵਿਆਖਿਆ ਵੀ ਅੱਜ ਦੀਆਂ ਵਿਗਿਆਨਕ ਖੋਜਾਂ ਦੇ ਅਨੁਕੂਲ ਹੈ ਅਤੇ ਬਾਕੀ ਧਰਮਾਂ ਦੀ ਵਿਚਾਰਧਾਰਾ ਨੂੰ ਰੱਦ ਕਰਦੀ ਹੈ। ਪੱਛਮੀ ਮੱਤਾਂ ਦੀ ਵਿਆਖਿਆ ਤਾਂ ਮਨੋਕਲਪਿਤ ਹੀ ਲੱਗਦੀ ਹੈ। ਈਸਾਈ ਮੱਤ ਦਾ ਇਹ ਕਹਿਣਾ ਹੈ ਕਿ ਪ੍ਰਮਾਤਮਾ ਨੇ 6 ਦਿਨ ਸ੍ਰਿਸ਼ਟੀ ਸਾਜਣ ਵਿਚ ਲਾਏ ਅਤੇ ਸੱਤਵੇਂ ਦਿਨ ਐਤਵਾਰ ਅਰਾਮ ਕੀਤਾ, ਹਾਸੋਹੀਣੀ ਹੀ ਜਾਪਦੀ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖ ਦੇ ਇਕ ਹੁਕਮ ਜਾਂ ਫੁਰਨੇ ਨਾਲ ਹੀ ਸਾਰੇ ਬ੍ਰਹਿਮੰਡ ਦਾ ਪਸਾਰਾ ਆਰੰਭ ਹੋਇਆ ਹੈ ਅਤੇ ਲੱਖਾਂ ਹੀ ਦਰਿਆ ਹੋਂਦ ’ਚ ਆ ਗਏ।

ਸੰਨ 2012 ’ਚ ਵਿਗਿਆਨੀਆਂ ਨੇ ਇਕੱਠੇ ਹੋ ਕੇ ਸਵਿਟਜ਼ਰਲੈਂਡ ਅਤੇ ਫਰਾਂਸ ਦੀ ਸਰਹੱਦ ’ਤੇ 300 ਫੁੱਟ ਡੂੰਘੀ ਅਤੇ 27 ਕਿਲੋ ਮੀਟਰ ਲੰਬੀ ਇਕ ਪ੍ਰਯੋਗਸ਼ਾਲਾ ਬਣਾ ਕੇ ਉਸ ਇਕ ਤੱਤ ਦੀ ਖੋਜ ਕੀਤੀ ਜਿਹੜਾ ਖਰਬਾਂ ਸਾਲ ਪਹਿਲਾਂ ਧੁੰਦੂਕਾਰੇ ਵਿੱਚੋਂ ਇਕ ਕਣ ਤੋਂ ਧਰਤੀ ਬਣਿਆ ਸੀ। ਇਸ ਕਣ ਦਾ ਨਾਂ ਉਨ੍ਹਾਂ ਨੇ ਗਾਡ ਪਾਰਟੀਕਲ ਰਖਿਆ। ਸਾਇੰਸਦਾਨ ਬਹੁਤ ਖ਼ੁਸ਼ ਹੋਏ ਕਿ ਉਨ੍ਹਾਂ ਨੇ ਪਹਿਲੀ ਵੱਡੀ ਖੋਜ ਕਰ ਕੇ ਇਹ ਜਾਣ ਲਿਆ ਹੈ ਕਿ ਇਕ ਤੋਂ ਅਨੇਕਾਂ ਕਣਾਂ ਵਿਚ ਵੰਡ ਹੋ ਕੇ ਕਿਵੇਂ ਧਰਤੀ ਦਾ ਪਸਾਰਾ ਹੋਇਆ। ਜਿਹੜੀ ਖੋਜ ਹੁਣ ਵਿਗਿਆਨੀਆਂ ਨੇ ਕੀਤੀ ਹੈ ਇਹ ਖੋਜ ਤਾਂ ਗੁਰੂ ਨਾਨਕ ਦੇਵ ਜੀ ਅੱਜ ਤੋਂ 500 ਸਾਲ ਪਹਿਲਾਂ ਹੀ ਕਰ ਚੁੱਕੇ ਹਨ। ਜਪੁ ਜੀ ਸਾਹਿਬ ਦੀ ਬਾਣੀ ਵਿਚ ਆਪ ਫੁਰਮਾਉਂਦੇ ਹਨ :

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਇ ਲਖ ਦਰੀਆਉ॥

ਭਾਵ ਅਕਾਲ ਪੁਰਖ ਦੇ ਇਕ ਹੁਕਮ ਜਾਂ ਫੁਰਨੇ ਨਾਲ ਹੀ ਸਾਰੇ ਬ੍ਰਹਿਮੰਡ ਦਾ ਪਸਾਰਾ ਹੋਇਆ ਹੈ। ਇਹ ਪਸਾਰਾ ਕਦੋਂ ਹੋਇਆ ਇਸ ਬਾਰੇ ਪ੍ਰਮਾਤਮਾ ਆਪ ਹੀ ਜਾਣਦਾ ਹੈ। ਮਨੁੱਖ ਭਾਵੇਂ ਲੱਖਾਂ ਯਤਨ ਕਰ ਲਵੇ ਉਹ ਇਸ ਪਸਾਰੇ ਦਾ ਆਦਿ ਤੇ ਅੰਤ ਨਹੀਂ ਪਾ ਸਕੇਗਾ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਜਿੱਥੇ ਅਕਾਲ ਪੁਰਖ ਦੇ ਇਕ ਫੁਰਨੇ ਨਾਲ ਇਹ ਪਸਾਰਾ ਹੋਇਆ ਹੈ ਉੱਥੇ ਇਸ ਦਾ ਅੰਤ ਵੀ ਹੋਵੇਗਾ, ਇਹ ਗੱਲ ਅੱਜ ਸਾਇੰਸਦਾਨ ਵੀ ਮੰਨਦੇ ਹਨ ਕਿ ਸੰਸਾਰ ਦਾ ਆਦਿ ਵੀ ਹੈ ਅਤੇ ਅੰਤ ਵੀ ਹੈ। ਗੁਰਬਾਣੀ ਨੇ ਇਹ ਸਚਾਈ ਸੈਂਕੜੇ ਸਾਲ ਪਹਿਲਾਂ ਹੀ ਸੰਸਾਰ ਦੇ ਸਾਹਮਣੇ ਰੱਖੀ ਹੈ।

ਆਪਨ ਖੇਲੁ ਆਪਿ ਕਰਿ ਦੇਖੈ ਖੇਲੁ ਸੰਕੋਚੈ ਤਉ
ਨਾਨਕ ਏਕੈ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ਆਪਨੈ
ਭਾਣੈ ਲਏ ਸਮਾਏ॥

ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਕੀ ਸੀ, ਇਸ ਬਾਰੇ ਵੀ ਵਿਗਿਆਨੀਆਂ ਕੋਲ ਕੋਈ ਠੋਸ ਜਵਾਬ ਨਹੀਂ ਹੈ ਪਰ ਗੁਰਬਾਣੀ ਵਿਚ ਇਸ ਦਾ ਵੀ ਬੜੇ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ।

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ
ਲਗਾਇਦਾ॥

ਫਿਰ ਅਕਾਲ ਪੁਰਖ ਦੇ ਹੁਕਮ ਨਾਲ ਇਹ ਬ੍ਰਹਿਮੰਡ ਹੋਂਦ ਵਿਚ ਆਇਆ ਜਿਸ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ :

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਪਾਉਣ ਪਾਣੀ ਸੁੰਨੇ ਤੇ ਸਾਜੇ॥
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥

ਵਿਗਿਆਨੀਆਂ ਦਾ ਕਿਆਸ ਹੈ ਕਿ ਬ੍ਰਹਿਮੰਡ ਇਕ ਗੋਲੇ ਦੀ ਸ਼ਕਲ ਵਿਚ ਸੀ ਅਤੇ ਅਚਾਨਕ ਇਕ ਜ਼ੋਰਦਾਰ ਧਮਾਕੇ ਨਾਲ ਗੋਲਾ ਫਟ ਗਿਆ ਅਤੇ ਇਸ ਗੋਲੇ ਦੇ ਫਟਣ ਨਾਲ ਬ੍ਰਹਿਮੰਡ ਦਾ ਪਸਾਰਾ ਹੋਇਆ। ਇਸ ਵਰਤਾਰੇ ਨੂੰ ਉਨ੍ਹਾਂ ਨੇ ਬਿੱਗ ਬੈਂਗ ਦਾ ਨਾਂ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਇਸ ਵਰਤਾਰੇ ਦਾ ਜ਼ਿਕਰ ਕੀਤਾ ਹੈ। ਉਹ ਫੁਰਮਾਉਂਦੇ ਹਨ :

ਆਪੇ ਸਚੁ ਕੀਆ ਕਰ ਜੋੜਿ॥
ਅੰਡਜ ਫੋੜਿ ਜੋੜਿ ਵਿਛੋੜਿ॥
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥
ਰਾਤਿ ਦਿਨੰਤੁ ਕੀਏ ਭਉ ਭਾਉ॥
ਜਿਨਿ ਕੀਏ ਕਰਿ ਵੇਖਣਹਾਰਾ॥
ਅਵਰੁ ਨ ਦੂਜਾ ਸਿਰਜਣਹਾਰਾ॥

ਅਰਥਾਤ ਪ੍ਰਮਾਤਮਾ ਨੇ ਆਪ ਹੀ ਜਗਤ ਦੇ ਆਂਡੇ ਵਰਗੇ ਗੋਲਾਕਾਰ ਨੂੰ ਤੋੜ ਕੇ ਹਿੱਸੇ ਕੀਤੇ ਫਿਰ ਇੱਕ ਦੂਜੇ ਤੋਂ ਅੱਡ ਕਰ ਦਿੱਤੇ (ਭਾਵ ਵਿੱਚ ਪੁਲਾੜ ਬਣਾ ਦਿੱਤਾ) ਇਸ ਤਰ੍ਹਾਂ ਧਰਤੀ ਤੇ ਆਸਮਾਨ ਰਹਿਣ ਲਈ ਥਾਂ ਬਣਾ ਦਿੱਤੇ।



ਅੱਜ ਸਾਇੰਸ ਇਹ ਗੱਲ ਮੰਨਦੀ ਹੈ ਕਿ ਵਿਸ਼ਵ ਦੀ ਹਰ ਚੀਜ਼ ਜੋੜ ਅਤੇ ਤੋੜ ਦੇ ਸਿਧਾਂਤ ਨਾਲ ਪੈਦਾ ਹੋ ਰਹੀ ਹੈ ਅਤੇ ਨਾਸ਼ ਹੋ ਰਹੀ ਹੈ। ਜੁੜਨ ਨਾਲ ਨਵੇਂ ਪਦਾਰਥ ਬਣਦੇ ਹਨ ਅਤੇ ਟੁੱਟਣ ਨਾਲ ਹੋਰ ਪਦਾਰਥ ਹੋਂਦ ਵਿਚ ਆ ਰਹੇ ਹਨ। ਪਾਣੀ ਦੇ ਟੁੱਟਣ ਨਾਲ ਦੋ ਅਣੂ ਹਾਈਡਰੋਜਨ ਅਤੇ ਆਕਸੀਜਨ ਬਣਦੇ ਹਨ ਅਤੇ ਇਨ੍ਹਾਂ ਦੋਹਾਂ ਗੈਸਾਂ ਨੂੰ ਖ਼ਾਸ ਮਾਤਰਾ ਵਿਚ ਮਿਲਾਉਣ ਨਾਲ ਨਵਾਂ ਪਦਾਰਥ ਪਾਣੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵੀ ਇਹ ਗੱਲ ਕਹੀ ਹੈ ਕਿ ਸਮੁੱਚੇ ਬ੍ਰਹਿਮੰਡ ਵਿਚ ਭੰਨਣ ਅਤੇ ਘੜਣ ਦਾ ਸਿਧਾਂਤ ਕੰਮ ਕਰ ਰਿਹਾ ਹੈ। ਗੁਰਬਾਣੀ ਦਾ ਫੁਰਮਾਣ ਹੈ :

ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ ॥
ਅਤੇ
ਸਗਲੀ ਜੋਤਿ ਤੇਰਾ ਸਭੁ ਕੋਈ॥
ਆਪੇ ਜੋੜਿ ਵਿਛੋੜੇ ਸੋਈ॥

ਵਿਸ਼ਵ ਦੀ ਖੋਜ ਕਰਨ ਵਾਲੇ ਵਿਸ਼ਵ ਵਿਗਿਆਨੀ ਉਨ੍ਹਾਂ ਪਦਾਰਥਾਂ ਜਾਂ ਤੱਤਾਂ ਦੀ ਖੋਜ ਹੀ ਕਰਦੇ ਹਨ, ਜੋ ਪ੍ਰਮਾਤਮਾ ਵੱਲੋਂ ਪੈਦਾ ਕੀਤੇ ਗਏ ਹਨ। ਉਨ੍ਹਾਂ ਨੇ ਇਹ ਖੋਜ ਤਾਂ ਕਰ ਲਈ ਕਿ ਪਾਣੀ ਦੋ ਮੂਲ ਤੱਤਾਂ ਤੋਂ ਬਣਿਆ ਹੈ ਪਰ ਉਹ ਮੂਲ ਤੱਤ ਕਿੱਥੋਂ ਆਏ ਤੇ ਉਨ੍ਹਾਂ ਦਾ ਅਧਾਰ ਕੀ ਹੈ ਤੇ ਬ੍ਰਹਿਮੰਡ ਵਿਚ ਉਨ੍ਹਾਂ ਦਾ ਸਮਤੋਲ ਕੌਣ ਤੇ ਕਿਵੇਂ ਰੱਖਦਾ ਹੈ, ਇਨ੍ਹਾਂ ਗੱਲਾਂ ਦਾ ਜਵਾਬ ਵਿਗਿਆਨੀਆਂ ਕੋਲ ਨਹੀਂ ਹੈ। ਇਸ ਗੱਲ ਦਾ ਜਵਾਬ ਬ੍ਰਹਮ ਦੀ ਖੋਜ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਵਰਗੇ ਬ੍ਰਹਮ ਗਿਆਨੀ ਕੋਲ ਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪਰਮਾਤਮਾ ਨੇ ਸਭ ਤੋਂ ਪਹਿਲਾਂ ਹਵਾ ਪੈਦਾ ਕੀਤੀ ਅਤੇ ਹਵਾ ਤੋਂ ਪਾਣੀ ਬਣਿਆ ਅਤੇ ਪਾਣੀ ਤੋਂ ਜੀਵ ਪੈਦਾ ਹੋਏ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥

ਸੰਨ 1776 ਵਿੱਚ ਇੰਗਲੈਂਡ ਦੇ ਵਿਗਿਆਨੀ ਹੈਨਰੀ ਕੈਵਿਨ ਡਿਸ਼ ਨੇ ਇਹ ਸਾਬਤ ਕੀਤਾ ਸੀ ਕਿ ਹਵਾ ਤੋਂ ਪਾਣੀ ਬਣਾਇਆ ਜਾ ਸਕਦਾ ਹੈ ਅਤੇ ਉਸ ਤੋਂ ਬਾਅਦ ਸੰਨ 1885 ਵਿੱਚ ਵਿਗਿਆਨੀ ਐਟੋਨੀ ਲੌਰੈਂਟ ਅਤੇ ਅਮਾਡੀਓ ਨੇ ਹਵਾ ਵਿੱਚੋਂ ਸਹੀ ਮਾਤਰਾ ਵਿੱਚ ਹਾਈਡਰੋਜਨ ਅਤੇ ਆਕਸੀਜਨ ਨੂੰ ਮਿਲਾ ਕੇ ਪਾਣੀ ਬਣਾਇਆ ਅਤੇ ਆਪਣੀ ਖੋਜ ਨੂੰ ਪੂਰਾ ਕੀਤਾ।

ਪ੍ਰਸਿੱਧ ਵਿਗਿਆਨੀ ਜਗਦੀਸ਼ ਚੰਦਰ ਬੋਸ ਨੇ ਆਪਣੀ ਖੋਜ ਨਾਲ ਇਹ ਗੱਲ ਸੰਸਾਰ ਦੇ ਸਾਹਮਣੇ ਰੱਖੀ ਹੈ ਕਿ ਬਨਸਪਤੀ ਵਿਚ ਵੀ ਜੀਵਨ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਖੋਜ ਤੋਂ ਸੈਂਕੜੇ ਸਾਲ ਪਹਿਲਾਂ ਹੀ ਇਹ ਦੱਸ ਦਿੱਤਾ ਸੀ ਕਿ ਸਾਡੀ ਬਨਸਪਤੀ ਦੇ ਹਰ ਕਣ ਵਿਚ ਜੀਵਨ ਹੈ ਅਤੇ ਸਾਰੇ ਜੀਵਾਂ ਤੇ ਬਨਸਪਤੀ ਦੀ ਉਤਪਤੀ ਪਾਣੀ ਤੋਂ ਹੋਈ ਹੈ। ਆਪ ਦਾ ਫੁਰਮਾਨ ਹੈ :

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਭਗਤ ਕਬੀਰ ਜੀ ਦਾ ਫੁਰਮਾਨ ਹੈ :

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥

ਅੱਜ ਵਿਗਿਆਨੀ ਇਹ ਗੱਲ ਮੰਨਦੇ ਹਨ ਕਿ ਸਾਰੀ ਬਨਸਪਤੀ ਸੂਰਜ ਦੀ ਰੋਸ਼ਨੀ ਨਾਲ ਹੀ ਵਧਦੀ ਫੁੱਲਦੀ ਹੈ ਅਤੇ ਫੁੱਲ ਤਾਂ ਖਿੜਦੇ ਹੀ ਸੂਰਜ ਦੀ ਧੁੱਪ ਨਾਲ ਹਨ।

ਗੁਰਬਾਣੀ ਨੇ ਇਸ ਪ੍ਰਤੀ ਗਿਆਨ ਕਈ ਸੌ ਸਾਲ ਪਹਿਲਾਂ ਹੀ ਦੇ ਦਿੱਤਾ ਸੀ।

ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ॥

ਅੱਜ ਦੇ ਸਾਇੰਸਦਾਨਾਂ ਨੇ ਇਹ ਖੋਜ ਕੀਤੀ ਹੈ ਕਿ ਬ੍ਰਹਿਮੰਡ ਦੀ ਸੂਖਮ ਤੋਂ ਸੂਖਮ ਅਤੇ ਵੱਡੀ ਤੋਂ ਵੱਡੀ ਵਸਤੂ ਵਿਚ ਇੱਕੋ ਜਿਹੇ ਅਸੂਲ ਕੰਮ ਕਰ ਰਹੇ ਹਨ। ਗੁਰੂ ਨਾਨਕ ਦੇਵ ਨੇ ਇਨ੍ਹਾਂ ਖੋਜਾਂ ਤੋਂ ਸੈਂਕੜੇ ਸਾਲ ਪਹਿਲਾਂ ਹੀ ਇਹ ਜਾਣਕਾਰੀ ਦੇ ਦਿੱਤੀ ਸੀ ਕਿ ਜੋ ਅਮਲ ਸਮੁੱਚੇ ਬ੍ਰਹਿਮੰਡ ਵਿਚ ਵਾਪਰ ਰਿਹਾ ਹੈ ਉਹੀ ਅਮਲ ਮਨੁੱਖੀ ਸਰੀਰ ਵਿਚ ਅਤੇ ਛੋਟੀ ਤੋਂ ਛੋਟੀ ਵਸਤੂ ਵਿਚ ਵਾਪਰ ਰਿਹਾ ਹੈ। ਗੁਰਬਾਣੀ ਇਸ ਪ੍ਰਥਾਇ ਕਹਿੰਦੀ ਹੈ : ਜੋ ਬ੍ਰਹਮੰਡਿ ਖੰਡਿ ਸੋ ਜਾਣਹੁ

ਅਤੇ ਭਗਤ ਪੀਪਾ ਜੀ ਲਿਖਦੇ ਹਨ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਅਰਥਾਤ ਜੋ ਬ੍ਰਹਿਮੰਡ ਵਿਚ ਵਾਪਰ ਰਿਹਾ ਹੈ, ਉਹੀ ਕੁੱਝ ਨਿੱਕੇ ਤੋਂ ਨਿੱਕੇ ਕਣ ਭਾਵ ਪ੍ਰਮਾਣੂ ਵਿਚ ਵੀ ਵਾਪਰ ਰਿਹਾ ਹੈ। ਪ੍ਰਮਾਣੂ ਦੀ ਖੋਜ ਤਾਂ ਵਿਗਿਆਨੀਆਂ ਨੇ ਪਿਛਲੀ ਸਦੀ ਵਿਚ ਕੀਤੀ ਹੈ ਪਰ ਗੁਰਬਾਣੀ ਵਿਚ ਪ੍ਰਮਾਣੂ ਸ਼ਬਦ ਦੀ ਵਰਤੋਂ ਖੋਜ ਤੋਂ ਵੀ ਸੈਂਕੜੇ ਸਾਲ ਪਹਿਲਾਂ ਹੀ ਕੀਤੀ ਗਈ। ਅੱਜ ਦੀ ਖੋਜ ਮੁਤਾਬਕ ਉਰਜਾ ਦੇ ਸਥੂਲ ਮਾਦੇ ਦੇ ਹਰ ਅਣੂ ਵਿਚ ਪ੍ਰਮਾਣੂ ਹਨ ਜਿਸ ਦੇ ਅੱਗੇ ਤਿੰਨ ਭਾਗ ਹੋਰ ਹਨ ਪ੍ਰੋਟੋਨ, ਨਿਊਟਰੋਨ ਅਤੇ ਇਲੈਕਟ੍ਰੋਨ। ਇਹ ਕਣ ਨਾਭੀ ਦੇ ਦੁਆਲੇ ਲਗਾਤਾਰ ਚੱਕਰ ਲਾ ਰਹੇ ਹਨ। ਇਹ ਸਭ ਕੁੱਝ ਉਸੇ ਨਿਯਮ ਨਾਲ ਕੁਦਰਤ ਵਿਚ ਵਾਪਰ ਰਿਹਾ ਹੈ ਜਿਵੇਂ ਗ੍ਰਹਿ ਸੂਰਜ ਦੇ ਦੁਆਲੇ ਲਗਾਤਾਰ ਚੱਕਰ ਲਾ ਰਹੇ ਹਨ।

ਪ੍ਰਮਾਤਮਾ ਦੀ ਇਸ ਕੁਦਰਤ ਵਿਚ ਇਕ ਹੋਰ ਅਜੀਬ ਵਰਤਾਰਾ ਜੋ ਵਰਤ ਰਿਹਾ ਹੈ ਕਿ ਦੋ ਵਿਰੋਧੀ ਤੱਤ ਜਾਂ ਪਦਾਰਥ ਇਕੱਠੇ ਹੀ ਕੰਮ ਕਰ ਰਹੇ ਹਨ। ਇਕ ਰੁੱਖ ਵਿਚ ਅੱਗ ਤੇ ਪਾਣੀ ਦੋ ਵਿਰੋਧੀ ਤੱਤ ਮੌਜੂਦ ਹਨ। ਇਨ੍ਹਾਂ ਦੋ ਵਿਰੋਧੀ ਤੱਤਾਂ ਕਾਰਨ ਹੀ ਦਰੱਖ਼ਤ ਦੀ ਹੋਂਦ ਕਾਇਮ ਹੈ। ਜੇ ਇਸ ’ਚੋਂ ਪਾਣੀ ਦਾ ਤੱਤ ਅਲੋਪ ਹੋ ਜਾਵੇ ਤਾਂ ਰੁੱਖ ਸੁੱਕ ਕੇ ਖ਼ਤਮ ਹੋ ਜਾਵੇਗਾ ਅਤੇ ਜੇ ਅੱਗ ਦਾ ਤੱਤ ਅਲੋਪ ਹੋ ਜਾਵੇ ਤਾਂ ਸੇਮ ਨਾਲ ਦਰੱਖ਼ਤ ਦੀ ਹੋਂਦ ਹੀ ਨਹੀਂ ਰਹੇਗੀ।

ਇਹ ਦੋ ਵਿਰੋਧੀ ਤੱਤਾਂ ਦਾ ਸੰਤੁਲਨ ਹਰ ਜੀਵ ਜੰਤੂ ਅਤੇ ਮਨੁੱਖੀ ਸਰੀਰ ਵਿਚ ਵੀ ਕੰਮ ਕਰ ਰਿਹਾ ਹੈ। ਸਰੀਰ ਦੇ ਅੰਦਰ ਵੀ ਅੱਗ ਭਾਵ ਖੁਰਾਕ ਤੋਂ ਪੈਦਾ ਹੋਈ ਉਰਜਾ ਅਤੇ ਪਾਣੀ ਦਾ ਇਕ ਖ਼ਾਸ ਸੰਤੁਲਨ ਕਾਇਮ ਹੈ ਜੋ ਸਾਡੀ ਸਿਹਤ ਨੂੰ ਨਰੋਆ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਪਉਣੈ ਪਾਣੀ ਅਗਨੀ ਕਾ ਮੇਲੁ॥
ਚੰਚਲ ਚਪਲ ਬੁਧਿ ਕਾ ਖੇਲੁ॥

ਧਰਮ ਸਮਾਜ ਨੂੰ ਆਫਤਾਂ ਅਤੇ ਸਮੱਸਿਆਵਾਂ ਤੋਂ ਬਚਾ ਸਕਣ ਦੀ ਯੋਗਤਾ ਰੱਖਦਾ ਹੈ। ਪ੍ਰਸਿੱਧ ਵਿਗਿਆਨੀ ਡਾ. ਜੂਲੀਅਨ ਹਕਸਲੇ ਦਾ ਕਥਨ ਹੈ ਕਿ “ਕਿਸੇ ਨਾ ਕਿਸੇ ਰੂਪ ’ਚ ਧਰਮ ਲਗਪਗ ਇਕ ਜ਼ਰੂਰਤ ਹੈ।” ਇਸ ਤਰ੍ਹਾਂ ਧਰਮ ਤੇ ਵਿਗਿਆਨ ਜੀਵਨ ਦੇ ਦੋ ਪਹਿਲੂ ਹਨ। ਮਨੁੱਖੀ ਜੀਵਨ ਦੀ ਖੁਸ਼ਹਾਲੀ ਲਈ ਦੋਹਾਂ ਦੇ ਸੁਮੇਲ ਦੀ ਲੋੜ ਹੈ।

**ਮੋਬਾਈਲ** 99155-15436

# ਚੜ੍ਹਦੀ ਕਲਾ ਵਾਲੀ ਰਾਣੀ ਸਦਾ ਕੌਰ

• ਪਰਮਜੀਤ ਕੌਰ ਸਰਹਿੰਦ

ਰਾਣੀ ਸਦਾ ਕੌਰ ਦਾ ਜਨਮ ਸੰਨ 1762 ਵਿਚ ਦਸੌਂਧਾ ਸਿੰਘ ਦੇ ਘਰ ਹੋਇਆ। ਉਸ ਦਾ ਵਿਆਹ ਘਨ੍ਹੱਈਆ ਮਿਸਲ ਦੇ ਸਰਦਾਰ ਜੈ ਸਿੰਘ ਦੇ ਪੁੱਤਰ ਗੁਰਬਖਸ਼ ਸਿੰਘ ਨਾਲ ਹੋਇਆ। ਇਹ ਮਿਸਲ ਆਪਣੀ ਬਹਾਦਰੀ ਕਾਰਨ ਪ੍ਰਸਿੱਧ ਸੀ। ਇਤਿਹਾਸ ਦੱਸਦਾ ਹੈ ਕਿ ਰਾਣੀ ਸਦਾ ਕੌਰ ਦਾ ਪਤੀ ਗੁਰਬਖ਼ਸ਼ ਸਿੰਘ ਜਦੋਂ ਮੈਦਾਨੇ-ਜੰਗ ਵਿਚ ਸ਼ਹੀਦ ਹੋਇਆ ਤਾਂ ਰਾਣੀ ਸਦਾ ਕੌਰ ਨੂੰ ਇਹ ਖ਼ਬਰ ਪੁੱਜੀ ਤਾਂ ਉਹ ਇਸ ਨਾਲ ਡਾਵਾਂਡੋਲ ਨਹੀਂ ਹੋਈ। ਹਾਲਾਤ ਨੂੰ ਸਮਝਦਿਆਂ ਖ਼ਬਰ ਲਿਆਉਣ ਵਾਲੇ ਦਾ ਘੋੜਾ ਲੈ ਕੇ ਹੀ ਲੜਾਈ ਦੇ ਮੈਦਾਨ ਵਿਚ ਪੁੱਜ ਗਈ ਤੇ ਸੂਰਬੀਰਤਾ ਦਿਖਾਉਂਦਿਆਂ ਜੰਗ ਲੜੀ ਤੇ ਜਿੱਤ ਪ੍ਰਾਪਤ ਕੀਤੀ।

ਰਾਣੀ ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸੀ। ਉਹ ਬਹੁਤ ਸੂਝਵਾਨ ਔਰਤ ਸੀ। ਦੋ ਮਿਸਲਾਂ ਦੀ ਕਈ ਵਰ੍ਹਿਆਂ ਦੀ ਦੁਸ਼ਮਣੀ ਉਸ ਨੇ ਆਪਣੀ ਸਮਝ ਨਾਲ ਖ਼ਤਮ ਕੀਤੀ। ਉਸਨੇ ਆਪਣੀ ਪੁੱਤਰੀ ਮਹਿਤਾਬ ਕੌਰ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਨਾਲ ਕਰਨ ਦਾ ਫ਼ੈਸਲਾ ਕੀਤਾ ਪਰ ਉਸਦਾ ਸਹੁਰਾ ਜੈ ਸਿੰਘ ਪਹਿਲਾਂ ਨਾਂਹ ਕਰਦਾ ਰਿਹਾ ਫਿਰ ਸਦਾ ਕੌਰ ਦੇ ਸਮਝਾਉਣ ’ਤੇ ਮੰਨ ਗਿਆ। ਪਹਿਲਾਂ ਉਸਨੇ ਆਪਣੇ ਸਹੁਰੇ ਦੀ ਰਜ਼ਾਮੰਦੀ ਹਾਸਿਲ ਕੀਤੀ ਫਿਰ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਰਾਜ ਕੌਰ ਨੂੰ ਦਲੀਲਾਂ ਨਾਲ ਕਾਇਲ ਕੀਤਾ ਤੇ ਉਸ ਤੋਂ ਸਮਰਥਨ ਲਿਆ। ਆਪਣੀਆਂ ਕੋਸ਼ਿਸ਼ਾਂ ਨਾਲ ਉਸ ਨੇ ਮਹਿਤਾਬ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਕੀਤਾ। ਉਹ ਇਕ ਚੰਗੀ ਸ਼ਾਸਕ ਵੀ ਸੀ। ਬਿਨਾਂ ਖ਼ੂਨ ਖਰਾਬੇ ਤੋਂ ਉਸ ਨੇ ਭੰਗੀ ਮਿਸਲ ਤੋਂ ਅੰਮ੍ਰਿਤਸਰ ਲੈ ਲਿਆ ਸੀ। ਅਬਦਾਲੀ ਦੇ ਪੋਤਰੇ ਸ਼ਾਹ ਜਮਾਨ ਦੇ ਕਿਸੇ ਬੋਲ ਕਾਰਨ ਉਹ ਮਹਾਰਾਜਾ ਰਣਜੀਤ ਸਿੰਘ ਤੇ ਕੁਝ ਹੋਰ ਨੌਜਵਾਨਾਂ ਨਾਲ ਜਨਵਰੀ 1799 ਨੂੰ ਸੁਮਨ ਬੁਰਜ ਲਾਹੌਰ ਜਾ ਪੁੱਜੀ ਤੇ ਸ਼ਾਹੀ ਕਿਲ੍ਹੇ ’ਤੇ ਹਮਲਾ ਕੀਤਾ। ਸ਼ਾਹ ਜਮਾਨ ਤੋਪਾਂ ਛੱਡ ਕੇ ਭੱਜ ਗਿਆ। ਰਾਣੀ ਸਦਾ ਕੌਰ ਨੇ ਉਸਦੀਆਂ ਤੋਪਾਂ ਵਾਪਸ ਕਰਵਾ ਦਿੱਤੀਆਂ ਤੇ ਕਿਹਾ ‘ਭੱਜੇ ਹੋਏ ਦਾ ਮਾਲ ਨਹੀਂ ਅਸਾਂ ਲੈਣਾ’। ਭਾਵ ਸੀ ਕਿ ਸ਼ਾਹ ਜਮਾਨ ਨੂੰ ਭੱਜ ਜਾਣ ਦੀ ਨਮੋਸ਼ੀ ਹੀ ਬਹੁਤ ਹੈ।



ਜੁਲਾਈ 1799 ’ਚ ਮਹਾਰਾਜਾ ਰਣਜੀਤ ਸਿੰਘ ਲਾਹੌਰ ’ਤੇ ਕਾਬਜ਼ ਹੋਇਆ। ਇਕ ਵਾਰ ਰਾਣੀ ਸਦਾ ਕੌਰ ਨੂੰ ਖ਼ਬਰ ਮਿਲੀ ਕਿ ਸਾਹਿਬ ਸਿੰਘ ਗੁਜਰਾਤੀ ਤੇ ਉਸ ਦੇ ਸਾਥੀ ਉਨ੍ਹਾਂ ’ਤੇ ਹਮਲਾ ਕਰਨ ਵਾਲੇ ਹਨ। ਰਾਣੀ ਸਦਾ ਕੌਰ ਦਸ ਹਜ਼ਾਰ ਫ਼ੌਜ ਨਾਲ ਗੁਜਰਾਤ ਜਾ ਪੁੱਜੀ ਪਰ ਕਿਸੇ ਤਰ੍ਹਾਂ ਇਹ ਜੰਗ ਰੁਕ ਗਈ। ਜਦੋਂ ਸੰਨ 1800 ਵਿਚ ਡਲ ਸਿੰਘ ਨੂੰ ਬੰਦੀ ਬਣਾ ਕੇ ਲਾਹੌਰ ਲਿਆਂਦਾ ਗਿਆ ਤਾਂ ਰਾਣੀ ਸਦਾ ਕੌਰ ਨੇ ਫਰਾਖ਼ਦਿਲੀ ਦਿਖਾਉਂਦਿਆਂ ਉਸ ਨੂੰ ਰਿਹਾਅ ਕਰਨ ਲਈ ਕਿਹਾ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਿਆ ਕਿ ਉਨ੍ਹਾਂ ਦੇ ਵਡੇਰਿਆਂ ਨੇ ਹੀ ਡਲ ਸਿੰਘ ਨੂੰ ਅਕਾਲਗੜ੍ਹ ਦੀ ਸਰਦਾਰੀ ਬਖਸ਼ੀ ਸੀ। ਉਸਨੇ ਨਿੱਕੀਆਂ ਮੋਟੀਆਂ ਹੋਰ ਜੰਗਾਂ ਵੀ ਲੜੀਆਂ। ਦੂਜੀ ਲੜਾਈ ਵਿਚ ਸ: ਹਰੀ ਸਿੰਘ ਨਲੂਆ, ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਤੇ ਰਾਣੀ ਸਦਾ ਕੌਰ ਦਾ ਦੋਹਤਾ ਕੰਵਰ ਸ਼ੇਰ ਸਿੰਘ ਵੀ ਸ਼ਾਮਲ ਸਨ। ਇਸ ਜੰਗ ਵਿਚ ਰਾਣੀ ਸਦਾ ਕੌਰ ਨੇ ਪਠਾਣਾਂ ਨਾਲ ਬਹੁਤ ਤਕੜੀ ਜੰਗ ਲੜੀ। ਕਿਹਾ ਜਾਂਦਾ ਹੈ ਇਸ ਜੰਗ ਪਿੱਛੋਂ ਰਾਣੀ ਸਦਾ ਕੌਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਆਪਸੀ ਮਨ-ਮੁਟਾਵ ਹੋ ਗਿਆ। ਇਤਿਹਾਸ ਦੱਸਦਾ ਹੈ ਧਿਆਨ ਸਿੰਘ ਡੋਗਰਾ ਦੀਆਂ ਚਾਲਾਂ ਨੇ ਸੱਸ-ਜੁਆਈ ਦੇ ਮਨਾਂ ’ਚ ਫ਼ਰਕ ਪਾ ਦਿੱਤਾ।

ਕਈ ਇਤਿਹਾਸਕਾਰ ਕਹਿੰਦੇ ਨੇ ‘ਰਾਣੀ ਸਦਾ ਕੌਰ ਘਨ੍ਹੱਈਆ ਮਿਸਲ ਦਾ ਰਾਜ ਸਾਰੇ ਪੰਜਾਬ ਵਿਚ ਫੈਲਾਉਣਾ ਚਾਹੁੰਦੀ ਸੀ। ਪਰ ਕਈ ਕਹਿੰਦੇ ਨੇ ‘ਮਹਾਰਾਜਾ ਰਣਜੀਤ ਸਿੰਘ ਰਾਣੀ ਸਦਾ ਕੌਰ ਨੂੰ ਆਪਣੇ ਹਿੱਤਾਂ ਲਈ ਵਰਤਦਾ ਸੀ’। ਸਭ ਦੇ ਵੱਖਰੇ ਵਿਚਾਰ ਨੇ ਪਰ ਇਹ ਕੋਈ ਕੌੜੀ ਸਚਾਈ ਹੈ ਕਿ ਦੋਵਾਂ ਦੇ ਮਨਾਂ ਵਿਚ ਦੂਰੀ ਆ ਗਈ ਸੀ। ਰਾਣੀ ਸਦਾ ਕੌਰ ਦਾ ਦਿਉਰ ਨਿਧਾਨ ਸਿੰਘ ਨਸ਼ੱਈ ਸੀ ਉਹ ਆਪਣੇ ਇਲਾਕੇ ਦੀ ਪਰਵਾਹ ਨਹੀਂ ਸੀ ਕਰਦਾ। ਮਹਾਰਾਜਾ ਰਣਜੀਤ ਸਿੰਘ ਨੇ ਉਸਦਾ ਕੁਝ ਇਲਾਕਾ ਜ਼ਰੂਰ ਆਪਣੇ ਨਾਲ ਮਿਲਾ ਲਿਆ ਸੀ ਪਰ ਉਸਨੂੰ ਗੁਜ਼ਾਰੇ ਜੋਗੀ ਰਕਮ ਦਿੰਦਾ ਸੀ। ਰਾਣੀ ਸਦਾ ਕੌਰ ਦਾ ਇਲਾਕਾ 1821 ’ਚ ਖ਼ਾਲਸਾ ਰਾਜ ਵਿਚ ਮਿਲ ਗਿਆ। ਉਹ 1832 ਵਿਚ ਇਸ ਦੁਨੀਆ ਨੂੰ ਅਲਵਿਦਾ ਆਖ ਗਈ। ਉਸ ਦੀ ਸੂਝ ਬਹਾਦਰੀ ਤੇ ਫਰਾਖ਼ਦਿਲੀ ਸਾਨੂੰ ਸਦਾ ਉਹਦੇ ਪ੍ਰਤੀ ਇਕ ਮਾਣ ਦਾ ਅਹਿਸਾਸ ਕਰਾਉਂਦੀ ਰਹੇਗੀ।

**ਮੋਬਾਈਲ:** 98728-98599

# ਗੁਰਦੁਆਰਾ ਚਰਨ ਕੰਵਲ ਸਾਹਿਬ

• ਅੰਗਰੇਜ਼ ਸਿੰਘ ਹੁੰਦਲ

ਇਹ ਪਵਿੱਤਰ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਰਾਜਸਥਾਨ ਦੇ ਜ਼ਿਲ੍ਹੇ ਜੈਪੁਰ ਵਿਚ ਨਰੈਣਾ ਕਸਬੇ ਵਿਚ ਸੁਸ਼ੋਭਿਤ ਹੈ। ਜੈਪੁਰ ਤੋਂ ਅਜਮੇਰ ਵੱਲ ਜਾਂਦੀ ਸੜਕ ’ਤੇ ਲਗਪਗ 60 ਕਿਲੋਮੀਟਰ ਦੀ ਦੂਰੀ ’ਤੇ ਦਾਦੂ ਨਾਂ ਦਾ ਇਕ ਪਿੰਡ ਹੈ, ਜਿਸ ਤੋਂ ਸੱਜੇ ਪਾਸੇ 12 ਕਿਲੋਮੀਟਰ ਦੀ ਦੂਰੀ ’ਤੇ ਨਰੈਣਾ ਨਾਮੀ ਇਕ ਕਸਬਾ ਹੈ। ਇਥੇ ਪ੍ਰਸਿੱਧ ਸੂਫੀ ਸੰਤ ਬਾਬਾ ਦਾਦੂ ਜੀ ਦੀ ਸਮਾਧ ਹੈ। ਤਲਵੰਡੀ ਸਾਬੋ ਤੋਂ ਦੱਖਣ ਵੱਲ ਜਾਂਦੇ ਸਮੇਂ ਮਾਰਚ 1707 ਈ: ਵਿਚ ਗੁਰੂ ਗੋਬਿੰਦ ਸਿੰਘ ਨੇ ਇਸ ਅਸਥਾਨ ’ਤੇ ਚਰਨ ਪਾਏ ਸਨ।

ਇਤਿਹਾਸ ’ਚ ਜ਼ਿਕਰ ਹੈ ਕਿ ਗੁਰੂ ਜੀ ਜਦੋਂ ਨਰੈਣਾ ਪਹੁੰਚੇ, ਉਸ ਸਮੇਂ ਡੇਰੇ ਦਾ ਮਹੰਤ ਭਾਈ ਜੈਤ ਰਾਮ ਸੀ। ਉਹ ਖ਼ੁਦ ਬੜੇ ਉੱਚੇ ਜੀਵਨ ਅਤੇ ਬੰਦਗੀ ਵਾਲਾ ਵਿਅਕਤੀ ਸੀ। ਗੁਰੂ ਜੀ ਨੇ ਬਾਹਰ ਹੀ ਇਕ ਬੋਹੜ ਥੱਲੇ ਡੇਰਾ ਲਾ ਲਿਆ। ਕਿਸੇ ਸਾਧੂ ਨੇ ਜੈਤ ਰਾਮ ਨੂੰ ਖ਼ਬਰ ਕਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਆਪਣੇ ਪੂਰੇ ਲਾਮ ਲਸ਼ਕਰ ਸਮੇਤ ਪਧਾਰੇ ਹਨ। ਮਹੰਤ ਸੋਚਾਂ ’ਚ ਪੈ ਗਿਆ। ਉਹ ਸੰਤ ਦਾਦੂ ਜੀ ਦੀ ਗੱਦੀ ਦਾ ਮਹੰਤ ਸੀ, ਜਿਸ ਦੀ ਪੂਰੀ ਪਰੰਪਰਾ ਵਿਚ ਹਿੰਸਾ ਦਾ ਨਾਂ ਨਿਸ਼ਾਨ ਨਹੀਂ ਸੀ। ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਗੁਰੂ ਜੀ ਸ਼ਸਤਰਧਾਰੀ ਹਨ। ਪਰ ਮਹੰਤ ਜੈਤ ਰਾਮ ਨੂੰ ਇੰਝ ਵੀ ਲੱਗਿਆ, ਜਿਵੇਂ ਖ਼ੁਦ ਗੁਰੂ ਨਾਨਕ ਦੇਵ ਜੀ ਦਾਦੂ ਦੇ ਮਹਿਮਾਨ ਬਣਕੇ ਆਏ ਹਨ ਤੇ ਉਨ੍ਹਾਂ ਦੇ ਪ੍ਰਮੁੱਖ ਸੇਵਾਦਾਰ ਦਾ ਫਰਜ਼ ਬਣਦਾ ਹੈ ਕਿ ਘਰ ਆਏ ਮਹਿਮਾਨ ਨੂੰ ਜੀ ਆਇਆਂ ਆਖੇ। ਜਦ ਉਸ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਉਹ ਨਿਹਾਲ ਹੋ ਗਿਆ। ਗੁਰੂ ਜੀ ਨੇ ਪਿਆਰ ਨਾਲ ਉਸ ਨੂੰ ਕੋਲ ਬਿਠਾਇਆ ਤੇ ਵਿਚਾਰ ਵਟਾਂਦਰਾ ਕੀਤਾ।

ਖਾਣੇ ਦਾ ਸਮਾਂ ਹੋਣ ਵਾਲਾ ਸੀ। ਮਹੰਤ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਅੱਜ ਭੋਜਨ ਸਾਡੇ ਨਾਲ ਛਕੋ। ਗੁਰੂ ਜੀ ਨੇ ਪ੍ਰਤਾਉਣ ਲਈ ਕਿਹਾ, ‘ਮਹੰਤ ਜੀ ਤੁਹਾਡਾ ਨਿਉਤਾ ਸਵੀਕਾਰ ਹੈ। ਪਰ ਸਾਡੇ ਨਾਲ ਬਾਜ਼ ਵੀ ਹਨ, ਇਨ੍ਹਾਂ ਨੇ ਅਜੇ ਕੁਝ ਨਹੀਂ ਛਕਿਆ। ਪਹਿਲਾਂ ਇਨ੍ਹਾਂ ਨੂੰ ਰਜਾ ਲਵੋ, ਫਿਰ ਸਾਨੂੰ ਰਸਦ ਦੇ ਦੇਣੀ। ਸਾਡੇ ਲਾਂਗਰੀ ਭੋਜਨ ਤਿਆਰ ਕਰ ਲੈਣਗੇ। ਸੁਣ ਕੇ ਮਹੰਤ ਸੋਚਾਂ ਵਿਚ ਪੈ ਗਿਆ ਕਿ ਬਾਜ਼ ਤਾਂ ਮਾਸਾਹਾਰੀ ਪੰਛੀ ਹੈ ਤੇ ਉਹ ਨਿਰੋਲ ਵੈਸ਼ਨੋ ਹਨ। ਜੇ ਬਾਜ਼ਾਂ ਨੂੰ ਭੋਜਨ ਨਾ ਮਿਲਿਆ ਤਾਂ ਗੁਰੂ ਜੀ ਵੀ ਨਹੀਂ ਛਕਣਗੇ। ਮਹੰਤ ਜੈਤ ਰਾਮ ਵੀ ਭਗਤੀ ਭਾਵ ਵਾਲਾ ਸੰਤ ਸੀ। ਉਸ ਦਾ ਹਿਰਦਾ ਅਰਦਾਸ ਵਿਚ ਜੁੜ ਗਿਆ। ਹੱਥ ਬੰਨ੍ਹ ਕੇ ਆਖਣ ਲੱਗਾ ਹੇ ਪਾਤਸ਼ਾਹ! ਅੱਜ ਅਸੀਂ ਆਪ ਦੀ ਦੇ ਬਾਜ਼ਾਂ ਅੱਗੇ ਬੇਨਤੀ ਕਰਾਂਗੇ ਕਿ ਇਹ ਡੇਰਾ ਗ਼ਰੀਬ ਸ਼ਾਕਾਹਾਰੀ ਸਾਧਾਂ ਦਾ ਹੈ, ਇਥੇ ਮਾਸ ਨਹੀਂ ਮਿਲਣਾ। ਅੱਜ ਸਾਡੀ ਭਾਉ ਸਵੀਕਾਰ ਕਰ ਕੇ ਜਵਾਰ ਬਾਜਰੇ ਦਾ ਭੋਜਨ ਹੀ ਸਵੀਕਾਰ ਕਰੋ। ਉਸ ਨੇ ਗੁਰੂ ਜੀ ਨੂੰ ਕਿਹਾ ਤੁਸੀਂ ਇਨ੍ਹਾਂ ਬਾਜ਼ਾਂ ਨੂੰ ਆਗਿਆ ਦਿਓ ਕਿ ਉਹ ਅੱਜ ਸਾਡਾ ਜਵਾਰ ਬਾਜਰੇ ਦਾ ਭੋਜਨ ਹੀ ਛਕ ਲੈਣ।



ਗੁਰੂ ਜੀ ਮੁਸਕਰਾ ਪਏ ਤੇ ਸਵੀਕਾਰਤਾ ਦੀ ਬਖਸ਼ੀਸ਼ ਕਰ ਦਿੱਤੀ। ਮਹੰਤ ਨੇ ਗਦ-ਗਦ ਹੋ ਕੇ ਰਸਦ ਲਿਆਂਦੀ ਤੇ ਗੁਰੂ ਜੀ ਦੇ ਲਾਂਗਰੀਆਂ ਨੂੰ ਲੰਗਰ ਤਿਆਰ ਕਰਨ ਲਈ ਦੇ ਦਿੱਤੀ । ਉਸ ਨੇ ਜਵਾਰ ਬਾਜਰਾ ਲਿਆਂਦਾ ਤੇ ਬਾਜ਼ਾਂ ਅੱਗੇ ਰੱਖ ਕੇ ਛਕਣ ਲਈ ਬੇਨਤੀ ਕੀਤੀ। ਸਾਰੇ ਸਾਧੂ ਅਤੇ ਸਿੱਖ ਦੇਖ ਕੇ ਹੈਰਾਨ ਰਹਿ ਗਏ ਕਿ ਬਾਜ਼ਾਂ ਨੇ ਤੁਰੰਤ ਭੋਜਨ ਛਕਣਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਲਾਂਗਰੀਆਂ ਨੇ ਭੋਜਨ ਤਿਆਰ ਕਰ ਲਿਆ। ਸਭ ਨੇ ਪ੍ਰੇਮ ਨਾਲ ਛਕਿਆ। ਤੀਜੇ ਪਹਿਰ ਗੁਰੂ ਜੀ ਮਹੰਤ ਦੀ ਬੇਨਤੀ ’ਤੇ ਦਾਦੂ ਜੀ ਦੇ ਡੇਰੇ ਅੰਦਰ ਗਏ। ਉਨ੍ਹਾਂ ਨੇ ਦਾਦੂ ਜੀ ਦੀ ਸਮਾਧ ਵੱਲ ਤੱਕ ਕੇ ਤੀਰ ਨਾਲ ਨਮਸਕਾਰ ਕੀਤੀ। ਦਾਦੂ ਜੀ ਦੇ ਡੇਰੇ ਚਰਨ ਪਾ ਕੇ ਗੁਰੂ ਜੀ ਆਪਣੇ ਤੰਬੂ ਵਿਚ ਆ ਗਏ ਤੇ ਆਰਾਮ ਕਰਨ ਲੱਗੇ। ਇੰਨੇ ਨੂੰ ਸਿੰਘ ਵੀ ਆ ਗਏ ਅਤੇ ਬੇਨਤੀ ਕਰਨ ਲੱਗੇ ਕਿ ਮਹਾਰਾਜ! ਆਪ ਤਾਂ ਅਭੁੱਲ ਹੋ, ਅਸੀਂ ਭੁੱਲਣਹਾਰ ਹਾਂ, ਪਰ ਆਪ ਨੇ ਦਾਦੂ ਜੀ ਦੀ ਸਮਾਧ ਨੂੰ ਨਮਸਕਾਰ ਕਰ ਕੇ ਆਪਣੇ ਹੀ ਦਰਸਾਏ ਹੋਏ ਅਸੂਲਾਂ ਦੀ ਉਲੰਘਣਾ ਕੀਤੀ ਹੈ। ਇਸ ਲਈ ਆਪ ਤਨਖ਼ਾਹ ਦੇ ਭਾਗੀਦਾਰ ਹੋ। ਗੁਰੂ ਜੀ ਕਹਿਣ ਲੱਗੇ ਮੈਂ ਇਹ ਅਵੱਗਿਆ ਜਾਣ ਬੁੱਝ ਕੇ ਖ਼ਾਲਸੇ ਨੂੰ ਪਰਖਣ ਵਾਸਤੇ ਕੀਤੀ ਸੀ। ਪਰ ਅਵੱਗਿਆ, ਅਵੱਗਿਆ ਹੀ ਹੈ। ਮੈਂ ਤਨਖ਼ਾਹ ਲਵਾਉਣ ਲਈ ਤਿਆਰ ਹਾਂ। ਸਿੰਘਾਂ ਨੇ ਦੀਵਾਨ ਸਜਾਇਆ ਤੇ ਤਨਖ਼ਾਹ ਲਗਾਉਣ ਬਾਰੇ ਵਿਚਾਰ ਕੀਤੀ। ਤਨਖ਼ਾਹ ਦੀ ਰਕਮ ਬਾਰੇ ਇਤਿਹਾਸਕਾਰਾਂ ਦੀਆਂ ਵੱਖ-ਵੱਖ ਰਾਵਾਂ ਹਨ। ਭਾਈ ਵੀਰ ਸਿੰਘ ਜੀ ਅਨੁਸਾਰ ਸਵਾ ਸੌ ਰੁਪਏ ਦੀ ਤਨਖ਼ਾਹ ਲਗਾਈ ਗਈ, ਜੋ ਗੁਰੂ ਜੀ ਨੇ ਉਸੇ ਸਮੇਂ ਦੇ ਦਿੱਤੀ। ਸਿੰਘਾਂ ਨੇ ਇਸ ਰਕਮ ਨਾਲ ਲੰਗਰ ਵਾਸਤੇ ਤੰਬੂ ਬਣਵਾਇਆ। “ਸੂਰਜ ਪ੍ਰਕਾਸ਼” ਅਨੁਸਾਰ ਤਨਖ਼ਾਹ ਦੀ ਰਕਮ ਪੰਜ ਸੌ ਰੁਪਏ ਸੀ, ਜੋ ਗੁਰੂ ਜੀ ਨੇ ਹੱਸ ਕੇ ਦੇ ਦਿੱਤੀ। ਇਸ ਰਕਮ ਦਾ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਗਿਆ ਤੇ ਸਾਰੀ ਸੰਗਤ ਵਿਚ ਖੁੱਲ੍ਹਾ ਵਰਤਾਇਆ ਗਿਆ।

ਕੁਝ ਸਮਾਂ ਪਹਿਲਾਂ ਜੈਪੁਰ ਦੀ ਸੰਗਤ ਨੇ ਨਰੈਣਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਬਣਾਉਣ ਦਾ ਉਪਰਾਲਾ ਕੀਤਾ। ਇਹ ਸ਼ਹਿਰ ਤੋਂ ਬਾਹਰ ਨਰੈਣਾ-ਦਾਦੂ ਸੜਕ ’ਤੇ ਸਥਿਤ ਹੈ। ਇਥੇ ਜੈਪੁਰ ਦੀ ਸੰਗਤ ਨੇ ਉਸਾਰੀ ਆਰੰਭ ਕੀਤੀ। ਇਕ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਵੱਡੇ ਗੁਰਦੁਆਰੇ ਦੀ ਉਸਾਰੀ ਲਈ 1990 ਵਿਚ ਕਾਰ ਸੇਵਾ, ਖਡੂਰ ਸਾਹਿਬ ਵਾਲੇ ਸੰਤ ਬਾਬਾ ਉੱਤਮ ਸਿੰਘ ਜੀ ਤੇ ਬਾਬਾ ਅਮਰ ਸਿੰਘ ਜੀ, ਗੁਰਦੁਆਰਾ ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ (ਐਮ.ਪੀ.) ਨੇ ਸੇਵਾ ਸੰਭਾਲੀ ਤੇ ਨਵੇਂ ਗੁਰਦੁਆਰੇ ਦੀ ਉਸਾਰੀ ਆਰੰਭ ਕਰਵਾਈ।

**ਮੋਬਾਈਲ** : 9876785672

# ਭਾਈ ਘਨ੍ਹੱਈਆ ਜੀ



(ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ)

• ਫ਼ਕੀਰ ਚੰਦ ਤੁਲੀ

## ਪਿਤਾ ਜੀ ਦੀ ਥਾਂ ਭਾਈ ਘਨ੍ਹੱਈਆ

ਇਹ ਅਵਸਰ ਹੱਥੋਂ ਨਾ ਜਾਵੇ, ਹੱਥ ਰੱਖੋ ਸਿਰ ਮੇਰੇ,
ਗੁਰ ਸਮਰਥ ਹੱਥ ਸਿਰ ਰੱਖੋ! ਲੱਭ ਜਾਵਣ ਦਰ ਤੇਰੇ।
ਸਾਰੀ ਰਾਤ ਭਾਈ ਘਨ੍ਹੱਈਆ ਜੀ ਨੂੰ ਇਹ ਸ਼ਬਦ ਸੁਣਾਈ ਦਿੰਦਾ ਰਿਹਾ:
ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ (ਜੈਤਸਰੀ ਮਹੱਲਾ ਪੰਜਵਾਂ)
ਜਿਸ ਦੀ ਛੋਹ ਤੋਂ ਮਨਮੁਖ ਜੀਅੜਾ, ਹੋਵੇ ਹੋਰ ਤੇ ਹੋਰ
ਜਿਸਦੇ ਹੁਕਮੀ ਇਸ ਤਨ, ਮਨ ’ਤੇ ਵਰ੍ਹੇ ਘਟਾ ਘਨਘੋਰ
ਤਨ, ਮਨ ਦਾ ਕੋਈ ਜ਼ਹਿਰ ਮੁਕਾਵੇ ਵਸਲ ਦੀ ਮਿਸ਼ਰੀ ਖੋਰ
ਭਾਂਡਾ ਆਵੇ ਪੱਕਾ ਕੀਤਾ ਪਰਖੋ ਭਾਵੇ ਠੋਰ
ਪਿੱਛਾ ਕਰਦੇ ਹਰ ਦਮ ਮੇਰਾ ਪਿੱਛੇ ਲੱਗੇ ਚੋਰ
ਇਕ ਅਰਦਾਸ ਫ਼ਕੀਰ ਸਾਈਂ ਦੀ ਨਾ ਹੁਣ ਹੋਰ ਵਿਛੋਰ।

**ਮੁਸਾਹਿਬ ਅਮਰ ਸਿੰਘ ਨੂੰ ਖ਼ਬਰ ਹੋਣੀ**

ਦੱਸਿਆ ਕਿਸੇ ਅਮਰ ਸਿੰਘ ਨੂੰ, ਭਾਈ ਘਨ੍ਹੱਈਆ ਤੇਰਾ,
ਸੇਵਾਦਾਰ ਫ਼ਕੀਰ ਹੋ ਗਿਆ, ਰਹਿ ਗਿਆ ਖ਼ਾਲੀ ਡੇਰਾ।
ਭਾਲ ਕਰਾਈ ਬਹੁਤ ਮੁਸਾਹਿਬ, ਨਹੀਂ ਘਨ੍ਹੱਈਆ ਲੱਭੇ,
ਸੂਬੇਦਾਰ, ਜਰਨੈਲ ਦੇ ਹੋਏ, ਯਤਨ ਅਕਾਰਥ ਸੱਭੇ।
ਕਿਸੇ ਪੁੱਛਿਆ ਇਸ ਪੁਰਖੇ ਲਈ, ਕਾਹਤੋਂ ਘਾਲਾਂ ਘਾਲੋਂ?
ਕਿਉਂ ਏਨੇ ਦਿਲਗੀਰ ਭਏ ਹੋ, ਏਨਾ ਕਾਹਤੋਂ ਭਾਲੋਂ।
ਕਿਹਾ ਮੁਸਾਹਿਬ ਐਸੇ ਪਰਖ ਦੇ, ਇਸੇ ਲਈ ਦਰਸ਼ਨ ਚਾਹਾਂ,
ਇਸ ਮਾਇਆ ਦੇ ਜਾਲ ਕੱਟ ਕੇ ਫੜੀਆਂ ਸੱਚੀਆਂ ਰਾਹਾਂ।
ਇਹ ਸੱਚਾ ਯੋਧਾ ਹੈ ਇਸ ਨੇ, ਪਾਈ ਸੂਰਮਤਾਈ,
ਰੱਬੀ ਜੋਤ ਤੰਬੂ ਵਿਚ ਆ ਕੇ, ਇਸ ਵਿਚ ਜੋਤ ਜਗਾਈ।
ਮਨ ਨੂੰ ਵਿਸ਼ਿਆਂ ਭੋਗਾਂ ਵੱਲੋਂ, ਵਿਰਲਾ ਕੋਈ ਮੋੜੇ,
ਸੂਰਮਗਤਿ ਪਾ ਕੇ ਹੀ ਕੋਈ, ਜਰ ਪ੍ਰਭੂ ਸੰਗ ਜੋੜੇ।

**ਪਹਾੜਾਂ ਵਿਚ ਵਿਚਰਦੇ ਭਾਈ ਘਨੱਈਆ ਜੀ**

ਘੁੰਮਦੇ ਫਿਰਨ ਪਹਾੜਾਂ ਅੰਦਰ, ਬ੍ਰਿਹਾ ਬ੍ਰਿਹਾ ਕੂਕੇ,
ਗੋਬਿੰਦ ਮਿਲਨ ਦੀ ਸਾਡੀ ਵਾਰੀ,ਨਾਮ ਬ੍ਰਿਹਾ ਦਾ ਸ਼ੂਕੇ।
ਫਲ ਰੁੱਖਾਂ ਦੇ, ਪੱਤ ਰੁੱਖਾਂ ਦੇ, ਖਾ ਖਾ ਕੇ ਜਲ ਪੀਂਦੇ,
ਭਾਈ ਘਨੱਈਆ ਨਗਰ, ਗਿਰਾਂ ਵਿਚ, ਜਾਵਣ ਤੋਂ ਕਤਰਾਂਦੇ।
ਭਾਈ ਘਨੱਈਆ ਸੋਚਣ ਜੇਕਰ, ਨਾ ਮੈਂ ਗੋਬਿੰਦ ਪਾਇਆ,
ਕੀ ਕਰਨਾ ਹੈ ਜੀ ਕੇ ਫਿਰ ਮੈਂ, ਕੀ ਕਰਨੀ ਹੈ ਕਾਇਆ।
ਭਾਈ ਸਾਹਿਬ ਉਪਰਾਮ ਹੋ ਗਏ, ਭਏ ਜੰਗਲ ਵਿਚ ’ਕੱਲੇ,
ਚੱਲਣ ਫਿਰਨੋਂ ਅਸਮਰਥ ਹੋ ਗਏ, ਪਏ ਰੁੱਖ ਦੇ ਥੱਲੇ।

**ਮੋਬਾਈਲ** : 90419-19908

ਚਲਦਾ..

# ਕਿਸਾਨਾਂ 'ਤੇ ਮੰਡਰਾਉਣ ਲੱਗਾ ਖ਼ਤਰਾ ! ਵਰਤਣ ਸਾਵਧਾਨੀ, ਸੁਚੇਤ ਰਹਿਣ ਦੀ ਸਲਾਹ

ਕੌਮੀ ਪਤ੍ਰਿਕਾ



ਟਾਂਡਾ ਉੜਮੁੜ 30 ਮਾਰਚ। ਪੰਜਾਬ 'ਚ ਪਿਛਲੇ ਕੁਝ ਦਿਨਾਂ ਤੋਂ ਹੋ ਰਹੀ ਬੇਮੌਸਮੀ ਬਾਰਿਸ਼ ਨੇ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਖ਼ਾਸ ਕਰਕੇ ਕਣਕ ਦੀ ਤਿਆਰ ਖੜ੍ਹੀ ਫ਼ਸਲ 'ਤੇ ਇਸ ਮੀਂਹ ਦਾ ਨਕਾਰਾਤਮਕ ਅਸਰ ਪਿਆ ਹੈ, ਜਿਸ ਕਾਰਨ ਕਿਸਾਨ ਕਾਫ਼ੀ ਚਿੰਤਾ 'ਚ ਨਜ਼ਰ ਆ ਰਹੇ ਹਨ। ਖੇਤਾਂ 'ਚ ਖੜ੍ਹੀ ਕਣਕ ਦੀ ਫ਼ਸਲ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਝੁੱਕ ਗਈ ਹੈ, ਜਿਸ ਨਾਲ ਦਾਣੇ ਦੀ ਗੁਣਵੱਤਾ 'ਤੇ ਅਸਰ ਪੈਣ ਦਾ ਡਰ ਹੈ। ਜਿੱਥੇ ਕਣਕ ਦੀ ਕਟਾਈ ਦੇ ਦਿਨ ਨੇੜੇ ਸਨ, ਉੱਥੇ ਹੀ ਹੁਣ ਲਗਾਤਾਰ ਨਮੀ ਕਾਰਨ ਫ਼ਸਲ ਦੇ ਸੁੱਕਣ 'ਚ ਵੀ ਦੇਰੀ ਹੋ ਰਹੀ ਹੈ। ਇਸ ਨਾਲ ਨਾ ਸਿਰਫ਼ ਪੈਦਾਵਾਰ ਘਟਣ ਦੀ ਸੰਭਾਵਨਾ ਹੈ, ਸਗੋਂ ਕਿਸਾਨਾਂ ਨੂੰ ਆਰਥਿਕ ਨੁਕਸਾਨ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਕਈ ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਅਗਲੇ ਕੁਝ ਦਿਨਾਂ 'ਚ ਮੌਸਮ ਸਾਫ਼ ਨਾ ਹੋਇਆ ਤਾਂ ਨੁਕਸਾਨ ਹੋਰ ਵੱਧ ਸਕਦਾ ਹੈ। ਜ਼ਿਕਰਯੋਗ ਹੈ ਕਿ ਮੌਸਮ ਵਿਭਾਗ ਵੱਲੋਂ ਪਹਿਲਾਂ ਤੋਂ ਹੀ ਪੰਜਾਬ 'ਚ ਬਾਰਿਸ਼ ਦਾ ਅਲਰਟ ਜਾਰੀ ਕੀਤਾ ਗਿਆ ਸੀ ਅਤੇ ਬੀਤੀ ਰਾਤ ਤੋਂ ਟਾਂਡਾ ਇਲਾਕੇ 'ਚ ਹੋ ਰਹੀ ਹਲਕੀ ਤੋਂ ਦਰਮਿਆਨੀ ਬਾਰਿਸ਼ ਹਾੜ੍ਹੀ ਦੀ ਪ੍ਰਮੁੱਖ ਕਣਕ ਦੀ ਫ਼ਸਲ ਲਈ ਨੁਕਸਾਨ ਦੇ ਸਾਬਤ ਹੋਵੇਗੀ। ਖੇਤੀਬਾੜੀ ਵਿਭਾਗ ਦੇ ਮਾਹਿਰਾਂ ਦੇ ਅਨੁਸਾਰ ਇਸ ਸਮੇਂ ਮੀਂਹ ਕਣਕ ਲਈ ਹਾਨੀਕਾਰਕ ਸਾਬਤ ਹੁੰਦਾ ਹੈ, ਕਿਉਂਕਿ ਫ਼ਸਲ ਪੱਕਣ ਦੇ ਅੰਤਿਮ ਪੜਾਅ 'ਚ ਹੈ। ਇਸ ਦੌਰਾਨ ਨਮੀ ਵੱਧਣ ਨਾਲ ਦਾਣੇ ਕਾਲੇ ਪੈਣ ਜਾਂ ਅੰਕੁਰਿਤ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਸਰਦੀ ਦੇ ਮੌਸਮ 'ਚ ਬਾਰਿਸ਼ ਨਾ ਹੋਣ ਕਾਰਨ ਕਿਸਾਨਾਂ ਨੇ ਆਪਣੀ ਕਣਕ ਨੂੰ ਪਹਿਲਾਂ ਤੋਂ ਹੀ ਪਾਣੀ ਲਾਇਆ ਸੀ ਅਤੇ ਹੁਣ ਹੋਰ ਜ਼ਿਆਦਾ ਬਾਰਿਸ਼ ਹੋਣ ਕਾਰਨ ਕਣਕ ਦੀ ਫ਼ਸਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ ਅਤੇ ਕਣਕ ਦੇ ਝਾੜ ਤੇ ਵੀ ਇਸ ਦਾ ਅਸਰ ਪਵੇਗਾ। ਵਿਗੜਦੇ ਮੌਸਮ ਨੂੰ ਵੇਖਦੇ ਹੋਏ ਮਾਹਿਰਾਂ ਵੱਲੋਂ ਅਗਲੇ ਦਿਨਾਂ ਲਈ ਵੀ ਕਿਸਾਨਾਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ ਹੈ। ਦੂਜੇ ਪਾਸੇ ਇਸ ਦੇ ਸਬੰਧ 'ਚ ਜਦੋਂ ਸਿਵਲ ਸਰਜਨ ਹੁਸ਼ਿਆਰਪੁਰ ਡਾ. ਦੀਪ ਕਮਲ, ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਕੇਵਲ ਸਿੰਘ ਕਾਜਲ, ਸੇਵਾ ਮੁਕਤ ਸਿਵਿਲ ਸਰਜਨ ਡਾ. ਪ੍ਰੀਤ ਮਹਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਬੇਸ਼ੱਕ ਬੇ-ਮੌਸਮੀ ਬਰਸਾਤ ਦੇ ਨਾਲ ਪ੍ਰਦੂਸ਼ਿਤ ਹੋਇਆ ਵਾਤਾਵਰਨ ਸੁਹਾਵਣਾ ਹੋਇਆ ਹੈ ਪਰ ਫਿਰ ਵੀ ਸਾਨੂੰ ਪਲ ਪਲ ਬਦਲ ਰਹੇ ਮੌਸਮ ਦੇ 'ਚ ਆਪਣੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ ਇਸ ਤੋਂ ਇਲਾਵਾ ਸਾਨੂੰ ਆਪਣੀਆਂ ਖਾਣ ਪੀਣ ਦੀਆਂ ਚੀਜ਼ਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਉਧਰ ਦੂਜੇ ਪਾਸੇ ਜਦੋਂ ਇਸ ਸਬੰਧ 'ਚ ਇਲਾਕੇ ਦੀਆਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕੀਤੀ ਤਾਂ ਦੋਆਬਾ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪਰਮਬੀਰ ਸਿੰਘ ਭੁੱਲਾ ਪਾਠ, ਕਿਸਾਨ ਸੰਘਰਸ਼ ਕਮੇਟੀ ਆਜ਼ਾਦ ਦੇ ਸੂਬਾ ਪ੍ਰਧਾਨ ਅਮਰਜੀਤ ਸਿੰਘ ਰਾੜਾ ਨੇ ਕਿਹਾ ਕਿ ਸਰਕਾਰਾਂ ਦੀ ਬੇਰੁਖੀ ਅਤੇ ਗਲਤ ਨੀਤੀਆਂ ਦੇ ਕਾਰਨ ਪੰਜਾਬ ਦਾ ਕਿਸਾਨ ਪਹਿਲਾਂ ਤੋਂ ਹੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਕੇ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੈ, ਇਸ ਲਈ ਸਰਕਾਰ ਨੂੰ ਕਿਸਾਨਾਂ ਵਾਸਤੇ ਵਿਸ਼ੇਸ਼ ਯੋਜਨਾਵਾਂ ਅਤੇ ਮੁਆਵਜ਼ੇ ਦੀ ਤਜਵੀਜ ਵੀ ਰੱਖਣੀ ਚਾਹੀਦੀ ਹੈ ਅਤੇ ਪ੍ਰਭਾਵਿਤ ਹੋ ਰਹੀ ਫ਼ਸਲ ਦੇ ਨੁਕਸਾਨ ਦਾ ਜਲਦੀ ਸਰਵੇ ਕਰਵਾਉਣਾ ਚਾਹੀਦਾ ਹੈ।

## ਅਦਾਲਤ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਨਿਕਲੀ ਝੂਠੀ

ਜੈਪੁਰ 30 ਮਾਰਚ। ਰਾਜਸਥਾਨ ਦੇ ਸ਼੍ਰੀਗੰਗਾਨਗਰ ਵਿੱਚ ਸਥਿਤ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਕੰਪਲੈਕਸ ਵਿੱਚ ਬੁੱਧਵਾਰ ਨੂੰ ਇੱਕ ਵਿਸਫੋਟਕ ਯੰਤਰ ਦੀ ਧਮਕੀ ਨੇ ਦਹਿਸ਼ਤ ਫੈਲਾ ਦਿੱਤੀ। ਸੁਰੱਖਿਆ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਧਮਕੀ ਮਿਲਣ ਤੋਂ ਬਾਅਦ ਇਮਾਰਤ ਨੂੰ ਖਾਲੀ ਕਰਵਾ ਲਿਆ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਹਾਲਾਂਕਿ, ਇਮਾਰਤ ਦੀ ਤਲਾਸ਼ੀ ਦੌਰਾਨ ਕੁਝ ਵੀ ਸ਼ੱਕੀ ਨਹੀਂ ਮਿਲਿਆ। ਅਧਿਕਾਰੀਆਂ ਨੇ ਦੱਸਿਆ ਕਿ ਅਦਾਲਤੀ ਕੰਪਲੈਕਸ ਨੂੰ ਉਡਾਉਣ ਦੀ ਧਮਕੀ ਵਾਲਾ ਪੱਤਰ ਡਾਕ ਰਾਹੀਂ ਭੇਜਿਆ ਗਿਆ ਸੀ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਅਤੇ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ। ਜ਼ਿਲ੍ਹਾ ਪੁਲਸ ਸੁਪਰਡੈਂਟ ਹਰੀ ਸ਼ੰਕਰ ਨੇ ਕਿਹਾ, ਸਾਨੂੰ ਅਦਾਲਤ ਦੇ ਅਹਾਤੇ ਵਿੱਚ ਬੰਬ ਹੋਣ ਬਾਰੇ ਇੱਕ ਧਮਕੀ ਭਰਿਆ ਪੱਤਰ ਮਿਲਿਆ। ਸਾਵਧਾਨੀ ਦੇ ਤੌਰ 'ਤੇ ਪੂਰੇ ਅਹਾਤੇ ਨੂੰ ਖਾਲੀ ਕਰਵਾ ਲਿਆ ਗਿਆ ਅਤੇ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ। ਉਨ੍ਹਾਂ ਕਿਹਾ ਕਿ ਬੀਕਾਨੇਰ ਤੋਂ ਬੰਬ ਨਿਰੋਧਕ ਦਸਤੇ ਨੂੰ ਵੀ ਬੁਲਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਧਮਕੀ ਮਿਲਣ ਤੋਂ ਬਾਅਦ ਟੀਮ ਨੇ ਪੂਰੇ ਕੰਪਲੈਕਸ ਦੀ ਚੰਗੀ ਤਰੀਕੇ ਨਾਲ ਤਲਾਸ਼ੀ ਲਈ, ਜਿਸ ਵਿੱਚ ਅਦਾਲਤੀ ਕਮਰੇ, ਚੈਂਬਰ ਅਤੇ ਨਿਆਂਇਕ ਅਧਿਕਾਰੀਆਂ ਦੇ ਦਫ਼ਤਰ ਸ਼ਾਮਲ ਹਨ।

## ਕੁੱਤੇ ਨੇ ਮਾਰੀ ਝਰੀਟ ਤਾਂ ਕੁੜੀ ਨੇ ਟੀਕੇ ਦੇ ਡਰੋਂ ਨਾ ਦੱਸਿਆ ਘਰ ! ਹੁਣ ਤੜਫ਼-ਤੜਫ਼ ਨਿਕਲੀ ਜਾਨ

ਨੈਸ਼ਨਲ ਡੈਸਕ 30 ਮਾਰਚ। ਡਾਕਟਰਾਂ ਦੀ ਸਲਾਹ ਨੂੰ ਇਗਨੋਰ ਕਰਨਾ ਕਿੰਨਾ ਭਾਰੀ ਪੈ ਸਕਦਾ ਹੈ, ਇਸ ਦੀ ਇੱਕ ਤਾਜ਼ਾ ਮਿਸਾਲ ਮੁੰਬਈ ਦੇ ਨਾਲਾਸੋਪਾਰਾ ਇਲਾਕੇ ਤੋਂ ਸਾਹਮਣੇ ਆਈ ਹੈ, ਜਿੱਥੇ ਇੱਕ 9 ਸਾਲਾ ਬੱਚੀ ਦੀ ਰੇਬੀਜ਼ ਕਾਰਨ ਮੌਤ ਹੋ ਗਈ ਕਿਉਂਕਿ ਉਸ ਨੇ ਇੰਜੈਕਸ਼ਨ ਦੇ ਡਰੋਂ ਆਪਣੇ ਪਰਿਵਾਰ ਨੂੰ ਕੁੱਤੇ ਦੇ ਝਰੀਟ ਮਾਰਨ ਬਾਰੇ ਜਾਣਕਾਰੀ ਨਹੀਂ ਦਿੱਤੀ ਸੀ। ਮ੍ਰਿਤਕ ਬੱਚੀ ਦੀ ਪਛਾਣ ਚੌਥੀ ਜਮਾਤ ਦੀ ਵਿਦਿਆਰਥਣ ਕਸ਼ਿਸ਼ ਸਹਾਨੀ ਵਜੋਂ ਹੋਈ ਹੈ। ਉਹ ਲਗਭਗ 6 ਮਹੀਨੇ ਪਹਿਲਾਂ ਆਪਣੇ ਦਾਦਾ ਜੀ ਨਾਲ ਸੈਰ ਕਰਨ ਗਈ ਸੀ ਕਿ ਇਕ ਅਵਾਰਾ ਕੁੱਤੇ ਨੇ ਉਸ ਨੂੰ ਝਰੀਟ ਮਾਰ ਦਿੱਤੀ ਸੀ। ਕਸ਼ਿਸ਼ ਟੀਕਾ ਲਗਵਾਉਣ ਤੋਂ ਬਹੁਤ ਡਰਦੀ ਸੀ, ਇਸ ਲਈ ਉਸ ਨੇ ਇਸ ਘਟਨਾ ਨੂੰ ਮਾਮੂਲੀ ਸਮਝ ਕੇ ਪਰਿਵਾਰ ਤੋਂ ਲੁਕਾ ਲਿਆ ਅਤੇ ਰੇਬੀਜ਼ ਦਾ ਟੀਕਾ ਨਹੀਂ ਲਗਵਾਇਆ। ਜਦੋਂ ਉਸ ਨੇ ਘਰ ਨਾ ਦੱਸਿਆ ਤੇ ਰੇਬੀਜ਼ ਦਾ ਟੀਕਾ ਨਾ ਲਗਵਾਇਆ ਤਾਂ ਅੱਜ ਤੋਂ ਕਰੀਬ ਇਕ ਹਫ਼ਤਾ ਪਹਿਲਾਂ ਅਚਾਨਕ ਕਸ਼ਿਸ਼ ਦੀ ਸਿਹਤ ਵਿਗੜਨ ਲੱਗੀ। ਉਸ ਨੇ ਖਾਣਾ-ਪੀਣਾ ਛੱਡ ਦਿੱਤਾ ਅਤੇ ਉਸ ਨੂੰ ਪਾਣੀ ਤੋਂ ਡਰ ਲੱਗਣ ਲੱਗਾ, ਜੋ ਕਿ ਰੇਬੀਜ਼ ਦੇ ਆਖਰੀ ਪੜਾਅ ਦੇ ਲੱਛਣ ਹਨ। ਜਦੋਂ ਉਸ ਦੀ ਹਾਲਤ ਜ਼ਿਆਦਾ ਖ਼ਰਾਬ ਹੋਈ, ਤਾਂ ਉਸ ਨੂੰ ਮੁੰਬਈ ਦੇ ਕਸਤੂਰਬਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਇੱਥੇ ਇਲਾਜ ਦੌਰਾਨ ਉਸ ਨੇ ਦੱਸਿਆ ਕਿ 6 ਮਹੀਨੇ ਪਹਿਲਾਂ ਉਸ ਨੂੰ ਕੁੱਤੇ ਨੇ ਝਰੀਟ ਮਾਰੀ ਸੀ, ਪਰ ਬਦਕਿਸਮਤੀ ਨਾਲ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਅਤੇ ਡਾਕਟਰਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਮਾਹਿਰਾਂ ਅਨੁਸਾਰ, ਰੇਬੀਜ਼ ਇੱਕ ਅਜਿਹੀ ਬਿਮਾਰੀ ਹੈ ਜਿਸ ਦਾ ਲੱਛਣ ਦਿਖਾਈ ਦੇਣ ਤੋਂ ਬਾਅਦ ਕੋਈ ਇਲਾਜ ਨਹੀਂ ਹੈ। ਭਾਵੇਂ ਕੁੱਤਾ ਸਿਰਫ਼ ਝਰੀਟ ਹੀ ਮਾਰੇ, ਫਿਰ ਵੀ ਰੇਬੀਜ਼ ਦਾ ਟੀਕਾ ਲਗਵਾਉਣਾ ਬਹੁਤ ਜ਼ਰੂਰੀ ਹੈ। ਰੇਬੀਜ਼ ਦੀ ਵੈਕਸੀਨ 100 ਫ਼ੀਸਦੀ ਪ੍ਰਭਾਵਸ਼ਾਲੀ ਹੈ ਜੇਕਰ ਇਹ ਸਮੇਂ ਸਿਰ ਲਗਵਾਈ ਜਾਵੇ। ਇਹ ਘਟਨਾ ਮਾਪਿਆਂ ਲਈ ਇੱਕ ਵੱਡੀ ਚਿਤਾਵਨੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਜਾਨਵਰਾਂ ਨਾਲ ਹੋਣ ਵਾਲੀ ਕਿਸੇ ਵੀ ਛੋਟੀ-ਮੋਟੀ ਘਟਨਾ ਬਾਰੇ ਤੁਰੰਤ ਦੱਸਣ ਲਈ ਪ੍ਰੇਰਿਤ ਕਰਨ। ਬੱਚਿਆਂ ਦਾ 'ਇੰਜੈਕਸ਼ਨ ਦਾ ਡਰ' ਉਨ੍ਹਾਂ ਦੀ ਜ਼ਿੰਦਗੀ 'ਤੇ ਭਾਰੀ ਪੈ ਸਕਦਾ ਹੈ।



## ਫ਼ੌਜ ਵੱਲੋਂ ਵੇਰਕਾ ਮਿਲਕ ਪਾਊਡਰ ਰਿਜੈਕਟ ਕਰਨ ਦੇ ਮਾਮਲੇ ਦੀ ਹੋਵੇ ਉੱਚ ਪੱਧਰੀ ਜਾਂਚ : ਰੰਧਾਵਾ

ਚੰਡੀਗੜ੍ਹ 30 ਮਾਰਚ। ਸਾਬਕਾ ਉਪ ਮੁੱਖ ਮੰਤਰੀ ਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਭਾਰਤੀ ਫ਼ੌਜ ਵੱਲੋਂ ਵੇਰਕਾ ਮਿਲਕ ਪਾਊਡਰ ਦੀ ਇਕ ਖੇਪ ਨੂੰ ਰੱਦ ਕਰਨ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਦੀ ਮਲਕੀਅਤ ਵਾਲੇ ਇਕ ਪ੍ਰਮੁੱਖ ਡੇਅਰੀ ਬ੍ਰਾਂਡ ਵਿਰੁੱਧ ਉਠਾਈਆਂ ਗਈਆਂ ਚਿੰਤਾਵਾਂ 'ਤੇ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਇਸ ਮਾਮਲੇ 'ਚ ਸੂਬਾ ਸਰਕਾਰ ਦੇ ਗੁਣਵੱਤਾ ਕੰਟਰੋਲ ਅਤੇ ਨਿਗਰਾਨ ਪ੍ਰਣਾਲੀਆਂ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਜੇ ਕੋਈ ਉਤਪਾਦ ਫ਼ੌਜ ਦੇ ਮਾਪਦੰਡਾਂ 'ਤੇ ਖਰਾ ਨਹੀਂ ਉੱਤਰਦਾ ਤਾਂ ਆਮ ਲੋਕਾਂ ਨੂੰ ਇਸ ਦੀ ਵੰਡ ਇਕ ਗੰਭੀਰ ਜਨਤਕ ਸਿਹਤ ਚਿੰਤਾ ਹੈ। ਉਨ੍ਹਾਂ ਕਿਹਾ ਕਿ ਵੇਰਕਾ ਹਮੇਸ਼ਾ ਪੰਜਾਬ ਦਾ ਮਾਣ ਰਿਹਾ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਪ੍ਰਮੁੱਖ ਬ੍ਰਾਂਡ ਦੀ ਸਾਖ਼ ਨੂੰ ਢਾਹ ਲਾਈ ਹੈ। 'ਆਪ' ਸਰਕਾਰ ਆਪਣੀ ਗੁਣਵੱਤਾ ਬਾਰੇ ਉਠਾਏ ਗਏ ਸਵਾਲਾਂ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਇਸ ਮੁੱਦੇ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਚੰਗੇ ਸ਼ਾਸਨ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਸਰਕਾਰ ਤੋਂ ਤੁਰੰਤ ਪਾਰਦਰਸ਼ਤਾ ਦੀ ਮੰਗ ਕਰਦਿਆਂ ਕਿਹਾ ਕਿ ਮਾਮਲੇ ਦੀ ਉੱਚ ਪੱਧਰੀ ਸੁਤੰਤਰ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਫ਼ੌਜ ਵੱਲੋਂ ਰੱਦ ਕੀਤੀ ਗਈ ਖੇਪ ਦੀ ਗੁਣਵੱਤਾ ਜਾਂਚ ਰਿਪੋਰਟ ਜਨਤਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇ ਇਸ ਮਾਮਲੇ 'ਚ ਕੋਈ ਲਾਪ੍ਰਵਾਹੀ ਜਾਂ ਗ਼ਲਤੀ ਮਿਲਦੀ ਹੈ ਤਾਂ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਬਰਨਾਲਾ 'ਚ ਪੈਟਰੋਲ-ਡੀਜ਼ਲ ਦੀ ਕਿੱਲਤ ਦੀਆਂ ਅਫਵਾਹਾਂ ਦਾ ਬਾਜ਼ਾਰ ਗਰਮ

ਬਰਨਾਲਾ 30 ਮਾਰਚ। ਬਰਨਾਲਾ ਸ਼ਹਿਰ 'ਚ ਪਿਛਲੇ ਕੁਝ ਦਿਨਾਂ ਤੋਂ ਪੈਟਰੋਲ, ਡੀਜ਼ਲ ਤੇ ਐੱਲ.ਪੀ.ਜੀ. ਗੈਸ ਦੀ ਕਿੱਲਤ ਨੂੰ ਲੈ ਕੇ ਫੈਲੀਆਂ ਅਫਵਾਹਾਂ ਕਾਰਨ ਲੋਕਾਂ ਵਿੱਚ ਭਾਰੀ ਘਬਰਾਹਟ ਦੇਖਣ ਨੂੰ ਮਿਲ ਰਹੀ ਹੈ। ਅਫਵਾਹਾਂ ਕਾਰਨ ਪੈਟਰੋਲ ਪੰਪਾਂ 'ਤੇ ਤੇਲ ਸਟੋਰ ਕਰਨ ਵਾਲਿਆਂ ਦੀਆਂ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ, ਜਦਕਿ ਜ਼ਮੀਨੀ ਹਕੀਕਤ ਇਹ ਹੈ ਕਿ ਸ਼ਹਿਰ ਵਿੱਚ ਤੇਲ ਦੀ ਕੋਈ ਕਮੀ ਨਹੀਂ ਹੈ। ਸੂਤਰਾਂ ਅਨੁਸਾਰ, ਲੋਕਾਂ 'ਚ ਅਫਵਾਹ ਫੈਲੀ ਹੋਈ ਹੈ ਕਿ ਸਟਾਕ ਸਿਰਫ 20 ਜਾਂ 60 ਦਿਨਾਂ ਦਾ ਬਾਕੀ ਹੈ, ਜਿਸ ਕਾਰਨ ਲੋਕ ਵੱਡੀ ਮਾਤਰਾ ਵਿੱਚ ਤੇਲ ਸਟੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ, ਪੈਟਰੋਲ ਪੰਪ ਮਾਲਕਾਂ ਅਤੇ ਕਰਮਚਾਰੀਆਂ ਦਾ ਕਹਿਣਾ ਹੈ ਕਿ ਸਟਾਕ ਦੀ ਕੋਈ ਘਾਟ ਨਹੀਂ ਹੈ ਅਤੇ ਰੋਜ਼ਾਨਾ ਦੀ ਤਰ੍ਹਾਂ ਤੇਲ ਦੇ ਟੈਂਕਰ ਆ ਰਹੇ ਹਨ। ਪੰਪ ਪ੍ਰਬੰਧਕਾਂ ਨੇ ਸਪੱਸ਼ਟ ਕੀਤਾ ਹੈ ਕਿ ਸਪਲਾਈ ਨੂੰ ਸੁਚਾਰੂ ਰੱਖਣ ਲਈ ਫਿਲਹਾਲ ਕਿਸੇ ਵੀ ਗੱਡੀ ਨੂੰ 200 ਲੀਟਰ ਤੋਂ ਵੱਧ ਜਾਂ ਪੂਰਾ ਟੈਂਕ ਤੇਲ ਨਹੀਂ ਦਿੱਤਾ ਜਾ ਰਿਹਾ। ਇਸ ਦੇ ਨਾਲ ਹੀ ਐੱਲ.ਪੀ.ਜੀ. ਗੈਸ ਦੀ ਸਪਲਾਈ ਵੀ ਆਮ ਵਾਂਗ ਜਾਰੀ ਹੈ। ਬਰਨਾਲਾ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਵਿਸ਼ਵਾਸ ਕਰਕੇ ਪੈਨਿਕ ਖਰੀਦਦਾਰੀ ਨਾ ਕਰਨ। ਉਨ੍ਹਾਂ ਦੱਸਿਆ ਕਿ ਪੈਟਰੋਲ ਅਤੇ ਡੀਜ਼ਲ ਪੂਰੀ ਮਾਤਰਾ ਵਿੱਚ ਉਪਲਬਧ ਹੈ ਅਤੇ ਪ੍ਰਸ਼ਾਸਨ ਵੱਲੋਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਡੀ.ਸੀ. ਨੇ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਤੇਲ ਦੀ ਕਾਲਾਬਾਜ਼ਾਰੀ ਕਰਦਾ ਫੜਿਆ ਗਿਆ, ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੇਂਦਰ ਸਰਕਾਰ ਨੇ ਲੋਕਾਂ ਨੂੰ ਰਾਹਤ ਦੇਣ ਲਈ ਪੈਟਰੋਲ 'ਤੇ ਐਕਸਾਈਜ਼ ਡਿਊਟੀ 13 ਰੁਪਏ ਤੋਂ ਘਟਾ ਕੇ 3 ਰੁਪਏ ਅਤੇ ਡੀਜ਼ਲ 'ਤੇ 10 ਰੁਪਏ ਤੋਂ ਘਟਾ ਕੇ 0 ਰੁਪਏ ਕਰ ਦਿੱਤੀ ਹੈ ਤਾਂ ਜੋ ਕੀਮਤਾਂ ਵਿੱਚ ਸਥਿਰਤਾ ਬਣੀ ਰਹੇ। ਪ੍ਰਸ਼ਾਸਨ ਨੇ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ ਅਫਵਾਹਾਂ ਫੈਲਾਉਂਦਾ ਹੈ ਤਾਂ ਤੁਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਜਾਵੇ। ਪੈਟਰੋਲ ਪੰਪ ਮਾਲਕਾਂ ਜਿਵੇਂ ਸੁਮੇਸ਼ ਬਾਂਸਲ ਅਤੇ ਰਾਜੇਸ਼ (ਮੈਨੇਜਰ) ਨੇ ਵੀ ਪੁਸ਼ਟੀ ਕੀਤੀ ਹੈ ਕਿ ਤੇਲ ਦੀ ਸਪਲਾਈ ਨਿਰੰਤਰ ਜਾਰੀ ਹੈ ਅਤੇ ਘਬਰਾਉਣ ਦੀ ਲੋੜ ਨਹੀਂ ਹੈ।

## 'ਜਦੋਂ ਭਾਅ ਹੀ ਨਹੀਂ ਤਾਂ ਕਿਸ ਕੰਮ ਦੇ..!", ਕਿਸਾਨ ਨੇ ਸੜਕ 'ਤੇ ਖਿਲਾਰ ਦਿੱਤੇ 25 ਕੁਇੰਟਲ ਟਮਾਟਰ

ਕੌਮੀ ਪਤ੍ਰਿਕਾ



ਨੈਸ਼ਨਲ ਡੈਸਕ 30 ਮਾਰਚ। ਮਹਾਰਾਸ਼ਟਰ ਦੇ ਜਾਲਨਾ ਜ਼ਿਲ੍ਹੇ 'ਚ ਟਮਾਟਰ ਉਤਪਾਦਕ ਕਿਸਾਨਾਂ 'ਤੇ ਇਨੀਂ ਦਿਨੀਂ ਭਾਰੀ ਆਰਥਿਕ ਸੰਕਟ ਮੰਡਰਾ ਰਿਹਾ ਹੈ। ਬਾਜ਼ਾਰ 'ਚ ਫ਼ਸਲ ਦਾ ਵਾਜਬ ਮੁੱਲ ਨਾ ਮਿਲਣ ਤੋਂ ਨਾਰਾਜ਼ ਇੱਕ ਕਿਸਾਨ ਨੇ ਰੋਸ ਵਜੋਂ ਆਪਣੀ ਲਗਭਗ 25 ਕੁਇੰਟਲ ਟਮਾਟਰ ਦੀ ਫ਼ਸਲ ਸੜਕ 'ਤੇ ਸੁੱਟ ਦਿੱਤੀ ਅਤੇ ਉਸ ਨੂੰ ਟਰੈਕਟਰ ਨਾਲ ਕੁਚਲ ਦਿੱਤਾ। ਇਹ ਘਟਨਾ ਜਾਲਨਾ ਦੇ ਧਾਰਕਲਿਆਣ ਪਿੰਡ ਦੀ ਹੈ, ਜਿੱਥੇ ਕਿਸਾਨ ਅਮਰ ਕਾਕੜੇ ਨੇ ਕਰੀਬ ਇੱਕ ਏਕੜ ਜ਼ਮੀਨ 'ਤੇ ਟਮਾਟਰ ਦੀ ਖੇਤੀ ਕੀਤੀ ਸੀ। ਕਿਸਾਨ ਅਨੁਸਾਰ ਇਸ ਖੇਤੀ 'ਤੇ ਉਸ ਦਾ ਲਗਭਗ 40 ਤੋਂ 45 ਹਜ਼ਾਰ ਰੁਪਏ ਖਰਚਾ ਆਇਆ ਸੀ। ਮੌਸਮ ਅਨੁਕੂਲ ਰਹਿਣ ਕਾਰਨ ਫ਼ਸਲ ਤਾਂ ਬਹੁਤ ਵਧੀਆ ਹੋਈ, ਪਰ ਜਦੋਂ ਉਹ ਆਪਣੀ ਮਿਹਨਤ ਵੇਚਣ ਮੰਡੀ ਪਹੁੰਚਿਆ ਤਾਂ ਉੱਥੇ ਵਪਾਰੀਆਂ ਨੇ ਟਮਾਟਰ ਦਾ ਭਾਅ ਮਹਿਜ਼ 4 ਤੋਂ 5 ਰੁਪਏ ਪ੍ਰਤੀ ਕਿਲੋ ਲਗਾਇਆ। ਪੀੜਤ ਕਿਸਾਨ ਦਾ ਕਹਿਣਾ ਹੈ ਕਿ ਇਸ ਕੀਮਤ 'ਤੇ ਤਾਂ ਖੇਤਾਂ ਵਿੱਚੋਂ ਫ਼ਸਲ ਤੋੜਨ ਦੀ ਮਜ਼ਦੂਰੀ ਅਤੇ ਮੰਡੀ ਤੱਕ ਲਿਜਾਣ ਦਾ ਟ?ਰਾਂਸਪੋਰਟ ਖਰਚਾ ਵੀ ਪੂਰਾ ਨਹੀਂ ਹੋ ਰਿਹਾ। ਮੌਜੂਦਾ ਸਮੇਂ ਵਿੱਚ ਮੰਡੀ ਵਿੱਚ ਟਮਾਟਰ ਦੇ ਇੱਕ ਕ੍ਰੇਟ (ਲਗਭਗ 20-23 ਕਿਲੋ) ਦੀ ਕੀਮਤ ਸਿਰਫ 150 ਤੋਂ 200 ਰੁਪਏ ਮਿਲ ਰਹੀ ਹੈ। ਕਿਸਾਨਾਂ ਮੁਤਾਬਕ ਜੇਕਰ ਇੱਕ ਕ੍ਰੇਟ ਦਾ ਭਾਅ ਘੱਟੋ-ਘੱਟ 500 ਤੋਂ 600 ਰੁਪਏ ਹੋਵੇ, ਤਾਂ ਹੀ ਉਨ੍ਹਾਂ ਦੀ ਲਾਗਤ ਨਿਕਲ ਸਕਦੀ ਹੈ। ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਟਮਾਟਰ ਸਮੇਤ ਹੋਰ ਸਬਜ਼ੀਆਂ ਲਈ ਵੀ ਨਿਊਨਤਮ ਸਮਰਥਨ ਮੁੱਲ ਤੈਅ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਸਿੱਧਾ ਬਾਜ਼ਾਰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਉਨ੍ਹਾਂ ਦੀ ਲੁੱਟ ਬੰਦ ਹੋ ਸਕੇ। ਜਾਲਨਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਕਿਸਾਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਜਲਦੀ ਦਖਲ ਨਾ ਦਿੱਤਾ ਤਾਂ ਉਨ੍ਹਾਂ ਦਾ ਨੁਕਸਾਨ ਹੋਰ ਵਧ ਜਾਵੇਗਾ।

## ਰਾਜਾ ਵੜਿੰਗ ਨੇ ਸੰਸਦ 'ਚ ਚੁੱਕਿਆ ਬੰਦੀ ਸਿੰਘਾਂ ਦਾ ਮੁੱਦਾ

ਨਵੀਂ ਦਿੱਲੀ 30 ਮਾਰਚ। ਲੁਧਿਆਣਾ ਤੋਂ ਸੰਸਦ ਮੈਂਬਰ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਸੰਸਦ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਬੜੀ ਜ਼ੋਰਦਾਰ ਢੰਗ ਨਾਲ ਚੁੱਕਿਆ। ਵੜਿੰਗ ਨੇ ਕਿਹਾ ਕਿ ਦੇਸ਼ ਦੇ ਸੰਵਿਧਾਨ ਤੇ ਕਾਨੂੰਨ ਮੁਤਾਬਕ ਜੇਕਰ ਕੋਈ ਵਿਅਕਤੀ ਆਪਣੀ ਸਜ਼ਾ ਪੂਰੀ ਕਰ ਲੈਂਦਾ ਹੈ, ਤਾਂ ਉਸ ਦੀ ਰਿਹਾਈ ਹੋ ਜਾਣੀ ਚਾਹੀਦੀ ਹੈ। ਵੜਿੰਗ ਨੇ ਸਦਨ ਨੂੰ ਜਾਣੂ ਕਰਵਾਇਆ ਕਿ ਪੰਜਾਬ ਦੇ ਸੈਂਕੜੇ ਲੋਕ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿੱਖ ਹਨ ਅਤੇ ਜਿਨ੍ਹਾਂ ਨੂੰ 'ਬੰਦੀ ਸਿੱਖ' ਕਿਹਾ ਜਾਂਦਾ ਹੈ, ਆਪਣੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਵੀ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਰਿਹਾਈ 'ਤੇ ਜਾਣਬੁੱਝ ਕੇ ਰੋਕ ਲਗਾਈ ਜਾ ਰਹੀ ਹੈ। ਵੜਿੰਗ ਨੇ ਮੁਹਾਲੀ ਵਿੱਚ ਪਿਛਲੇ ਡੇਢ ਸਾਲ ਤੋਂ ਲੱਗੇ ਧਰਨੇ ਦਾ ਹਵਾਲਾ ਦਿੰਦਿਆਂ ਮੰਗ ਕੀਤੀ ਕਿ ਚਾਹੇ ਉਹ ਬੰਦੀ ਸਿੱਖ ਹੋਣ ਜਾਂ ਕੋਈ ਹੋਰ ਗੁਨਾਹਗਾਰ, ਜਿਨ੍ਹਾਂ ਨੇ ਆਪਣੀ ਸਜ਼ਾ ਪੂਰੀ ਕਰ ਲਈ ਹੈ

# ਗੈਸ ਦੀ ਕਿੱਲਤ ਕਾਰਨ ਢਾਬੇ ਤੇ ਰੇਹੜੀਆਂ ਹੋਈਆਂ ਬੰਦ, ਖਾਣ-ਪੀਣ ਦੀਆਂ ਵਸਤਾਂ ਦੇ ਰੇਟ ਵਧੇ !

ਕੌਮੀ ਪਤ੍ਰਿਕਾ

ਗੁਰਦਾਸਪੁਰ 30 ਮਾਰਚ। ਗੁਰਦਾਸਪੁਰ ਅਤੇ ਆਸ-ਪਾਸ ਦੇ ਖੇਤਰਾਂ 'ਚ ਘਰੇਲੂ ਗੈਸ ਸਿਲੰਡਰਾਂ ਦੀ ਸਪਲਾਈ 'ਚ ਕੁਝ ਸੁਧਾਰ ਹੋਇਆ ਹੈ ਪਰ ਕਮਰਸ਼ੀਅਲ (ਵਪਾਰਕ) ਸਿਲੰਡਰਾਂ ਦੀ ਘਾਟ ਲਗਾਤਾਰ ਬਣੀ ਹੋਈ ਹੈ। ਨਤੀਜੇ ਵਜੋਂ ਜ਼ਿਆਦਾਤਰ ਢਾਬਾ ਮਾਲਕਾਂ, ਖੋਖਾ ਚਾਲਕਾਂ ਅਤੇ ਚਾਹ ਵਿਕਰੇਤਾਵਾਂ ਨੇ ਜਾਂ ਤਾਂ ਆਪਣੇ ਕੰਮ ਬੰਦ ਕਰ ਦਿੱਤੇ ਹਨ ਜਾਂ ਰੇਟਾਂ 'ਚ ਭਾਰੀ ਵਾਧਾ ਕਰ ਦਿੱਤਾ ਹੈ। ਹੋਟਲ ਅਤੇ ਰੈਸਟੋਰੈਂਟ ਮਾਲਕ ਲੋੜੀਂਦੇ ਵਪਾਰਕ ਸਿਲੰਡਰ ਪ੍ਰਾਪਤ ਕਰਨ 'ਚ ਅਸਮਰੱਥ ਰਹੇ ਹਨ, ਜਿਸ ਕਾਰਨ ਭੋਜਨ ਦੀਆਂ ਕੀਮਤਾਂ ਵਧ ਗਈਆਂ ਹਨ। ਸਿਲੰਡਰਾਂ ਦੀ ਘਾਟ ਕਾਰਨ ਹੋਟਲ ਮਾਲਕਾਂ ਨੇ ਭੋਜਨ ਦੀਆਂ ਕੀਮਤਾਂ 'ਚ 10 ਤੋਂ 15 ਫੀਸਦੀ ਵਾਧਾ ਕੀਤਾ ਹੈ। ਗੈਸ ਦੀ ਕਿੱਲਤ ਨੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਜਿਵੇਂ ਕਿ ਛੋਲੇ-ਕੁਲਚਾ, ਪਕੌੜੇ ਅਤੇ ਚਾਹ ਦੀਆਂ ਕੀਮਤਾਂ ਵੀ ਵਧਾ ਦਿੱਤੀਆਂ ਹਨ। ਬਹੁਤ ਸਾਰੇ ਢਾਬਾ ਮਾਲਕਾਂ ਦਾ ਕਹਿਣਾ ਹੈ ਕਿ ਜੇਕਰ ਸਪਲਾਈ ਜਲਦੀ ਨਾ ਸੁਧਰੀ ਤਾਂ ਉਨ੍ਹਾਂ ਨੂੰ ਆਪਣੇ ਕਾਰੋਬਾਰ ਪੱਕੇ ਤੌਰ 'ਤੇ ਬੰਦ ਕਰਨੇ ਪੈ ਸਕਦੇ ਹਨ। ਗੈਸ ਸੰਕਟ ਦਾ ਸਭ ਤੋਂ ਵੱਧ ਅਸਰ ਛੋਟੇ ਕਾਰੋਬਾਰੀਆਂ 'ਤੇ ਪਿਆ ਹੈ। ਚਾਹ ਅਤੇ ਪਕੌੜੇ ਵੇਚਣ ਵਾਲਿਆਂ ਨੇ ਚਾਹ ਦੀ ਕੀਮਤ ਦੁੱਗਣੀ ਕਰ ਦਿੱਤੀ ਹੈ, ਜਦੋਂ ਕਿ ਪਕੌੜੇ ਬਣਾਉਣਾ ਲਗਭਗ ਬੰਦ ਕਰ ਦਿੱਤਾ ਹੈ।



ਕਾਰੋਬਾਰੀਆਂ ਅਨੁਸਾਰ ਵਪਾਰਕ ਸਿਲੰਡਰ ਹੁਣ 3,000 ਰੁਪਏ 'ਚ ਮਿਲ ਰਿਹਾ ਹੈ, ਜਦੋਂ ਕਿ ਘਰੇਲੂ ਗੈਸ ਸਿਲੰਡਰ ਦੀ ਬਲੈਕ 1,500 ਰੁਪਏ ਤੱਕ ਪਹੁੰਚ ਗਈ ਹੈ। ਇਸ ਕਾਰਨ ਗਰੀਬ ਰੇਹੜੀ ਚਾਲਕ ਕੰਮ ਬੰਦ ਕਰਨ ਲਈ ਮਜ਼ਬੂਰ ਹਨ। ਗੈਸ ਦੀ ਕਿੱਲਤ ਹੁਣ ਰੈਸਟੋਰੈਂਟਾਂ ਦੇ ਮੇਨੂ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਜ਼ਿਆਦਾਤਰ ਮਾਲਕਾਂ ਨੇ ਬਿਰਿਆਨੀ ਵਰਗੇ ਪਕਵਾਨ ਬਣਾਉਣੇ ਬੰਦ ਕਰ ਦਿੱਤੇ ਹਨ, ਜਿਨ੍ਹਾਂ ਨੂੰ ਪਕਾਉਣ 'ਚ ਜ਼ਿਆਦਾ ਸਮਾਂ ਲੱਗਦਾ ਹੈ। ਇਸ ਤੋਂ ਇਲਾਵਾ ਆਮਦਨ ਘਟਣ ਕਾਰਨ ਸਟਾਫ ਦੀ ਛਾਂਟੀ ਵੀ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਗੈਸ ਏਜੰਸੀਆਂ ਸੀਮਤ ਸਪਲਾਈ ਦੌਰਾਨ ਵੱਡੇ ਹੋਟਲਾਂ ਅਤੇ ਹਸਪਤਾਲਾਂ ਨੂੰ ਤਰਜੀਹ ਦੇ ਰਹੀਆਂ ਹਨ, ਜਿਸ ਨਾਲ ਗਲੀ ਵਿਕਰੇਤਾਵਾਂ ਅਤੇ ਛੋਟੇ ਰੈਸਟੋਰੈਂਟਾਂ ਦਾ ਨੁਕਸਾਨ ਹੋ ਰਿਹਾ ਹੈ। ਹਾਲਾਂਕਿ ਕੁਝ ਦੁਕਾਨਦਾਰਾਂ ਨੇ ਇੰਡਕਸ਼ਨ ਸਟੋਵ ਦਾ ਪ੍ਰਬੰਧ ਕੀਤਾ ਹੈ, ਪਰ ਵਪਾਰਕ ਪੱਧਰ 'ਤੇ ਇਹ ਜ਼ਿਆਦਾ ਕਾਰਗਰ ਸਾਬਤ ਨਹੀਂ ਹੋ ਰਹੇ।

### ਪਾਬੰਦੀਸ਼ੁਦਾ 800 ਕੈਪਸੂਲ ਸਮੇਤ ਇਕ ਗ੍ਰਿਫ਼ਤਾਰ

ਗੁਰੂਹਰਸਹਾਏ 30 ਮਾਰਚ। ਥਾਣਾ ਲੱਖੋਕੇ ਬਹਿਰਾਮ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ ਪਾਬੰਦੀਸ਼ੁਦਾ 800 ਕੈਪਸੂਲ ਸਮੇਤ ਗ੍ਰਿਫ਼ਤਾਰ ਕਰਕੇ ਉਸ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਤਰਸੇਮ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਦੌਰਾਨੇ ਗਸ਼ਤ ਸੀ ਤਾਂ ਇਸ ਦੌਰਾਨ ਉਨ੍ਹਾਂ ਨੂੰ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਮਨਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਗੁਰੂ ਰਾਮ ਦਾਸ ਨਗਰ ਫਿਰੋਜ਼ਪੁਰ ਸ਼ਹਿਰ ਨਸ਼ੀਲੇ ਕੈਪਸੂਲ ਵੇਚਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿਚੋਂ 800 ਪਾਬੰਦੀਸ਼ੁਦਾ ਕੈਪਸੂਲ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵਿਦੇਸ਼ਾਂ 'ਚ ਭਾਰੀ ਮੰਗ ਦਰਮਿਆਨ ਸਪਲਾਈ ਠੱਪ, ਹਾਪੁਸ ਅੰਬ ਦੀ ਕੀਮਤ ਪਹੁੰਚੀ 10,000 ਰੁਪਏ ਪੇਟੀ

ਬਿਜ਼ਨੈੱਸ ਡੈਸਕ 30 ਮਾਰਚ। ਮਹਾਰਾਸ਼ਟਰ ਦੇ ਕੋਂਕਣ ਖੇਤਰ, ਖਾਸ ਕਰਕੇ ਰਤਨਾਗਿਰੀ ਅਤੇ ਸਿੰਧੁਦੁਰਗ ਵਿੱਚ ਇਸ ਸਾਲ ਅਲਫਾਂਸੋ (ਹਾਪੁਸ) ਅੰਬ ਦੀ ਫਸਲ 'ਤੇ ਕੁਦਰਤ ਦਾ ਕਹਿਰ ਟੁੱਟਿਆ ਹੈ। ਬਦਲਦੇ ਮੌਸਮ ਅਤੇ ਬੇਮੌਸਮੇ ਮੀਂਹ ਨੇ ਕਿਸਾਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ, ਜਿਸ ਕਾਰਨ ਕਰੀਬ 80 ਫੀਸਦੀ ਫਸਲ ਬਰਬਾਦ ਹੋ ਗਈ ਹੈ। ਇਸ ਦੇ ਨਤੀਜੇ ਵਜੋਂ ਅਲਫਾਂਸੋ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ ਅਤੇ ਇੱਕ ਪੇਟੀ ਦੀ ਕੀਮਤ 5,000 ਤੋਂ 10,000 ਰੁਪਏ ਤੱਕ ਪਹੁੰਚ ਗਈ ਹੈ। ਵਾਸ਼ੀ ਏਪੀਐਮਸੀ ਮੰਡੀ ਦੇ ਅੰਕੜਿਆਂ ਮੁਤਾਬਕ, ਇਸ ਸਾਲ ਗੁੜੀ ਪੜਵਾ ਦੇ ਤਿਉਹਾਰ 'ਤੇ ਸਿਰਫ਼ 10,000 ਬਾਕਸ ਹੀ ਮੰਡੀ ਪਹੁੰਚੇ, ਜਦੋਂ ਕਿ ਪਿਛਲੇ ਸਾਲ ਇਹ ਗਿਣਤੀ 25,000 ਸੀ। ਉਤਪਾਦਨ ਵਿੱਚ ਆਈ ਇਸ ਵੱਡੀ ਗਿਰਾਵਟ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿੱਥੇ ਪਹਿਲਾਂ ਸਿੰਧੂਦੁਰਗ ਤੋਂ ਰੋਜ਼ਾਨਾ 50-60 ਟਰੱਕ ਮੁੰਬਈ ਜਾਂਦੇ ਸਨ, ਹੁਣ ਸਿਰਫ਼ 2-3 ਟਰੱਕ ਹੀ ਜਾ ਪਾ ਰਹੇ ਹਨ। ਭਾਵੇਂ ਦੇਸ਼ ਵਿੱਚ ਅਲਫਾਂਸੋ ਦੀ ਕਿੱਲਤ ਹੈ, ਪਰ ਯੂਰਪ, ਅਮਰੀਕਾ ਅਤੇ ਦੁਬਈ ਦੇ ਐਕਸਪੋਰਟਰਾਂ ਵਿੱਚ ਇਸ ਦੀ ਭਾਰੀ ਮੰਗ ਬਣੀ ਹੋਈ ਹੈ। ਮੰਡੀ ਸੰਚਾਲਕਾਂ ਅਨੁਸਾਰ, ਉਤਪਾਦਨ ਘੱਟ ਹੋਣ ਕਾਰਨ ਕੀਮਤਾਂ ਵਿੱਚ ਇਹ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਵਰਤਮਾਨ ਵਿੱਚ, ਛੋਟੇ ਅੰਬਾਂ ਦੀ ਇੱਕ ਪੇਟੀ 5,000 ਰੁਪਏ ਅਤੇ ਵੱਡੇ ਅੰਬਾਂ ਦੀ ਪੇਟੀ 10,000 ਰੁਪਏ ਤੱਕ ਵਿਕ ਰਹੀ ਹੈ। ਕੋਂਕਣ ਖੇਤੀਬਾੜੀ ਵਿਦਿਆਪੀਠ ਦੀ ਰਿਪੋਰਟ ਅਨੁਸਾਰ, ਇਸ ਸਾਲ ਲਗਭਗ 1 ਲੱਖ ਹੈਕਟੇਅਰ ਦੇ ਬਾਗ ਮੌਸਮ ਦੀ ਮਾਰ ਹੇਠ ਆਏ ਹਨ। ਜ਼ਿਕਰਯੋਗ ਹੈ ਕਿ ਸਾਲ 2025 ਵਿੱਚ ਕੁੱਲ 5.19 ਲੱਖ ਟਨ ਉਤਪਾਦਨ ਵਿੱਚੋਂ ਰਤਨਾਗਿਰੀ-ਸਿੰਧੂਦੁਰਗ ਦਾ ਯੋਗਦਾਨ 2,50,845 ਟਨ ਸੀ, ਜਿਸ ਵਿੱਚ ਅਲਫਾਂਸੋ ਦਾ ਹਿੱਸਾ 2,25,756 ਟਨ ਸੀ, ਪਰ ਇਸ ਵਾਰ ਸਥਿਤੀ ਬੇਹੱਦ ਚਿੰਤਾਜਨਕ ਬਣੀ ਹੋਈ ਹੈ।



## ਰੋਕ ਲਓ ਆਪਣੇ ਗੁੰਮਰਾਹ ਕਰਨ ਵਾਲੇ ਇਸ਼ਤਿਹਾਰ ! ਸਰਕਾਰ ਵਲੋਂ ਦਵਾ ਕੰਪਨੀਆਂ ਨੂੰ ਸਖ਼ਤ ਨਿਰਦੇਸ਼ ਜਾਰੀ

ਏਜੰਸੀਆਂ

ਨੈਸ਼ਨਲ ਡੈਸਕ 30 ਮਾਰਚ। ਭਾਰਤ 'ਚ ਭਾਰ ਘਟਾਉਣ ਲਈ ਵਰਤੀਆਂ ਜਾਣ ਵਾਲੀਆਂ GLP-A ਅਧਾਰਤ ਦਵਾਈਆਂ ਦੇ ਵਧ ਰਹੇ ਦੁਰਉਪਯੋਗ ਨੂੰ ਦੇਖਦਿਆਂ ਕੇਂਦਰੀ ਡਰੱਗਸ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ ਨੇ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ ਇਨ੍ਹਾਂ ਪ੍ਰਿਸਕ੍ਰਿਪਸ਼ਨ ਦਵਾਈਆਂ ਦੀ ਅਣਅਧਿਕਾਰਤ ਵਿਕਰੀ ਅਤੇ ਦੁਰਉਪਯੋਗ ਦੀਆਂ ਸ਼ਿਕਾਇਤਾਂ ਤੋਂ ਬਾਅਦ ਨਿਗਰਾਨੀ ਸਖ਼ਤ ਕਰ ਦਿੱਤੀ ਗਈ ਹੈ। CDSCO ਨੇ ਸਪਲਾਈ ਚੇਨ ਦੇ ਵੱਖ-ਵੱਖ ਹਿੱਸਿਆਂ ਵਿੱਚ ਕੁੱਲ 49 ਸੰਸਥਾਵਾਂ ਦਾ ਨਿਰੀਖਣ ਕੀਤਾ ਹੈ। ਇਹ ਨਿਰੀਖਣ ਆਨਲਾਈਨ ਫਾਰਮੇਸੀਆਂ, ਥੋਕ ਵਿਕਰੇਤਾਵਾਂ, ਪ੍ਰਚੂਨ ਵਿਕਰੇਤਾਵਾਂ ਅਤੇ ਵੈਲਨੈੱਸ ਕਲੀਨਿਕਾਂ ਵਿੱਚ ਕੀਤੇ ਗਏ। ਜਾਂਚ ਦੌਰਾਨ ਅਧਿਕਾਰੀਆਂ ਨੇ ਅਣਅਧਿਕਾਰਤ ਵਿਕਰੀ ਅਤੇ ਨਿਯਮਾਂ ਦੇ ਉਲਟ ਪ੍ਰਚਾਰ ਗਤੀਵਿਧੀਆਂ ਨਾਲ ਸਬੰਧਤ ਕਈ ਬੇਨਿਯਮੀਆਂ ਦੀ ਪਛਾਣ ਕੀਤੀ ਹੈ ਅਤੇ ਸਬੰਧਤ ਸੰਸਥਾਵਾਂ ਨੂੰ ਚੇਤਾਵਨੀ ਨੋਟਿਸ ਜਾਰੀ ਕੀਤੇ ਹਨ। ਸਰੋਤਾਂ ਅਨੁਸਾਰ, ਬਾਜ਼ਾਰ ਵਿੱਚ ਕਈ ਜੈਨਰਿਕ ਵੇਰੀਐਂਟਸ ਆਉਣ ਕਾਰਨ ਇਨ੍ਹਾਂ ਦਵਾਈਆਂ ਦੀ ਉਪਲਬਧਤਾ ਕਾਫ਼ੀ ਵਧ ਗਈ ਹੈ। ਅਧਿਕਾਰੀਆਂ ਨੇ ਨੋਟ ਕੀਤਾ ਹੈ ਕਿ ਕਈ ਥਾਵਾਂ 'ਤੇ ਬਿਨਾਂ ਕਿਸੇ ਡਾਕਟਰੀ ਪਰਚੀ ਦੇ ਇਹ ਦਵਾਈਆਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜੋ ਕਿ ਸਿਹਤ ਲਈ ਬਹੁਤ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ। ਸਿਹਤ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ GLP-A ਅਧਾਰਤ ਦਵਾਈਆਂ ਦੀ ਬਿਨਾਂ ਨਿਗਰਾਨੀ ਦੇ ਵਰਤੋਂ ਕਰਨ ਨਾਲ ਸਰੀਰ 'ਤੇ ਗੰਭੀਰ ਮਾੜੇ ਪ੍ਰਭਾਵ ਪੈ ਸਕਦੇ ਹਨ। ਸਿਹਤ ਮੰਤਰਾਲੇ ਨੇ ਵੀ ਜ਼ੋਰ ਦੇ ਕੇ ਕਿਹਾ ਹੈ ਕਿ ਇਨ੍ਹਾਂ ਦਵਾਈਆਂ ਦੀ ਵਰਤੋਂ ਸਿਰਫ ਯੋਗ ਡਾਕਟਰਾਂ ਦੀ ਦੇਖਰੇਖ ਹੇਠ ਹੀ ਕੀਤੀ ਜਾਣੀ ਚਾਹੀਦੀ ਹੈ। 10




# ਹੁਣ ਸ.ਫਰ ਕਰਨਾ ਹੋ ਜਾਏਗਾ ਮਹਿੰਗਾ ! 1 ਅਪ੍ਰੈਲ ਤੋਂ ਵਧ ਜਾਣਗੀਆਂ ਦਿੱਲੀ-ਮੇਰਠ ਟੋਲ ਦੀਆਂ ਦਰਾਂ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 30 ਮਾਰਚ। ਦਿੱਲੀ ਤੋਂ ਮੇਰਠ ਵਿਚਕਾਰ ਰੋਜ਼ਾਨਾ ਆਉਣ-ਜਾਣ ਵਾਲਿਆਂ ਲਈ ਇਕ ਮਹੱਤਵਪੂਰਨ ਅਤੇ ਥੋੜ੍ਹੀ ਜਿਹੀ ਪਰੇਸ਼ਾਨ ਕਰਨ ਵਾਲੀ ਖ਼ਬਰ ਹੈ। ਜੇਕਰ ਤੁਸੀਂ ਇਸ ਰਸਤੇ ਦੀ ਵਰਤੋਂ ਕਰਦੇ ਹੋ, ਤਾਂ ਹੁਣ ਤੁਹਾਨੂੰ ਆਪਣੀ ਯਾਤਰਾ 'ਤੇ ਜ਼ਿਆਦਾ ਪੈਸੇ ਖ਼ਰਚ ਕਰਨੇ ਪੈਣਗੇ। ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (©819) ਨੇ ਦਿੱਲੀ-ਮੇਰਠ ਐਕਸਪ੍ਰੈਸਵੇਅ ਅਤੇ ©8-9 'ਤੇ ਟੋਲ ਦਰਾਂ ਵਧਾ ਦਿੱਤੀਆਂ ਹਨ। ਇਹ ਨਵੀਆਂ ਦਰਾਂ 1 ਅਪ੍ਰੈਲ ਤੋਂ ਪੂਰੀ ਤਰ੍ਹਾਂ ਲਾਗੂ ਹੋ ਜਾਣਗੀਆਂ, ਜਿਸਦਾ ਸਿੱਧਾ ਅਸਰ ਤੁਹਾਡੀ ਜੇਬ ਅਤੇ ਮਾਸਿਕ ਬਜਟ 'ਤੇ ਪਵੇਗਾ। ਹੁਣ ਤੱਕ ਦਿੱਲੀ ਤੋਂ ਮੇਰਠ ਤੱਕ ਕਾਰਾਂ ਅਤੇ ਜੀਪਾਂ ਵਰਗੇ ਹਲਕੇ ਵਾਹਨਾਂ ਲਈ ਇੱਕ-ਪਾਸੜ ਟੋਲ ?170 ਸੀ, ਜੋ ਹੁਣ ਵਧ ਕੇ ?175 ਹੋ ਜਾਵੇਗਾ। ਜੇਕਰ ਤੁਸੀਂ ਉਸੇ ਦਿਨ ਵਾਪਸ ਆਉਂਦੇ ਹੋ, ਤਾਂ ਤੁਹਾਨੂੰ ਕੁੱਲ 265 ਰੁਪਏ ਦੇਣੇ ਪੈਣਗੇ। ਨਿਯਮਤ ਯਾਤਰੀਆਂ ਲਈ ਮਾਸਿਕ ਪਾਸ ਦੀ ਸਹੂਲਤ ਵੀ ਹੁਣ ਮਹਿੰਗੀ ਹੋ ਗਈ ਹੈ, ਜਿਸ ਲਈ 5,840 ਰੁਪਏ ਦੇਣੇ ਪੈਣਗੇ, ਜਦੋਂ ਕਿ ਫਾਸਟੈਗ ਪਾਸ ਦੀ ਕੀਮਤ ਹੁਣ 3,075 ਰੁਪਏ ਨਿਰਧਾਰਤ ਕੀਤੀ ਗਈ ਹੈ। ਨਾ ਸਿਰਫ਼ ਮੁੱਖ ਐਕਸਪ੍ਰੈਸਵੇਅ 'ਤੇ ਸਗੋਂ ©8-9 'ਤੇ ਛਿਜਰਸੀ ਟੋਲ ਪਲਾਜ਼ਾ 'ਤੇ ਵੀ ਹੁਣ 175 ਰੁਪਏ ਦੀ ਬਜਾਏ 180 ਰੁਪਏ ਦੇਣੇ ਪੈਣਗੇ। ਮੇਰਠ ਅਤੇ ਵੱਖ-ਵੱਖ ਥਾਵਾਂ ਵਿਚਕਾਰ ਕਿਰਾਏ ਵੀ ਬਦਲ ਗਏ ਹਨ। ਉਦਾਹਰਣ ਵਜੋਂ ਮੇਰਠ ਤੋਂ ਇੰਦਰਾਪੁਰਮ ਦੀ ਯਾਤਰਾ ਲਈ ਹੁਣ ਇੱਕ ਪਾਸੇ ?120 ਅਤੇ ਰਾਊਂਡ ਟ੍ਰਿਪ ਲਈ ?180 ਦਾ ਖਰਚਾ ਆਵੇਗਾ। ਇਸੇ ਤਰ੍ਹਾਂ ਹੁਣ ਮੇਰਠ ਤੋਂ ਭੁੰਡਾਹੇੜਾ ਤੱਕ ਦੀ ਛੋਟੀ ਯਾਤਰਾ ਲਈ 95 ਰੁਪਏ, ਡਾਸਨਾ ਲਈ 80 ਰੁਪਏ, ਰਸੂਲਪੁਰ ਸਿਕਰੋਡ ਲਈ 60 ਰੁਪਏ ਅਤੇ ਭੋਜਪੁਰ ਤੱਕ ਦੀ ਛੋਟੀ ਯਾਤਰਾ ਲਈ 25 ਰੁਪਏ ਟੋਲ ਹੋਣਗੇ। ਇਸ ਵਾਧੇ ਨੇ ਨਾ ਸਿਰਫ਼ ਨਿੱਜੀ ਕਾਰ ਮਾਲਕਾਂ ਨੂੰ ਸਗੋਂ ਵਪਾਰਕ ਵਾਹਨਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਮਿੰਨੀ ਬੱਸਾਂ ਅਤੇ ਛੋਟੇ ਮਾਲਵਾਹਕ ਵਾਹਨਾਂ ਨੂੰ ਹੁਣ ਦਿੱਲੀ ਤੋਂ ਮੇਰਠ ਤੱਕ ਇੱਕ ਵਾਰ ਯਾਤਰਾ ਲਈ ?285 ਦਾ ਭੁਗਤਾਨ ਕਰਨਾ ਪਵੇਗਾ। ਵੱਡੀਆਂ ਬੱਸਾਂ ਅਤੇ ਟਰੱਕਾਂ ਲਈ ਇਹ ਰਕਮ ਵਧਾ ਕੇ ?595 (ਇੱਕ ਪਾਸੇ) ਅਤੇ ?890 (ਦੋਵੇਂ ਪਾਸੇ) ਕਰ ਦਿੱਤੀ ਗਈ ਹੈ। ਬਹੁਤ ਵੱਡੇ ਮਲਟੀ-ਐਕਸਲ ਵਾਹਨਾਂ ਲਈ, ਇਹ ਲਾਗਤ 1700 ਰੁਪਏ ਤੱਕ ਜਾ ਸਕਦੀ ਹੈ। ਇਹ ਵਧੀਆਂ ਹੋਈਆਂ ਟੋਲ ਦਰਾਂ ਉਨ੍ਹਾਂ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨਗੀਆਂ ਜੋ ਕੰਮ ਜਾਂ ਕਾਰੋਬਾਰ ਲਈ ਦਿੱਲੀ ਅਤੇ ਮੇਰਠ ਵਿਚਕਾਰ ਰੋਜ਼ਾਨਾ ਯਾਤਰਾ ਕਰਦੇ ਹਨ। ਕੁੱਲ ਮਿਲਾ ਕੇ, 1 ਅਪ੍ਰੈਲ ਤੋਂ, ਇਸ ਰੂਟ 'ਤੇ ਸੁਹਾਵਣਾ ਸਫ਼ਰ ਥੋੜ੍ਹਾ ਮਹਿੰਗਾ ਹੋ ਜਾਵੇਗਾ।



## ਸ਼ਰੋਮਣੀ ਅਕਾਲੀ ਦਲ ਨੇ ਕੀਤੀਆਂ ਨਵੀਆਂ ਨਿਯੁਕਤੀਆਂ

ਚੰਡੀਗੜ੍ਹ 30 ਮਾਰਚ। ਸ਼ਰੋਮਣੀ ਅਕਾਲੀ ਦਲ ਦੇ ਐੱਸ. ਓ. ਆਈ. ਵਿੰਗ ਦੇ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਨੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸਲਾਹ ਮਸ਼ਵਰਾ ਕਰ ਕੇ ਐੱਸ. ਓ. ਆਈ. ਦੇ ਜਥੇਬੰਦਕ ਢਾਂਚੇ ਦਾ ਵਿਸਥਾਰ ਕਰ ਦਿੱਤਾ। ਐੱਸ. ਓ. ਆਈ. ਦਾ ਕੁੜੀਆਂ ਦਾ ਵਿੰਗ ਸਥਾਪਤ ਕਰ ਕੇ ਮਾਲਵਾ ਜ਼ੋਨ-1 ਦੀ ਪ੍ਰਧਾਨ ਤੇ ਐੱਸ. ਓ. ਆਈ. ਦੇ 8 ਜ਼ਿਲਾ ਪ੍ਰਧਾਨਾਂ ਦਾ ਐਲਾਨ ਵੀ ਕਰ ਦਿੱਤਾ। ਧਰਮਵੀਰ ਕੌਰ ਨੂੰ ਐੱਸ. ਓ. ਆਈ. ਦੇ ਕੁੜੀਆਂ ਦੇ ਵਿੰਗ ਦੇ ਮਾਲਵਾ ਜ਼ੋਨ-1 ਦੀ ਪਹਿਲੀ ਪ੍ਰਧਾਨ ਬਣਾਇਆ ਗਿਆ ਹੈ। ਇਸੇ ਤਰ੍ਹਾਂ ਰਮਨਦੀਪ ਸਿੰਘ ਭੁੱਲਰ ਨੂੰ ਮਾਲਵਾ ਜ਼ੋਨ-1 ਦਾ ਜਨਰਲ ਸਕੱਤਰ ਬਣਾਇਆ ਗਿਆ ਹੈ। ਜਿਨ੍ਹਾਂ ਨੌਜਵਾਨਾਂ ਨੂੰ ਜ਼ਿਲਾ ਵਾਰ ਐੱਸ. ਓ. ਆਈ. ਦਾ ਪ੍ਰਧਾਨ ਬਣਾਇਆ ਗਿਆ ਹੈ